



Twenty-Fifth Year of Publication
ਨਿਊਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 42; October 18, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਪੰਜਾਬ ਵਿਚ ਖਰਾਬੇ ਦਾ ਪ੍ਰਤੀ ਏਕੜ ਮਿਲੇਗਾ 20,000 ਰੁਪਏ ਮੁਆਵਜ਼ਾ

## ਪੰਜਾਬ ਸਰਕਾਰ ਨੇ ਲਏ ਅਹਿਮ ਫ਼ੈਸਲੇ

**ਚੰਡੀਗੜ੍ਹ:** ਇਕ ਇਤਿਹਾਸਕ ਫੈਸਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਕਿਸਾਨਾਂ ਲਈ ਫਸਲਾਂ ਦੇ ਖਰਾਬੇ ਦੀ ਮੁਆਵਜ਼ਾ ਰਾਸ਼ੀ ਵਧਾ ਕੇ 20,000 ਰੁਪਏ ਪ੍ਰਤੀ ਏਕੜ ਤੱਕ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਾਰੇ ਫੈਸਲਾ ਇੱਥੇ ਮੁੱਖ ਮੰਤਰੀ ਦਫ਼ਤਰ ਵਿਖੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਕੁਦਰਤੀ ਆਫਤਾਂ ਕਾਰਨ ਖਰਾਬ ਹੋਈਆਂ ਫਸਲਾਂ ਅਤੇ ਘਰਾਂ ਦੇ ਨੁਕਸਾਨ ਲਈ ਪੀੜਤ ਲੋਕਾਂ ਨੂੰ ਢੁਕਵੀਂ ਰਾਹਤ ਦੇਣ ਲਈ ਮੰਤਰੀ ਮੰਡਲ ਨੇ ਨੁਕਸਾਨ ਦੀ ਭਰਪਾਈ ਲਈ ਸੂਬੇ ਦੇ ਬਜਟ ਵਿੱਚੋਂ ਮੁਆਵਜ਼ਾ ਦੇਣ ਵਾਸਤੇ ਰਾਹਤ ਰਾਸ਼ੀ ਦੀਆਂ ਸੋਧੀਆਂ ਹੋਈਆਂ ਦਰਾਂ ਨੂੰ ਕਾਰਜ-ਬਾਅਦ ਮਨਜ਼ੂਰੀ ਦੇ ਦਿੱਤੀ ਹੈ। ਸੂਬੇ ਨੂੰ ਇਸ ਸਾਲ ਭਿਆਨਕ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਕਰਕੇ ਰਾਹਤ ਰਾਸ਼ੀ ਵਿੱਚਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਫੈਸਲੇ ਤਹਿਤ ਫਸਲਾਂ ਦੇ 26 ਤੋਂ 75 ਫੀਸਦੀ ਤੱਕ ਨੁਕਸਾਨ ਲਈ 10,000 ਰੁਪਏ ਪ੍ਰਤੀ ਏਕੜ ਅਤੇ 76-100 ਫੀਸਦੀ ਤੱਕ ਨੁਕਸਾਨ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲੇਗਾ। ਇਸ ਤੋਂ ਇਲਾਵਾ ਘਰਾਂ ਨੂੰ ਅੰਸ਼ਕ ਤੌਰ ਉਤੇ ਹੋਏ ਨੁਕਸਾਨ ਲਈ ਪ੍ਰਤੀ ਘਰ 40,000 ਰੁਪਏ ਦਿੱਤੇ ਜਾਣਗੇ ਜਦਕਿ ਪਹਿਲਾਂ ਇਹ ਰਾਸ਼ੀ ਸਿਰਫ 6500 ਰੁਪਏ ਪ੍ਰਤੀ ਏਕੜ ਸੀ। ਭਾਰਤ ਸਰਕਾਰ ਵੱਲੋਂ ਐਸ.ਡੀ.ਆਰ.ਐਫ. ਵਿੱਚੋਂ ਦਿੱਤੀ ਜਾਣ ਵਾਲੀ ਰਾਸ਼ੀ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ, ਇਸ ਕਰਕੇ ਮੁਆਵਜ਼ੇ ਦੀ ਵਾਧੂ ਰਾਸ਼ੀ ਸੂਬਾ ਸਰਕਾਰ ਵੱਲੋਂ ਆਪਣੇ ਖਜ਼ਾਨੇ ਵਿੱਚੋਂ ਅਦਾ ਕੀਤੀ ਜਾਵੇਗੀ।



### ਪਲਾਟਾਂ ਦੀ ਰਾਖਵੀਂ ਕੀਮਤ ਲਈ ਨੀਤੀ ਵਿਚ ਸੋਧ ਨੂੰ ਪ੍ਰਵਾਨਗੀ

ਵਿਕਾਸ ਅਥਾਰਟੀਆਂ ਦੀਆਂ ਵੱਖ-ਵੱਖ ਥਾਵਾਂ ਦੀ ਰਾਖਵੀਂ ਕੀਮਤ ਨਿਰਧਾਰਤ ਕਰਨ ਦੀ ਪ੍ਰਕਿਰਿਆ ਨੂੰ ਸਰਲ ਅਤੇ ਸੁਖਾਲਾ ਬਣਾਉਣ ਲਈ ਮੰਤਰੀ ਮੰਡਲ ਨੇ ਪਲਾਟਾਂ ਦੀ ਰਾਖਵੀਂ ਕੀਮਤ ਤੈਅ ਕਰਨ ਲਈ ਨੀਤੀ ਵਿੱਚ ਸੋਧ ਨੂੰ ਵੀ ਸਹਿਮਤੀ ਦੇ ਦਿੱਤੀ। ਪ੍ਰਚਲਿਤ ਈ-ਨਿਲਾਮੀ ਨੀਤੀ ਵਿੱਚ ਸੋਧ ਦੇ ਅਨੁਸਾਰ ਸਾਈਟ ਦੀ ਰਾਖਵੀਂ ਕੀਮਤ ਕੌਮੀ ਬੈਂਕਾਂ ਵਿੱਚ ਸੂਚੀਬੱਧ ਤਿੰਨ ਸੁਤੰਤਰ ਮੁੱਲਕਾਰਾਂ (ਵੈਲੂਅਰਜ਼) ਦੇ ਮੁਲਾਂਕਣ ਦੇ ਅਨੁਸਾਰ ਨਿਰਧਾਰਤ ਕੀਤੀ ਜਾਵੇਗੀ।

### ਸਹਿਕਾਰੀ ਸੁਸਾਇਟੀਆਂ ਨੂੰ ਫਲੈਟਾਂ ਲਈ ਮਿਲੇਗੀ ਸਸਤੀ ਜ਼ਮੀਨ

ਸਹਿਕਾਰੀ ਹਾਊਸਿੰਗ ਸੁਸਾਇਟੀਆਂ ਬਹੁਮੰਜ਼ਿਲਾ ਫਲੈਟਾਂ ਦਾ ਨਿਰਮਾਣ ਕਰ ਸਕਣਗੀਆਂ। ਮੰਤਰੀ ਮੰਡਲ ਨੇ ਸਹਿਕਾਰੀ ਹਾਊਸਿੰਗ ਸੁਸਾਇਟੀਆਂ ਨੂੰ ਬਹੁਮੰਜ਼ਿਲਾ ਫਲੈਟ ਬਣਾਉਣ ਦੀ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਤੋਂ ਇਲਾਵਾ ਮੰਤਰੀ ਮੰਡਲ 'ਚ ਹੋਰ ਕਈ ਫ਼ੈਸਲਿਆਂ 'ਤੇ ਵੀ ਮੋਹਰ ਲਗਾਈ ਗਈ।

ਕੈਬਨਿਟ ਦੀ ਬੈਠਕ 'ਚ ਲਏ ਗਏ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਗਰੁੱਪ ਹਾਊਸਿੰਗ ਸਕੀਮ ਤਹਿਤ ਬਹੁ-ਮੰਜ਼ਿਲਾ ਫਲੈਟਾਂ ਦੀ ਉਸਾਰੀ ਲਈ ਸਹਿਕਾਰੀ ਸੁਸਾਇਟੀਆਂ ਨੂੰ ਜਗ੍ਹਾ ਅਲਾਟ ਕਰਨ ਦੀ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸਹਿਕਾਰੀ ਮਕਾਨ ਉਸਾਰੀ ਸੁਸਾਇਟੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਫੀਸ (ਅਦਾਇਗੀ) ਜਮ੍ਹਾਂ ਕਰਵਾਉਣੀ ਪਵੇਗੀ। *(ਬਾਕੀ ਸਫ਼ਾ 6 'ਤੇ)*

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ 3 ਨਵੰਬਰ ਨੂੰ

## ਗੋਬਿੰਦ ਸਿੰਘ ਲੌਂਗੋਵਾਲ ਦੇ ਸਕਦੇ ਹਨ ਧਾਮੀ ਨੂੰ ਟੱਕਰ



*ਗੋਬਿੰਦ ਸਿੰਘ ਲੌਂਗੋਵਾਲ*



*ਹਰਜਿੰਦਰ ਸਿੰਘ ਧਾਮੀ*

**ਅੰਮ੍ਰਿਤਸਰ:** 3 ਨਵੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ ਹੋਵੇਗਾ ਜਿਸ ਵਿੱਚ ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤਰਿਮ ਕਮੇਟੀ ਦੇ 11 ਮੈਂਬਰਾਂ ਦੀ ਵੀ ਚੋਣ ਹੋਵੇਗੀ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਇਸ ਦਾ ਐਲਾਨ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਦੱਸਿਆ ਕਿ 3 ਨਵੰਬਰ ਨੂੰ ਜਨਰਲ ਇਜਲਾਸ ਸੱਦਿਆ ਗਿਆ ਹੈ, ਜਿਸ ਵਿਚ ਪ੍ਰਧਾਨ ਦੀ ਚੋਣ ਦੇ ਨਾਲ-ਨਾਲ ਹੋਰ ਵੀ ਮੁੱਦਿਆਂ 'ਤੇ ਵੱਡੇ ਫ਼ੈਸਲੇ ਲਏ ਜਾ ਸਕਦੇ ਹਨ।

ਇਸ ਦੇ ਨਾਲ ਹੀ ਇਹ ਅਟਕਲਾਂ ਵੀ ਤੇਜ਼ ਹੋ ਗਈਆਂ ਹਨ ਕਿ ਹਰਜਿੰਦਰ ਸਿੰਘ ਧਾਮੀ ਦੇ ਮੁਕਾਬਲੇ ਨਵੇਂ ਬਣੇ ਅਕਾਲੀ ਦਲ ਦੇ ਆਗੂ ਗੋਬਿੰਦ ਸਿੰਘ ਲੌਂਗੋਵਾਲ ਨੂੰ ਚੋਣ ਲੜਾਈ ਜਾਵੇ। ਲੌਂਗੋਵਾਲ ਪਹਿਲਾਂ ਵੀ ਦੋ ਵਾਰ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁਕੇ ਹਨ। ਇਹ ਲੜਾਈ ਕਾਫੀ ਦਿਲਚਸਪ ਹੋ ਸਕਦੀ ਹੈ। ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੀਆਂ ਵਧੀਆਂ ਹੋਈਆਂ ਸਰਗਰਮੀਆਂ ਅਜੇਹੇ ਸੰਕੇਤ ਦੇ ਰਹੀਆਂ ਹਨ ਕਿ ਸੁਖਬੀਰ ਸਿੰਘ ਬਾਦਲ ਵਾਲੇ ਅਕਾਲੀ ਦਲ ਲਈ ਆਉਣ ਵਾਲਾ ਸਮਾਂ ਬੇਹੱਦ ਮੁਸ਼ਕਿਲ ਹੋ ਸਕਦਾ ਹੈ। *(ਬਾਕੀ ਸਫ਼ਾ 6 'ਤੇ)*






# ਸਾਕਾ ਨੀਲਾ ਤਾਰਾ ਬਾਰੇ ਚਿਦੰਬਰਮ ਦੇ ਬਿਆਨ ਨਾਲ ਛਿੜਿਆ ਵਿਵਾਦ

**ਨਵੀਂ ਦਿੱਲੀ:**ਕਾਂਗਰਸ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਪੀ ਚਿਦੰਬਰਮ ਨੇ ਕਿਹਾ ਹੈ ਕਿ ਜੂਨ, 1984 'ਚ ਚਲਾਇਆ ਗਿਆ ਆਪ੍ਰੇਸ਼ਨ ਬਲਿਊ ਸਟਾਰ (ਸਾਕਾ ਨੀਲਾ ਤਾਰਾ) ਇਕ ਵੱਡੀ ਭੁੱਲ ਸੀ ਤੇ ਇਸ ਗ਼ਲਤੀ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਪਣੀ ਜਾਨ ਗੁਆ ਕੇ ਉਸ ਦੀ ਵੱਡੀ ਕੀਮਤ ਚੁਕਾਉਣੀ ਪਈ। ਚਿਦੰਬਰਮ ਦੇ ਇਸ ਬਿਆਨ ਨੂੰ ਲੈ ਕੇ ਭਾਜਪਾ, ਕਾਂਗਰਸ 'ਤੇ ਹਮਲਾਵਰ ਹੈ। ਪਾਰਟੀ ਨੇ ਕਿਹਾ ਕਿ ਇਤਿਹਾਸ 'ਚ ਹੁਣ ਇਹ ਸੱਚ ਦਰਜ ਕਰਨਾ ਪਵੇਗਾ ਕਿ ਇਹ ਆਪ੍ਰੇਸ਼ਨ ਰਾਸ਼ਟਰੀ ਜ਼ਰੂਰਤ ਨਹੀਂ, ਬਲਕਿ ਇੰਦਰਾ ਗਾਂਧੀ ਦੀ ਸਿਆਸੀ ਹਿਮਾਕਤ ਸੀ। ਭਾਜਪਾ ਨੇ ਸਵਾਲ ਕੀਤਾ ਕਿ ਕੀ ਕਾਂਗਰਸ ਹੁਣ ਸੱਚ ਬੋਲਣ ਤੇ ਝੂਠ ਨੂੰ ਜ਼ਾਹਰ ਕਰਨ ਲਈ ਚਿਦੰਬਰਮ ਖ਼ਿਲਾਫ਼

> **ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸਾਬਕਾ ਗ੍ਰਹਿ ਅਤੇ ਵਿੱਤ ਮੰਤਰੀ ਦੀ ਟਿੱਪਣੀ 'ਤੇ 'ਐਕਸ' ਪੋਸਟ 'ਚ ਕਿਹਾ 'ਚਿਦੰਬਰਮ ਜੀ ਨੇ ਕਾਂਗਰਸ ਦੀਆਂ ਗ਼ਲਤੀਆਂ ਨੂੰ ਬਹੁਤ ਦੇਰ ਨਾਲ ਸਵੀਕਾਰ ਕੀਤਾ ਹੈ।'**

ਕਾਰਵਾਈ ਕਰੇਗੀ? ਉਥੇ, ਕਾਂਗਰਸੀ ਲੀਡਰਸ਼ਿਪ ਨੇ ਚਿਦੰਬਰਮ ਦੇ ਬਿਆਨ 'ਤੇ ਡੂੰਘੀ ਨਾਰਾਜ਼ਗੀ ਜ਼ਾਹਰ ਕੀਤੀ ਹੈ ਤੇ ਉਸ ਦਾ ਮੰਨਣਾ ਹੈ ਕਿ ਸੀਨੀਅਰ ਆਗੂਆਂ ਨੂੰ ਜਨਤਕ ਬਿਆਨ ਦੇਣ ਤੋਂ ਪਹਿਲਾਂ ਸਾਵਧਾਨੀ ਵਰਤਣੀ ਚਾਹੀਦੀ ਹੈ।

ਹਿਮਾਚਲ ਪ੍ਰਦੇਸ਼ ਦੇ ਕਸੌਲੀ 'ਚ ਖ਼ੁਸ਼ਵੰਤ ਸਿੰਘ ਸਾਹਿਤ ਸਮਾਗਮ 'ਚ ਚਿਦੰਬਰਮ ਨੇ ਪੱਤਰਕਾਰ ਅਤੇ ਲੇਖਿਕਾ ਹਰਿੰਦਰ ਬਾਵੇਜਾ ਨਾਲ ਉਨ੍ਹਾਂ ਦੀ ਕਿਤਾਬ 'ਦੇ ਵਿਲ ਸ਼ੂਟ ਯੂ ਲਇਸ ਗਏ ਮੈਡਮ ਮਾਈ ਲਾਈਫ ਥਰੂ ਕਾਨ ਫ਼ਿਕਟ 'ਤੇ ਗੱਲਬਾਤ ਦੌਰਾਨ ਕਿਹਾ, "ਸਾਰੇ ਕੱਟੜਪੰਥੀਆਂ ਨੂੰ ਵਾਪਸ ਲਿਆਉਣ ਤੇ ਫੜਨ ਦਾ ਇਕ ਤਰੀਕਾ ਸੀ, ਪਰ ਆਪ੍ਰੇਸ਼ਨ ਬਲਿਊ ਸਟਾਰ ਗਲਤ ਤਰੀਕਾ ਸੀ। ਮੈਂ ਮੰਨਦਾ ਹਾਂ ਕਿ ਇੰਦਰਾ ਗਾਂਧੀ ਨੂੰ ਇਸ ਗ਼ਲਤੀ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪਈ ਪਰ ਇਹ ਗ਼ਲਤੀ ਫ਼ੌਜ, ਖ਼ੁਫ਼ੀਆ ਵਿਭਾਗ, ਪੁਲਿਸ ਤੇ ਨਾਗਰਿਕ ਸੁਰੱਖਿਆ ਏਜੰਸੀਆਂ ਦਾ ਸਾਂਝਾ ਫ਼ੈਸਲਾ ਸੀ ਤੇ ਇਸ ਲਈ ਪੂਰੀ ਤਰ੍ਹਾਂ ਇੰਦਰਾ ਗਾਂਧੀ ਨੂੰ ਦੋਸ਼ ਨਹੀਂ ਦੇ ਸਕਦੇ।" ਉਨ੍ਹਾਂ ਨੇ ਕਿਹਾ ਕਿ ਮੈਂ ਕਿਸੇ ਫ਼ੌਜੀ ਅਧਿਕਾਰੀ ਦਾ ਨਿਰਾਦਰ ਨਹੀਂ ਕਰ ਰਿਹਾ, ਪਰ ਉਹ (ਬਲਿਊ ਸਟਾਰ) ਗੋਲਡਨ ਟੈਂਪਲ ਨੂੰ ਦੁਬਾਰਾ ਹਾਸਲ ਕਰਨ ਦਾ ਗ਼ਲਤ ਤਰੀਕਾ ਸੀ। ਕੁਝ ਸਾਲ ਬਾਅਦ ਅਸੀਂ ਫ਼ੌਜ ਨੂੰ ਬਾਹਰ ਰੱਖ ਕੇ ਗੋਲਡਨ ਟੈਂਪਲ ਨੂੰ ਦੁਬਾਰਾ ਹਾਸਲ ਕਰਨ ਦਾ ਸਹੀ ਤਰੀਕਾ ਪ੍ਰਦਰਸ਼ਿਤ ਕੀਤਾ।"



ਜ਼ਿਕਰਯੋਗ ਹੈ ਕਿ ਆਪ੍ਰੇਸ਼ਨ ਬਲਿਊ ਸਟਾਰ ਇਕ ਜੂਨ ਤੋਂ 10 ਜੂਨ,1984 ਵਿਚਾਲੇ ਦਮਦਮੀ ਟਕਸਾਲ ਦੇ ਆਗੂ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਉਸ ਦੇ ਸਾਥੀ ਕੱਟੜਪੰਥੀਆਂ ਨੂੰ ਅੰਮ੍ਰਿਤਸਰ ਦੇ ਗੋਲਡਨ ਟੈਂਪਲ ਤੋਂ ਬਾਹਰ ਕੱਢਣ ਲਈ ਚਲਾਈ ਗਈ ਫ਼ੌਜੀ ਮੁਹਿੰਮ ਸੀ। ਬਾਅਦ 'ਚ 31 ਅਕਤੂਬਰ, 1984 ਨੂੰ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਬਾਡੀਗਾਰਡਾਂ ਨੇ ਉਨ੍ਹਾਂ ਦੀ ਰਿਹਾਇਸ਼ 'ਤੇ ਹੱਤਿਆ ਕਰ ਦਿੱਤੀ ਸੀ। ਚਿਦੰਬਰਮ ਦੇ ਬਿਆਨ 'ਤੇ ਕਾਂਗਰਸੀ ਸੂਤਰਾਂ ਨੇ ਦੱਸਿਆ ਕਿ ਪਾਰਟੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਸੀਨੀਅਰ ਆਗੂਆਂ, ਜਿਨ੍ਹਾਂ ਨੂੰ ਕਾਂਗਰਸ ਤੋਂ ਸਭ ਕੁਝ ਮਿਲਿਆ ਹੈ, ਨੂੰ ਬਿਆਨ ਦੇਣ 'ਚ ਵੱਧ ਸਾਵਧਾਨੀ ਵਰਤਣੀ ਚਾਹੀਦੀ ਹੈ ਜੋ ਪਾਰਟੀ ਲਈ ਸ਼ਰਮਿੰਦਗੀ ਪੈਦਾ ਕਰਦੇ ਹਨ ਤੇ ਇਹ ਆਦਤ ਨਹੀਂ ਬਣਨੀ ਚਾਹੀਦੀ। ਉਨ੍ਹਾਂ ਨੇ ਕਿਹਾ ਕਿ ਸੀਨੀਅਰ ਆਗੂਆਂ ਦੇ ਵਾਰ-ਵਾਰ ਦਿੱਤੇ ਗਏ ਬਿਆਨ ਪਾਰਟੀ ਲਈ ਮੁਸ਼ਕਲਾਂ ਪੈਦਾ ਕਰਦੇ ਹਨ, ਜੋ ਸਹੀ ਨਹੀਂ ਹੈ। ਸੂਤਰਾਂ ਨੇ ਕਿਹਾ ਕਿ ਇਸ ਨਾਲ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਬਹੁਤ ਪਰੇਸ਼ਾਨ ਤੇ ਪੂਰੀ ਪਾਰਟੀ ਬਹੁਤ ਨਿਰਾਸ਼ ਹੈ। ਪਾਰਟੀ ਦੇ ਸਾਰੇ ਵਰਕਰ ਇਸ ਗੱਲ ਤੋਂ ਪਰੇਸ਼ਾਨ ਹਨ ਕਿ ਅਜਿਹਾ ਵਾਰ-ਵਾਰ ਕਿਉਂ ਹੋ ਰਿਹਾ ਹੈ।

ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸਾਬਕਾ ਗ੍ਰਹਿ ਅਤੇ ਵਿੱਤ ਮੰਤਰੀ ਦੀ ਟਿੱਪਣੀ 'ਤੇ 'ਐਕਸ' ਪੋਸਟ 'ਚ ਕਿਹਾ 'ਚਿਦੰਬਰਮ ਜੀ ਨੇ ਕਾਂਗਰਸ ਦੀਆਂ ਗ਼ਲਤੀਆਂ ਨੂੰ ਬਹੁਤ ਦੇਰ ਨਾਲ ਸਵੀਕਾਰ ਕੀਤਾ ਹੈ।' ਰਿਜਿਜੂ ਨੇ ਕਿਹਾ, 'ਪਹਿਲਾਂ ਉਨ੍ਹਾਂ ਨੇ (ਚਿਦੰਬਰਮ) ਉਜਾਗਰ ਕੀਤਾ ਸੀ ਕਿ ਅਮਰੀਕਾ ਤੇ ਵਿਦੇਸ਼ੀ ਤਾਕਤਾਂ ਦੇ ਭਾਰੀ ਦਬਾਅ ਕਾਰਨ ਭਾਰਤ ਮੁੰਬਈ 'ਚ ਹੋਏ ਅੱਤਵਾਦੀ ਹਮਲਿਆਂ ਦਾ ਜਵਾਬ ਨਹੀਂ ਦੇ ਸਕਿਆ ਸੀ, ਹੁਣ ਉਹ ਸਵੀਕਾਰ ਕਰ ਰਹੇ ਹਨ ਕਿ ਗੋਲਡਨ ਟੈਂਪਲ 'ਚ ਆਪ੍ਰੇਸ਼ਨ ਬਲਿਊ ਸਟਾਰ ਵੀ ਇਕ ਗ਼ਲਤੀ ਸੀ।' ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰਪੀ ਸਿੰਘ ਨੇ ਕਿਹਾ ਕਿ ਇਕ ਰਾਸ਼ਟਰਵਾਦੀ ਹੋਣ ਵਜੋਂ, ਮੇਰਾ ਪੱਕਾ ਵਿਸ਼ਵਾਸ ਹੈ ਕਿ ਆਪ੍ਰੇਸ਼ਨ ਬਲਿਊ ਸਟਾਰ ਨੂੰ ਪੂਰੀ ਤਰ੍ਹਾਂ ਨਾਲ ਟਾਲਿਆ ਜਾ ਸਕਦਾ ਸੀ ਤੇ ਚਿਦੰਬਰਮ ਨੇ ਸਹੀ ਕਿਹਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਇੰਦਰਾ ਗਾਂਧੀ ਨੇ ਸਿਆਸੀ ਕਾਰਨਾਂ ਤੇ ਚੋਣ ਲਾਭ ਲਈ 1984 ਦੀਆਂ ਸੰਸਦੀ ਚੋਣਾਂ ਤੋਂ ਪਹਿਲਾਂ ਸਭ ਤੋਂ ਦੇਸ਼ ਭਗਤ ਭਾਈਚਾਰੇ, ਸਿੱਖਾਂ ਨੂੰ ਰਾਸ਼ਟਰ-ਵਿਰੋਧੀ ਦੱਸ ਕੇ ਰਾਸ਼ਟਰਵਾਦੀ ਭਾਵਨਾ ਭੜਕਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਹ ਆਪਣੇ ਹੀ ਸਿਆਸੀ ਜਾਲ 'ਚ ਫਸ ਗਈ ਤੇ ਆਖ਼ਰ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਇਸ ਦੀ ਕੀਮਤ ਚੁਕਾਉਣੀ ਪਈ।


ਸਿੰਘ ਨੇ ਕਿਹਾ, 'ਪਰ ਅਸਲੀ ਤ੍ਰਾਸਦੀ ਮੇਰੇ ਭਾਈਚਾਰੇ ਨੂੰ ਸਹਿਣੀ ਪਈ। ਦਿੱਲੀ 'ਚ 3000 ਤੋਂ ਵੱਧ ਸਿੱਖਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ ਤੇ ਪੂਰੇ ਪੰਜਾਬ 'ਚ 30000 ਤੋਂ ਵੱਧ ਲੋਕ ਮਾਰੇ ਗਏ, ਜੋ ਇਕ ਸੋਚੀ-ਸਮਝੀ ਸਿਆਸੀ ਸਾਜ਼ਿਸ਼ ਦਾ ਸ਼ਿਕਾਰ ਹੋਏ ਤੇ ਜਿਸ ਨੇ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿੱਤਾ।" ਭਾਜਪਾ ਬੁਲਾਰੇ ਨੇ ਕਿਹਾ ਕਿ ਆਪ੍ਰੇਸ਼ਨ ਬਲੈਕ ਥੰਡਰ ਇਕ ਵੱਧ ਰਣਨੀਤਕ ਤਰੀਕਾ ਸੀ, ਜਿਸ 'ਚ ਗੋਲਡਨ ਟੈਂਪਲ ਦੀ ਬਿਜਲੀ ਤੇ ਪਾਣੀ ਦੀ ਸਪਲਾਈ ਕੱਟ ਦਿੱਤੀ ਗਈ ਤੇ ਕੱਟੜਪੰਥੀਆਂ ਨੂੰ ਆਤਮ-ਸਮਰਪਣ ਕਰਨ ਲਈ ਮਜਬੂਰ ਕੀਤਾ ਗਿਆ ਸੀ। ਇਸ ਨਾਲ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਦੀ ਪਵਿੱਤਰਤਾ ਨੂੰ ਨਸ਼ਟ ਕੀਤੇ ਬਿਨਾਂ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਸੀ। ਭਾਜਪਾ ਆਈਟੀ ਵਿਭਾਗ ਦੇ ਮੁਖੀ ਅਮਿਤ ਮਾਲਵੀਆ ਨੇ ਕਿਹਾ ਕਿ ਕਾਂਗਰਸ, ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੂੰ ਸ਼ਹੀਦ ਦੱਸਣ ਦਾ ਕੋਈ ਮੌਕਾ ਨਹੀਂ ਛੱਡਦੀ। ਪਰ ਚਿਦੰਬਰਮ ਨੇ ਇਹ ਮਿੱਥ ਤੋੜ ਦਿੱਤੀ ਹੈ। ਇਸੇ ਤਰਕ ਨਾਲ ਰਾਜੀਵ ਗਾਂਧੀ ਦੀ ਹੱਤਿਆ ਵੀ ਗੁਆਂਢੀ ਦੇਸ਼ 'ਚ ਸਥਿਤੀ ਨਾਲ ਨਜਿੱਠਣ 'ਚ ਉਨ੍ਹਾਂ ਦੀਆਂ ਨਾਕਾਮ ਕੋਸ਼ਿਸ਼ਾਂ ਦਾ ਨਤੀਜਾ ਸੀ।

## ਆਪ੍ਰੇਸ਼ਨ ਬਲਿਊ ਸਟਾਰ ਫ਼ੌਜ ਦੇ ਸੀਨੀਅਰ ਅਫ਼ਸਰਾਂ ਦੀ ਨਾਸਮਝੀ ਸੀ

**ਸੋਲਨ:**ਸਾਬਕਾ ਕੇਂਦਰੀ ਮੰਤਰੀ ਮਣੀਸ਼ੰਕਰ ਅਈਅਰ ਨੇ ਦਾਅਵਾ ਕੀਤਾ ਹੈ ਕਿ ਆਪ੍ਰੇਸ਼ਨ ਬਲਿਊ ਸਟਾਰ ਫ਼ੌਜ ਦੇ ਸਭ ਤੋਂ ਸੀਨੀਅਰ ਅਧਿਕਾਰੀਆਂ ਦੀ ਨਾਸਮਝੀ ਸੀ। ਪੰਜਾਬ 'ਚ ਸ਼ਾਂਤੀ ਸਥਾਪਿਤ ਕਰਨ 'ਚ ਵੀ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਭੂਮਿਕਾ ਨਿਭਾਈ। ਲੌਂਗੋਵਾਲ ਸਮਝੌਤਾ ਵੀ ਇਸੇ ਨੀਤੀ ਦਾ ਹਿੱਸਾ ਸੀ। ਕਸੌਲੀ 'ਚ ਖ਼ੁਸ਼ਵੰਤ ਸਿੰਘ ਲਿਟਫੈਸਟ ਦੇ ਆਖ਼ਰੀ ਦਿਨ ਦੇ ਪਹਿਲੇ ਸੈਸ਼ਨ 'ਚ ਮਣੀਸ਼ੰਕਰ ਅਈਅਰ ਨੇ ਵਾਰਤਾਕਾਰ ਜਵਾਹਰ ਸਰਕਾਰ ਦੇ ਨਾਲ ਭਾਰਤ ਦੇ ਭਵਿੱਖ ਲਈ ਰਾਜੀਵ ਗਾਂਧੀ ਦੀ ਵਿਰਾਸਤ ਦਾ ਪੁਨਰਮੁਲਾਂਕਣ ਵਿਸ਼ੇ 'ਤੇ ਆਪਣੀ ਕਿਤਾਬ 'ਦ ਰਾਜੀਵ ਆਈ ਨਿਊ''ਤੇ ਚਰਚਾ ਕਰਦੇ ਹੋਏ ਇਹ ਦਾਅਵਾ ਕੀਤਾ। ਇਕ ਦਿਨ ਪਹਿਲਾਂ ਸਾਬਕਾ ਗ੍ਰਿਹ ਮੰਤਰੀ ਪੀ ਚਿਦੰਬਰਮ ਨੇ ਕਿਹਾ ਸੀ ਕਿ ਆਪ੍ਰੇਸ਼ਨ ਬਲਿਊ ਸਟਾਰ ਲਈ ਸਿਰਫ਼ ਇੰਦਰਾ ਗਾਂਧੀ ਨੂੰ ਦੋਸ਼ੀ ਕਹਿਣਾ ਸਹੀ ਨਹੀਂ ਹੈ, ਕਿਉਂਕਿ ਉਸ ਕਾਰਵਾਈ 'ਚ ਫ਼ੌਜ, ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਸ਼ਾਮਲ ਸਨ। ਉਨ੍ਹਾਂ ਨੇ ਕਿਹਾ ਕਿ ਰਾਜੀਵ ਗਾਂਧੀ ਦੂਰਦਰਸ਼ੀ ਤੇ ਭਾਰਤ ਦੇ ਇਤਿਹਾਸਕ ਮਹੱਤਵ ਨੂੰ ਤਰਜੀਹ ਦੇਣ ਵਾਲੇ ਪ੍ਰਧਾਨ ਮੰਤਰੀ ਰਹੇ ਹਨ। ਸ੍ਰੀਲੰਕਾ 'ਚ ਸ਼ਾਂਤੀ ਸੈਨਾ ਭੇਜਣ ਦਾ ਉਨ੍ਹਾਂ ਦਾ ਫ਼ੈਸਲਾ ਸਹੀ ਸੀ। ਇਸ ਸੈਸ਼ਨ 'ਚ ਆਪ੍ਰੇਸ਼ਨ ਬਲਿਊ ਸਟਾਰ, ਐੱਲਟੀਟੀ ਤੇ ਕਸ਼ਮੀਰੀ ਪੰਡਿਤਾਂ ਦੇ ਮੁੱਦੇ 'ਤੇ ਵੀ ਗੱਲਬਾਤ ਹੋਈ। ਤਮਿਲ ਸਮੱਸਿਆ 'ਚ ਵੀ ਉਨ੍ਹਾਂ ਨੇ ਸਕਾਰਾਤਮਕ ਭੂਮਿਕਾ ਨਿਭਾਈ। ਉਨ੍ਹਾਂ ਨੇ ਕਿਹਾ ਕਿ ਰਾਜੀਵ ਗਾਂਧੀ ਦੇਸ਼ ਦੇ ਇਤਿਹਾਸਕ ਮਹੱਤਵ ਨੂੰ ਸਮਝਦੇ ਸਨ। ਇਸ ਲਈ ਪ੍ਰਧਾਨ ਮੰਤਰੀ ਹੁੰਦਿਆਂ ਰਾਮਾਇਣ ਤੇ ਮਹਾਭਾਰਤ ਨੂੰ ਦੂਰਦਰਸ਼ਨ 'ਤੇ ਦਿਖਾਇਆ, ਜਿਸ ਨਾਲ ਘਰ-ਘਰ 'ਚ ਰਾਮਾਇਣ ਦੇਖੀ ਗਈ। ਰਾਮ ਮੰਦਿਰ ਦੇ ਨੀਂਹ ਪੱਥਰ ਸਮੇਤ ਹੋਰ ਮੁੱਦਿਆਂ 'ਤੇ ਵੀ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਇੰਡੀ ਗੱਠਜੋੜ ਜੇ ਇਕਜੁਟ ਹੋ ਕੇ ਚੋਣ ਲੜੇ ਤਾਂ ਭਾਜਪਾ ਨੂੰ ਹਰਾਉਣਾ ਮੁਸ਼ਕਲ ਨਹੀਂ ਹੈ। ਮੌਜੂਦਾ ਸਮੇਂ 'ਚ ਰਾਹੁਲ ਗਾਂਧੀ ਅਜਿਹੇ ਆਗੂ ਹਨ, ਜੋ ਮਲਟੀ ਪਾਰਟੀ ਸਰਕਾਰ ਚਲਾ ਸਕਦੇ ਹਨ।



# ਸਿਰਫ਼ 5 ਕਰੋੜ 'ਚ ਬਣੀ ਫ਼ਿਲਮ ਨੇ ਜਿੱਤਿਆ ਫ਼ਿਲਮ ਫ਼ੇਅਰ ਪੁਰਸਕਾਰ




**ਅਹਿਮਦਾਬਾਦ:**ਇਥੇ ਏਕੇਏ ਅਰੇਨਾ ਵਿਖੇ ਫਿਲਮਫੇਅਰ ਅਵਾਰਡ 2025 ਆਯੋਜਿਤ ਕੀਤੇ ਗਏ 70ਵੇਂ ਫਿਲਮਫੇਅਰ ਅਵਾਰਡ ਵਿੱਚ ਸਿਤਾਰਿਆਂ ਦਾ ਮੇਲਾ ਲੱਗਿਆ, ਜਿਸ ਵਿੱਚ ਬਾਲੀਵੁੱਡ ਦੀ ਹਰ ਵੱਡੀ-ਛੋਟੀ ਹਸਤੀ ਨੇ ਸ਼ਿਰਕਤ ਕੀਤੀ ਸੀ। ਕਿਰਨ ਰਾਓ ਦੀ ਫਿਲਮ ਨੇ 2025 ਦੇ ਫਿਲਮਫੇਅਰ ਅਵਾਰਡ ਵਿੱਚ ਬੈਸਟ ਫਿਲਮ ਦਾ ਪੁਰਸਕਾਰ ਜਿੱਤਿਆ। ਇਸ ਫਿਲਮ ਦਾ ਬਜਟ ਬਹੁਤ ਘੱਟ ਸੀ ਅਤੇ ਇਸ ਨੇ ਬਾਕਸ ਆਫਿਸ 'ਤੇ ਬਹੁਤ ਘੱਟ ਕਮਾਈ ਕੀਤੀ ਪਰ ਓਟੀਟੀ ਉੱਤੇ ਰਿਲੀਜ਼ ਹੋਣ ਤੋਂ ਬਾਅਦ ਲੋਕਾਂ ਨੇ ਇਸ ਦੀ ਕਾਫੀ ਤਰੀਫ ਕੀਤੀ। ਫ਼ਿਲਮ 'ਲਾਪਤਾ ਲੇਡੀ' ਨੇ 70% ਫਿਲਮਫੇਅਰ ਅਵਾਰਡ ਵਿੱਚ ਬੈਸਟ ਫਿਲਮ ਐਵਾਰਡ ਜਿੱਤਿਆ। ਸਿਰਫ਼ ਚਾਰ ਤੋਂ ਪੰਜ ਕਰੋੜ ਰੁਪਏ ਦੇ ਬਜਟ 'ਤੇ ਬਣੀ ਫਿਲਮ ਨੇ ਦੁਨੀਆ ਭਰ ਵਿੱਚ 27.06 ਕਰੋੜ ਰੁਪਏ ਦੀ ਕਮਾਈ ਕੀਤੀ।ਫਿਲਮ ਦਾ ਘਰੇਲੂ ਕਲੈਕਸ਼ਨ ਭਾਰਤੀ ਬਾਕਸ ਆਫਿਸ 'ਤੇ ਕੁੱਲ 20.58 ਕਰੋੜ ਰੁਪਏ ਸੀ। ਇਸ ਤੋਂ ਬਾਅਦ, ਜਦੋਂ ਫਿਲਮ ਓਟੀਟੀ 'ਤੇ ਰਿਲੀਜ਼ ਹੋਈ, ਤਾਂ ਇਹ ਇੱਕ ਹਿੱਟ ਸਾਬਤ ਹੋਈ ਅਤੇ ਇਸ ਨੂੰ ਲੋਕਾਂ ਦਾ ਬਹੁਤ ਪਿਆਰ ਮਿਲਿਆ। ਸਾਰਿਆਂ ਨੂੰ ਕਹਾਣੀ ਪਸੰਦ ਆਈ ਅਤੇ ਇਸ ਫਿਲਮ ਦੀ ਹਰ ਪਾਸੇ ਸ਼ਲਾਘਾ ਹੋਈ।

### 13 ਫਿਲਮਫੇਅਰ ਅਵਾਰਡ

ਇਸ ਤੋਂ ਇਲਾਵਾ, ਇਹ 2 ਘੰਟੇ, 3 ਮਿੰਟ ਦੀ ਫਿਲਮ ਆਮਿਰ ਖਾਨ ਦੀ ਸਾਬਕਾ ਪਤਨੀ ਕਿਰਨ ਰਾਓ ਦੁਆਰਾ ਨਿਰਦੇਸ਼ਤ ਕੀਤੀ ਗਈ ਸੀ। ਹਾਲਾਂਕਿ ਫਿਲਮ ਦਾ ਬਾਕਸ ਆਫਿਸ ਕਲੈਕਸ਼ਨ ਘੱਟ ਸੀ, ਪਰ ਇਸ ਨੂੰ ਲੋਕਾਂ ਦਾ ਪਿਆਰ ਜ਼ਰੂਰ ਮਿਲਿਆ। ਫਿਲਮ ਨੂੰ 13 ਸ਼੍ਰੇਣੀਆਂ ਵਿੱਚ ਫਿਲਮਫੇਅਰ ਅਵਾਰਡ ਮਿਲੇ। ਫਿਲਮ ਦਾ ਜ਼ੋਰਦਾਰ ਪ੍ਰਚਾਰ ਵੀ ਕੀਤਾ ਗਿਆ ਸੀ। ਫਿਲਮ ਦੀ ਕਾਸਟ ਵਿੱਚ ਜ਼ਿਆਦਾਤਰ ਉਹ ਲੋਕ ਸ਼ਾਮਲ ਸਨ ਜੋ ਬਹੁਤ ਘੱਟ ਜਾਣੇ ਪਛਾਣੇ ਚਿਹਰੇ ਸਨ। ਫਿਲਮ ਵਿੱਚ ਰਵੀ ਕਿਸ਼ਨ, ਨਿਤਾਂਸ਼ੀ ਗੋਇਲ, ਛਾਇਆ ਕਦਮ, ਪ੍ਰਤਿਭਾ ਰਾਂਤਾ, ਅਤੇ ਸਪਰਸ਼ ਸ਼੍ਰੀਵਾਸਤਵ ਵਰਗੇ ਸਿਤਾਰੇ ਨਜ਼ਰ ਆਏ।

# ਅਮਰੀਕੀ ਰਾਜਦੂਤ ਸਰਜੀਓ ਗੋਰ ਦੀ ਮੋਦੀ ਨਾਲ ਮੁਲਾਕਾਤ

## ਟਰੰਪ ਦਾ ਖ਼ਾਸ ਤੋਹਫ਼ਾ ਅਤੇ 'ਨਿੱਜੀ' ਸੁਨੇਹਾ ਕੀਤਾ ਭੇਟ

**ਨਵੀਂ ਦਿੱਲੀ:**ਭਾਰਤ ਅਤੇ ਅਮਰੀਕਾ ਦੇ ਉਤਰਾਅ- ਚੜ੍ਹਾਅ ਵਾਲੇ ਸੰਬੰਧਾਂ ਦੇ ਵਿਚਕਾਰ, ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ, ਉਨ੍ਹਾਂ ਨੇ ਨਾ ਸਿਰਫ਼ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਖਾਸ ਤੋਹਫ਼ਾ ਭੇਟ ਕੀਤਾ, ਸਗੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇੱਕ 'ਨਿੱਜੀ' ਸੁਨੇਹਾ ਵੀ ਦਿੱਤਾ। ਭਾਰਤ ਲਈ ਨਾਮਜ਼ਦ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਮੁਲਾਕਾਤ ਨੂੰ ਸ਼ਾਨਦਾਰ ਦੱਸਿਆ ਅਤੇ ਕਿਹਾ ਕਿ ਅਮਰੀਕਾ ਭਾਰਤ ਨਾਲ ਆਪਣੇ ਸੰਬੰਧਾਂ ਨੂੰ ਮਹੱਤਵ ਦਿੰਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਵੀ ਸਰਜੀਓ ਗੋਰ ਨੂੰ ਮਿਲਣ 'ਤੇ ਆਪਣੀ ਖੁਸ਼ੀ ਜ਼ਾਹਰ ਕੀਤੀ। ਉਨ੍ਹਾਂ 'ਐਕਸ' 'ਤੇ ਲਿਖਿਆ, "ਮੈਂ ਭਾਰਤ ਲਈ ਨਾਮਜ਼ਦ ਅਮਰੀਕੀ ਰਾਜਦੂਤ ਸਰਜੀਓ ਗੋਰ ਦਾ ਸਵਾਗਤ ਕਰਕੇ ਬਹੁਤ ਖੁਸ਼ ਹਾਂ।" ਮੈਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਦਾ ਕਾਰਜਕਾਲ ਭਾਰਤ-ਅਮਰੀਕਾ ਵਿਆਪਕ ਗਲੋਬਲ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰੇਗਾ।"

ਪ੍ਰਧਾਨ ਮੰਤਰੀ ਮੋਦੀ ਨਾਲ ਆਪਣੀ ਮੁਲਾਕਾਤ ਤੋਂ ਬਾਅਦ, ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਕਿਹਾ, "ਅਸੀਂ ਰੱਖਿਆ, ਵਪਾਰ ਅਤੇ ਤਕਨਾਲੋਜੀ ਸਮੇਤ ਦੁਵੱਲੇ ਮੁੱਦਿਆਂ 'ਤੇ ਚਰਚਾ ਕੀਤੀ। ਅਸੀਂ ਮਹੱਤਵਪੂਰਨ ਖਣਿਜਾਂ ਦੀ ਮਹੱਤਤਾ 'ਤੇ ਵੀ ਚਰਚਾ ਕੀਤੀ।" ਗੋਰ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਧਾਨ ਮੰਤਰੀ ਮੋਦੀ ਨੂੰ ਆਪਣਾ ਮਹਾਨ ਅਤੇ ਨਿੱਜੀ ਦੋਸਤ ਮੰਨਦੇ ਹਨ।



### ਟਰੰਪ ਦੇ ਕਰੀਬੀ ਹਨ ਸਰਜੀਓ ਗੋਰ

ਅਗਸਤ ਵਿੱਚ, ਡੋਨਾਲਡ ਟਰੰਪ ਨੇ ਰਾਸ਼ਟਰਪਤੀ ਪਰਸੋਨਲ ਡਾਇਰੈਕਟਰ ਗੋਰ ਨੂੰ ਭਾਰਤ ਵਿੱਚ ਅਗਲੇ ਅਮਰੀਕੀ ਰਾਜਦੂਤ ਅਤੇ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਲਈ ਵਿਸ਼ੇਸ਼ ਦੂਤ ਵਜੋਂ ਨਾਮਜ਼ਦ ਕੀਤਾ। ਟਰੰਪ ਨੇ ਗੋਰ ਨੂੰ "ਮਹਾਨ ਦੋਸਤ" ਕਿਹਾ ਅਤੇ ਕਿਹਾ ਕਿ ਉਹ ਕਈ ਸਾਲਾਂ ਤੋਂ ਉਸਦੇ ਨਾਲ ਹੈ। ਟਰੰਪ ਨੇ ਕਿਹਾ, "ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਇਸ ਖੇਤਰ ਲਈ, ਇਹ ਮਹੱਤਵਪੂਰਨ ਹੈ ਕਿ ਮੇਰੇ ਕੋਲ ਕੋਈ ਅਜਿਹਾ ਵਿਅਕਤੀ ਹੋਵੇ ਜਿਸ 'ਤੇ ਮੈਂ ਪੂਰੀ ਤਰ੍ਹਾਂ ਭਰੋਸਾ ਕਰ ਸਕਾਂ ਜੋ ਸਾਡੇ ਏਜੰਡੇ ਨੂੰ ਪੂਰਾ ਕਰਨ ਅਤੇ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਵਿੱਚ ਸਾਡੀ ਮਦਦ ਕਰੇ।" ਸਰਜੀਓ ਇੱਕ ਸ਼ਾਨਦਾਰ ਰਾਜਦੂਤ ਹੋਵੇਗਾ।"

ਪਿਛਲੇ ਮਹੀਨੇ ਸੈਨੇਟ ਦੀ ਵਿਦੇਸ਼ ਸੰਬੰਧ ਕਮੇਟੀ ਦੇ ਸਾਹਮਣੇ ਆਪਣੀ ਸੁਣਵਾਈ ਦੌਰਾਨ ਗੋਰ ਨੇ ਭਾਰਤ ਨੂੰ ਸੰਯੁਕਤ ਰਾਜ ਅਮਰੀਕਾ ਦਾ ਰਣਨੀਤਕ ਭਾਈਵਾਲ ਕਿਹਾ। ਉਨ੍ਹਾਂ ਨੇ ਕਿਹਾ ਕਿ ਉਹ ਇਸ "ਮਹੱਤਵਪੂਰਨ" ਸਾਂਝੇਦਾਰੀ ਵਿੱਚ ਅਮਰੀਕਾ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ।ਗੋਰ ਨੇ ਕਿਹਾ ਸੀ, "ਅਮਰੀਕਾ-ਭਾਰਤ ਵਪਾਰਕ ਸਬੰਧਾਂ ਵਿੱਚ ਸੁਧਾਰ ਨਾ ਸਿਰਫ਼ ਅਮਰੀਕਾ ਦੀ ਮੁਕਾਬਲੇਬਾਜ਼ੀ ਵਧਾਏਗਾ ਬਲਕਿ ਦੂਜੇ ਦੇਸ਼ਾਂ 'ਤੇ ਚੀਨ ਦੇ ਆਰਥਿਕ ਪ੍ਰਭਾਵ ਨੂੰ ਵੀ ਘਟਾਏਗਾ।"

# ਬੇਅਦਬੀ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਿੰਨ ਮੈਂਬਰੀ ਕਮੇਟੀ ਗਠਤ

**ਅੰਮ੍ਰਿਤਸਰ:** ਜੰਮੂ ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਕੌਲਪੁਰ ਪਿੰਡ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਅਗਨ ਭੇਟ ਕਰਕੇ ਕੀਤੀ ਗਈ ਬੇਅਦਬੀ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇੱਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਸੁਖਵਰਸ਼ ਸਿੰਘ ਪੰਨੂ ਅਤੇ ਜੰਮੂ ਕਸ਼ਮੀਰ ਸਿੱਖ ਮਿਸ਼ਨ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ ਸ਼ਾਮਲ ਹਨ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਤਿੰਨ ਮੈਂਬਰੀ ਕਮੇਟੀ ਦੀ ਜ਼ਿੰਮੇਵਾਰੀ ਕੌਲਪੁਰ ਪਿੰਡ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਮੁੱਚੇ ਪ੍ਰਬੰਧ ਪੁਖਤਾ ਤੇ ਸੁਚੱਜੇ ਕਰਵਾਉਣੇ, ਉੱਥੇ ਪ੍ਰਬੰਧ ਚਲਾਉਣ ਲਈ ਪਿੰਡ ਵਾਸੀ ਅੰਮ੍ਰਿਤਧਾਰੀ ਸਿੱਖਾਂ ਦੀ ਨਵੀਂ ਪ੍ਰਬੰਧਕ ਕਮੇਟੀ ਸਥਾਪਤ ਕਰਨੀ ਅਤੇ ਉਪਰੰਤ ਸਥਾਨਕ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ ਮੁੜ ਕਰਵਾਉਣ ਦੀ ਹੋਵੇਗੀ।

ਉਨ੍ਹਾਂ ਕਿਹਾ ਕਿ ਇਹ ਕਮੇਟੀ ਸਮੁੱਚੀ ਕਾਰਵਾਈ ਜਲਦ ਤੋਂ ਜਲਦ ਮੁਕੰਮਲ ਕਰਕੇ ਇਸ ਦੀ ਰਿਪੋਰਟ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੇਗੀ।

ਜਥੇਦਾਰ ਗੜਗੱਜ ਨੇ ਮੀਡੀਆ ਕਰਮੀਆਂ ਦੇ ਨਾਲ-ਨਾਲ ਵੱਖ-ਵੱਖ ਸਿੱਖ ਸਮੂਹਾਂ ਤੇ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਅਪੀਲ ਕੀਤੀ ਕਿ ਕੌਲਪੁਰ ਪਿੰਡ ਦੀ ਸਿੱਖ ਸੰਗਤ ਤੇ ਨਗਰ ਨਿਵਾਸੀ ਵੀ ਇਸ ਬੇਅਦਬੀ ਘਟਨਾ ਤੋਂ ਬੇਹੱਦ ਦੁਖੀ ਮਹਿਸੂਸ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਗੁਰੂ ਸਾਹਿਬ ਜੀ ਦੇ ਨਾਲ ਹੀ ਹਨ, ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ ਅਤੇ ਕਿਸੇ ਕਿਸਮ ਦੀ ਤੰਗ ਪਰੇਸ਼ਾਨੀ ਨਾ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਸਮੁੱਚੀ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨ ਜੰਮੂ ਰਾਹੀਂ ਖੁਦ ਕੀਤੀ ਜਾ ਰਹੀ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੂਰਨ ਕੁਮਾਰ ਵਿਰੁੱਧ ਜਾਤੀਵਾਦੀ ਵਿਤਕਰੇ ਦੀ ਕੀਤੀ ਸਖ਼ਤ ਨਿੰਦਾ

**ਅੰਮ੍ਰਿਤਸਰ**:ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਹਰਿਆਣਾ ਦੇ ਆਈ.ਪੀ.ਐੱਸ ਅਫ਼ਸਰ ਵਾਈ ਪੂਰਨ ਕੁਮਾਰ ਨੂੰ ਆਤਮ ਹੱਤਿਆ ਲਈ ਮਜ਼ਬੂਰ ਕਰਨ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸੰਦੇਸ਼ ਦਿੱਤਾ ਹੈ ਕਿ ਸਿੱਖਾਂ ਦਾ ਸਰਬਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜਾਤੀਵਾਦ ਅਤੇ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਦੇ ਵਿਰੁੱਧ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਦੇਸ਼ ਅੰਦਰ ਸਦੀਆਂ ਤੋਂ ਚੱਲਦੇ ਆ ਰਹੇ ਜਾਤੀਵਾਦ ਅਧਾਰਤ ਵਿਤਕਰੇ ਦੀ ਸਾਫ਼ ਝਲਕ ਹੀ ਹੈ ਅਤੇ ਇਸ ਦੀ ਜਿਤਨੀ ਨਿੰਦਾ ਕੀਤੀ ਜਾਵੇ ਉਤਨੀ ਘੱਟ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਸੰਵਿਧਾਨ ਦੇ ਤਹਿਤ ਸਮੂਹ ਭਾਈਚਾਰਿਆਂ ਦੇ ਹੱਕ ਹਕੂਕ ਸੁਰੱਖਿਅਤ ਹੋਣ ਦੇ ਬਾਵਜੂਦ ਵੀ ਕਈਆਂ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮੌਜੂਦਾ ਲੋੜ ਮਾਨਸਿਕਤਾ ਬਦਲਣ ਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਅਨੁਸਾਰ ਸਮੁੱਚੀ ਮਾਨਵਤਾ ਬਰਾਬਰ ਹੈ ਅਤੇ ਅੱਜ ਦੇ ਯੁੱਗ ਵਿੱਚ ਵੀ ਜਾਤੀਵਾਦ ਅਧਾਰਤ ਵਿਤਕਰੇ ਦੇ ਮਾਮਲੇ ਸਾਹਮਣੇ ਆਉਣਾ ਬੇਹੱਦ ਚਿੰਤਾਜਨਕ ਹੈ।



# ਫੌਜ ਦੀ ਜਿਪਸੀ ਪਲਟੀ; ਮੇਜਰ ਦੀ ਮੌਤ

**ਜੈਸਲਮੇਰ:** ਸਰਹੱਦੀ ਜ਼ਿਲ੍ਹੇ ਜੈਸਲਮੇਰ ਦੇ ਤਨੋਟ ਥਾਣਾ ਖੇਤਰ ਵਿੱਚ ਇੱਕ ਵੱਡਾ ਅਤੇ ਦੁਖਦਾਈ ਸੜਕ ਹਾਦਸਾ ਵਾਪਰਿਆ। ਮੇਜਰ ਟੀ.ਸੀ. ਭਾਰਦਵਾਜ ਦੀ ਮੌਤ ਉਸ ਸਮੇਂ ਹੋਈ ਜਦੋਂ ਇੱਕ ਫੌਜੀ ਜੀਪ ਅਚਾਨਕ ਪਲਟ ਗਈ। ਇਹ ਹਾਦਸਾ ਉਸ ਸਮੇਂ ਹੋਇਆ ਜਦੋਂ ਫੌਜ ਦੇ ਜਵਾਨ ਅਤੇ ਅਧਿਕਾਰੀ ਇੱਕ ਫੌਜੀ ਅਭਿਆਸ ਤੋਂ ਵਾਪਸ ਆ ਰਹੇ ਸਨ। ਮੇਜਰ ਭਾਰਦਵਾਜ ਦੀ ਮੌਤ ਨੇ ਪੂਰੇ ਖੇਤਰ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਹੈ।ਇਸ ਹਾਦਸੇ ਵਿੱਚ ਮੇਜਰ ਟੀਸੀ ਭਾਰਦਵਾਜ ਤੋਂ ਇਲਾਵਾ, ਲੈਫਟੀਨੈਂਟ ਕਰਨਲ ਪ੍ਰਸ਼ਾਂਤ ਰਾਏ, ਮੇਜਰ ਪ੍ਰਾਚੀ ਸ਼ੁਕਲਾ, ਮੇਜਰ ਅਮਿਤ ਅਤੇ ਡਰਾਈਵਰ ਨਸੀਰੂਦੀਨ ਵੀ ਜ਼ਖਮੀ ਹੋ ਗਏ। ਸਾਰੇ ਜ਼ਖਮੀਆਂ ਦਾ ਇਲਾਜ ਤੁਰੰਤ ਫੌਜ ਦੇ ਹਸਪਤਾਲ ਵਿੱਚ ਸ਼ੁਰੂ ਕਰ ਦਿੱਤਾ ਗਿਆ। ਇਹ ਦੁਖਦਾਈ ਹਾਦਸਾ ਰਾਮਗੜ੍ਹ ਅਤੇ ਲੌਂਗੇਵਾਲਾ ਦੇ ਵਿਚਕਾਰ ਗਮਨੇਵਾਲਾ ਪਿੰਡ ਦੇ ਨੇੜੇ ਵਾਪਰਿਆ। ਫੌਜ ਦੇ ਅਧਿਕਾਰੀ ਇੱਕ ਫੌਜੀ ਅਭਿਆਸ ਤੋਂ ਵਾਪਸ ਆ ਰਹੇ ਸਨ ਜਦੋਂ ਗੱਡੀ ਅਚਾਨਕ ਕੰਟਰੋਲ ਗੁਆ ਬੈਠੀ ਅਤੇ ਤੇਜ਼ ਰਫ਼ਤਾਰ ਨਾਲ ਪਲਟ ਗਈ। ਪਲਟਣ ਨਾਲ ਘਟਨਾ ਸਥਾਨ 'ਤੇ ਹਫੜਾ-ਦਫੜੀ ਮਚ ਗਈ। ਨੇੜਲੇ ਫੌਜ ਦੇ ਜਵਾਨਾਂ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ।






UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603


# Matrimonials

## ਲੜਕੇ ਦੀ ਲੋੜ ਹੈ

Looking for suitable match green card/citizen only for jatsikh girl 30, 5'.4", Masters in environmental Science, working in university. Brother Doctor in Stanford, parents well educated. Caste no bar. Please contact us at: Dhillon 3531@gmail.com With picture &biodata of the boy in question. 39-42

## ਲੜਕੀ ਦੀ ਲੋੜ ਹੈ

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5'8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 'ਤੇ ਸੰਪਰਕ ਜਾਂ paramjit12913@gmail.com 'ਤੇ ਈ-ਮੇਲ ਕਰ ਸਕਦੇ ਹਨ।

Jatt Sikh Malhi family looking for a USA citizen/Green card holder match for their Decembe, 1991 born son, height 5'11". He has done Diploma in Hotel Management. Parents are living in India, father retired from government job, mother is housewife and one sister is married. Contact us at: +91 98783 42510 (WhatsApp)

41-44

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

41-44

Gursikh family in USA seeks Amritdhari (Keskidhari/ready to tie Keski), educated, vegetarian, family oriented girl for their Amritdhari son, 1987 born, 5'-11" tall, MS Degree holder from USA, working as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or email at cjsingh55@gmail.com

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.





ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

847-359-0746


# ਇਸ ਸਾਲ ਸਾਹਿਤ ਦਾ ਨੋਬੇਲ ਇਨਾਮ ਹੰਗਰੀ ਦੇ ਲੇਖਕ ਲਾਸਜ਼ਲੋ ਨੂੰ

**ਬੁਡਾਪੈਸਟ:** ਇਸ ਸਾਲ ਲਈ ਸਾਹਿਤ ਵਿੱਚ ਨੋਬਲ ਪੁਰਸਕਾਰ ਹੰਗਰੀ ਦੇ ਲੇਖਕ ਲਾਸਜ਼ਲੋ ਕਰਾਸਜ਼ਨਾਹੋਰਕਾਈ ਨੂੰ ਦਿੱਤਾ ਗਿਆ ਹੈ। ਉਸ ਦਾ ਜਨਮ ਪੰਜ ਜਨਵਰੀ ਉਨੀ ਸੌ ਚੁਰੰਜਾ ਵਿੱਚ ਹੋਇਆ ਸੀ। ਉਹ ਨਾਵਲ, ਕਹਾਣੀ ਅਤੇ ਸਕਰੀਨ ਪਲੇਅ ਲਿਖਣ ਲਈ ਜਾਣਿਆ ਜਾਂਦਾ ਹੈ। ਨੋਬਲ ਅਕੈਡਮੀ ਨੇ ਲਾਸਜ਼ਲੋ ਦੀਆਂ ਲਿਖਤਾਂ ਨੂੰ ਮਜ਼ਬੂਤ ਅਤੇ ਦੂਰਦਰਸ਼ੀ ਰਚਨਾਵਾਂ ਕਿਹਾ ਹੈ। ਜੋ ਅਤਿਆਚਾਰ ਦੀ ਦਹਿਸ਼ਤ ਦੇ ਵਿਚਕਾਰ ਵੀ ਕਲਾ ਦੀ ਤਾਕਤ ਦੀ ਪੁਸ਼ਟੀ ਕਰਦੀਆਂ ਹਨ।

ਲਾਸਜ਼ਲੋ ਕਰਾਸਜ਼ਨਾਹੋਰਕਾਈ ਨੇ The Last Wolf, War Ú War, The Melancholy of Resistance, Seiobo There Below ਅਤੇ ਹੋਰ ਕਈ ਕਿਤਾਬਾਂ ਦੀ ਰਚਨਾ ਕੀਤੀ।

ਉਹ ਔਖੇ ਨਾਵਲ ਲਿਖਣ ਵਾਲੇ ਲੇਖਕ ਵਜੋਂ ਜਾਣਿਆ ਜਾਂਦਾ ਹੈ, ਜਿਨ੍ਹਾਂ ਨੂੰ ਅਕਸਰ ਪੋਸਟਮਾਡਰਨ ਕਿਹਾ ਜਾਂਦਾ ਹੈ। ਜੋ ਨਿਰਾਸ਼ਮਈ ਅਤੇ ਉਦਾਸ ਵਿਸ਼ਿਆਂ ਉਪਰ ਫੋਕਸ ਕਰਦੇ ਹਨ। ਕਰਾਸਜ਼ਨਾਹੋਰਕਾਈ ਆਪਣੇ ਡਿਸਟੋਪੀਅਨ ਅਤੇ ਉਦਾਸ ਨਾਵਲਾਂ ਲਈ ਵੀ ਜਾਣਿਆ ਜਾਂਦਾ ਹੈ। ਡਿਸਟੋਪੀਅਨ ਦਾ ਸਿੱਧਾ ਅਰਥ ਉਹ ਹਾਲਾਤ ਹੁੰਦੇ ਹਨ ਜਿੱਥੇ ਸਰਕਾਰ ਅਤਿਆਚਾਰੀ ਹੁੰਦੀ ਹੈ। ਵਿਅਕਤੀਗਤ ਅਜ਼ਾਦੀ ਅਤੇ ਵਾਤਾਵਰਣ ਦਾ ਬੁਰਾ ਹਾਲ ਹੁੰਦਾ ਹੈ। ਸਮਾਜ ਦਾ ਪਤਨ ਹੋ ਰਿਹਾ ਹੁੰਦਾ ਹੈ ਅਤੇ ਲੋਕਾਂ ਨੂੰ ਮਨਹੂਸ ਅਤੇ ਅਮਾਨਵੀ ਹਾਲਾਤ ਵਿੱਚ ਜਿਊਣ ਲਈ ਸੰਘਰਸ਼ ਕਰਨਾ ਪੈ ਰਿਹਾ ਹੁੰਦਾ ਹੈ।

**'ਜਿਨ੍ਹਾਂ ਪਾਠਕਾਂ ਨੇ ਮੇਰੀਆਂ ਕਿਤਾਬਾਂ ਨਹੀਂ ਪੜ੍ਹੀਆਂ ਮੈਂ ਉਨ੍ਹਾਂ ਨੂੰ ਪੜ੍ਹਨ ਲਈ ਕੁਝ ਵੀ ਸਿਫ਼ਾਰਸ਼ ਨਹੀਂ ਕਰ ਸਕਦਾ।'**




ਕਰਾਸਜ਼ਨਾਹੋਰਕਾਈ ਨੇ ਕਈ ਇਨਾਮ ਜਿੱਤੇ ਹਨ, ਜਿਨ੍ਹਾਂ ਵਿੱਚ ਅਨੁਵਾਦਿਤ ਸਾਹਿਤ ਲਈ 2019 ਦਾ ਨੈਸ਼ਨਲ ਬੁੱਕ ਅਵਾਰਡ ਅਤੇ 2015 ਦਾ ਮੈਨ ਬੁੱਕਰ ਇੰਟਰਨੈਸ਼ਨਲ ਇਨਾਮ ਸ਼ਾਮਲ ਹੈ। ਉਸ ਦੀਆਂ ਕਈ ਰਚਨਾਵਾਂ, ਜਿਨ੍ਹਾਂ ਵਿਚ ਉਸ ਦੇ ਨਾਵਲ 'ਸੈਟਨਟੈਂਗੋ' ਅਤੇ 'ਦਾ ਮੇਲੈਂਕੋਲੀ ਆਫ਼ ਰੇਜ਼ਿਸਟੈਂਸ' ਸ਼ਾਮਲ ਹਨ, ਨੂੰ ਫੀਚਰ ਫਿਲਮਾਂ ਦਾ ਰੂਪ ਦਿੱਤਾ ਗਿਆ ਹੈ। ਨਵੇਂ ਪਾਠਕਾਂ ਬਾਰੇ ਉਸ ਦਾ ਕਹਿਣਾ ਹੈ ਕਿ "ਜਿਨ੍ਹਾਂ ਪਾਠਕਾਂ ਨੇ ਮੇਰੀਆਂ ਕਿਤਾਬਾਂ ਨਹੀਂ ਪੜ੍ਹੀਆਂ ਮੈਂ ਉਨ੍ਹਾਂ ਨੂੰ ਪੜ੍ਹਨ ਲਈ ਕੁਝ ਵੀ ਸਿਫ਼ਾਰਸ਼ ਨਹੀਂ ਕਰ ਸਕਦਾ। ਪਰ ਮੈਂ ਉਨ੍ਹਾਂ ਨੂੰ ਸਲਾਹ ਦੇਵਾਂਗਾ ਕਿ ਉਹ ਬਾਹਰ ਜਾਣ, ਕਿਤੇ ਬੈਠਣ, ਕਿਸੇ ਨਦੀ ਦੇ ਕਿਨਾਰੇ, ਕੁਝ ਕਰਨ ਲਈ ਨਹੀਂ, ਕੁਝ ਸੋਚਣ ਲਈ ਨਹੀਂ, ਬਸ ਪੱਥਰਾਂ ਵਾਂਗ ਚੁੱਪ ਰਹਿਣ ਲਈ। ਆਖਰਕਾਰ ਉਹ ਕਿਸੇ ਅਜਿਹੇ ਵਿਅਕਤੀ ਨੂੰ ਮਿਲਣਗੇ ਜਿਸਨੇ ਮੇਰੀਆਂ ਕਿਤਾਬਾਂ ਪਹਿਲਾਂ ਹੀ ਪੜ੍ਹੀਆਂ ਹੋਈਆਂ ਹਨ।"

ਉਸ ਦਾ ਇੱਕ ਹੋਰ ਕਥਨ ਹੈ ਕਿ ਇਸ ਸਮੇਂ, ਸਾਨੂੰ ਇਸ ਗੱਲ 'ਤੇ ਹੀ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਕਿ ਡਰ ਹੀ ਮਨੁੱਖੀ ਹੋਂਦ ਨੂੰ ਪਰਿਭਾਸ਼ਿਤ ਕਰਦਾ ਹੈ। ਤੁਸੀਂ ਦੇਖੋਗੇ ਕਿ ਜੈਵਿਕ ਅਤੇ ਅਜੈਵਿਕ ਸੰਸਾਰ ਵਿੱਚ ਡਰ ਨੂੰ ਹੀ ਸਭ ਤੋਂ ਡੂੰਘਾ ਤੱਤ ਸਮਝਿਆ ਜਾ ਸਕਦਾ ਹੈ ਅਤੇ ਡਰ ਤੋਂ ਇਲਾਵਾ ਇਥੇ ਹੋਰ ਕੁਝ ਨਹੀਂ ਹੈ, ਕਿਉਂਕਿ ਡਰ ਜਿੰਨੀ ਭਿਆਨਕ ਤਾਕਤ ਹੋਰ ਕਿਸੇ ਚੀਜ਼ ਵਿੱਚ ਨਹੀਂ ਹੈ।"

ਉਹ ਆਪਣੇ ਨਾਵਲ 'ਸਵਰਗ ਹੇਠ ਤਬਾਹੀ ਅਤੇ ਦੁੱਖ' ਵਿੱਚ ਲਿਖਦਾ ਹੈ ਕਿ ਹਰ ਗੱਲ ਪਿੱਛੇ ਕੋਈ ਕਾਰਣ ਲਭਣਾ ਜ਼ਰੂਰੀ ਨਹੀਂ ਹੁੰਦਾ, ਕਿਉਂ ਕਿ ਕਾਰਣ ਦੀ ਕੋਈ ਬੁਨਿਆਦ ਨਹੀਂ ਹੁੰਦੀ। ਕੋਈ ਵੀ ਕਾਰਣ ਸਿਰਫ਼ ਇੱਕ ਖਾਸ ਦ੍ਰਿਸ਼ਟੀਕੋਣ ਤੋਂ ਹੀ ਇੱਕ ਕਾਰਣ ਵਰਗਾ ਲੱਗਦਾ ਹੈ। ਕਿਤਾਬਾਂ ਬਾਰੇ ਉਸ ਦਾ ਕਹਿਣਾ ਹੈ ਕਿ "ਸਾਹਿਤ ਲਈ ਯੰਤਰ ਖ਼ਤਰਨਾਕ ਨਹੀਂ ਹਨ। ਲੋਕ ਹੀ ਸਾਹਿਤ ਲਈ ਖ਼ਤਰਨਾਕ ਹੋ ਸਕਦੇ ਹਨ। ਮਿਸਾਲ ਵਜੋਂ, ਉਹ ਲੋਕ ਜੋ ਪੜ੍ਹਦੇ ਹੀ ਨਹੀਂ।"

# ਕੈਨੇਡਾ 'ਚ ਡਾਕ ਚੋਰੀ ਮਾਮਲੇ 'ਚ ਅੱਠ ਪੰਜਾਬੀ ਗ੍ਰਿਫ਼ਤਾਰ

**ਓਟਾਵਾ:** ਕੈਨੇਡਾ ਦੀ ਪੁਲਿਸ ਨੇ ਡਾਕ ਚੋਰੀ ਦੇ ਮਾਮਲੇ 'ਚ ਅੱਠ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਲੋਕ ਡਾਕ ਰਾਹੀਂ ਭੇਜੇ ਜਾਣ ਵਾਲੇ ਕ੍ਰੈਡਿਟ ਕਾਰਡ ਤੇ ਚੈੱਕਾਂ ਦੀ ਚੋਰੀ ਕਰਦੇ ਸਨ। ਫੜੇ ਗਏ ਲੋਕਾਂ ਦੀ ਪਛਾਣ ਸੁਮਨਪ੍ਰੀਤ ਸਿੰਘ, ਗੁਰਦੀਪ ਚੱਠਾ, ਜਸਨਦੀਪ, ਹਰਮਨ ਸਿੰਘ, ਜਸਨਪ੍ਰੀਤ ਸਿੰਘ, ਮਨਰੂਪ ਸਿੰਘ, ਰਾਜਬੀਰ ਸਿੰਘ ਤੇ ਉਪਿੰਦਰਜੀਤ ਸਿੰਘ ਦੇ ਰੂਪ 'ਚ ਕੀਤੀ ਗਈ ਹੈ। ਮੁਲਜ਼ਮਾਂ 'ਚੋਂ ਕੁਝ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਇਨ੍ਹਾਂ ਕੋਲੋਂ ਕ੍ਰੈਡਿਟ ਕਾਰਡ ਤੇ ਚੈੱਕਾਂ ਵਰਗੇ 450 ਤੋਂ ਜ਼ਿਆਦਾ ਚੋਰੀ ਹੋਏ ਡਾਕ ਪਾਰਸਲ ਬਰਾਮਦ ਕੀਤੇ ਹਨ। ਜਿਨ੍ਹਾਂ ਦੀ ਕੀਮਤ 40 ਹਜ਼ਾਰ ਡਾਲਰ ਹੈ।



# ਏਸ਼ੀਅਨ ਸਰਕਲ ਸਟਾਈਲ ਕਬੱਡੀ ਚੈਂਪੀਅਨਸ਼ਿਪ ਕੁਆਲਾਲੰਪੁਰ 'ਚ ਹੋਵੇਗੀ



*ਏਸ਼ੀਅਨ ਸਰਕਲ ਸਟਾਈਲ ਕਬੱਡੀ ਚੈਂਪੀਅਨਸ਼ਿਪ ਦੀ ਤਿਆਰੀ ਸਬੰਧੀ ਕੁਆਲਾਲੰਪੁਰ ਵਿਖੇ ਹੋਈ ਮੀਟਿੰਗ 'ਚ ਸ਼ਾਮਲ ਅਹੁਦੇਦਾਰ।*

**ਪਟਿਆਲਾ:** ਏਸ਼ੀਅਨ ਕਬੱਡੀ ਫੈਡਰੇਸ਼ਨ (ਏਕੇਐਫ) ਵੱਲੋਂ ਏਸ਼ੀਅਨ ਸਰਕਲ ਸਟਾਈਲ ਕਬੱਡੀ (ਪੁਰਸ਼ ਅਤੇ ਮਹਿਲਾ) ਚੈਂਪੀਅਨਸ਼ਿਪ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਵਿਖੇ ਕਰਵਾਈ ਜਾਵੇਗੀ। ਜਿਸ ਸਬੰਧੀ ਪ੍ਰਬੰਧਕਾਂ ਨੇ ਅਹਿਮ ਮੀਟਿੰਗ ਦੌਰਾਨ ਐਲਾਨ ਕੀਤਾ ਕਿ ਇਹ ਚੈਂਪੀਅਨਸ਼ਿਪ ਜਨਵਰੀ ਮਹੀਨੇ 'ਚ ਕਰਵਾਈ ਜਾਵੇਗੀ, ਜਿਸ ਵਿੱਚ ਏਸ਼ੀਆ ਦੀਆਂ ਸਿਰਕੱਢ ਟੀਮਾਂ ਹਿੱਸਾ ਲੈਣਗੀਆਂ। ਫੈਡਰੇਸ਼ਨ ਦੀ ਮੀਟਿੰਗ ਮੁਹੰਮਦ ਸਰਵਰ ਰਾਣਾ ਜਨਰਲ ਸਕੱਤਰ, ਏਸ਼ੀਅਨ ਕਬੱਡੀ ਫੈਡਰੇਸ਼ਨ, ਚੇਅਰਮੈਨ ਸ਼੍ਰੀ ਗੁਲਾਬ ਸਿੰਘ ਸੈਣੀ, ਏਸ਼ੀਅਨ ਸਰਕਲ ਕਬੱਡੀ ਕਮੇਟੀ ਅਤੇ ਸ਼੍ਰੀ ਕੁਲਦੀਪ ਦਲਾਲ ਜਨਰਲ ਸਕੱਤਰ ਏਸ਼ੀਅਨ ਸਰਕਲ ਸਟਾਈਲ ਕਮੇਟੀ ਦੀ ਅਗਵਾਈ 'ਚ ਕੁਆਲਾਲੰਪੁਰ ਵਿਖੇ ਹੋਈ।

ਮੀਟਿੰਗ ਦੌਰਾਨ, ਕਬੱਡੀ ਚੈਂਪੀਅਨਸ਼ਿਪ ਦੇ ਟੂਰਨਾਮੈਂਟ ਦੇ ਨਿਯਮ, ਸਥਾਨ ਦੀ ਚੋਣ ਅਤੇ ਤਿਆਰੀ, ਰਿਹਾਇਸ਼ ਅਤੇ ਪ੍ਰਾਹੁਣਚਾਰੀ ਪ੍ਰਬੰਧ, ਆਵਾਜਾਈ, ਡਾਕਟਰੀ ਸਹੂਲਤਾਂ ਅਤੇ ਖਿਡਾਰੀ ਬੀਮਾ, ਭਾਗ ਲੈਣ ਵਾਲੇ ਦੇਸ਼ਾਂ 'ਚ ਪ੍ਰਚਾਰ ਅਤੇ ਤਾਲਮੇਲ ਆਦਿ ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਫੈਡਰੇਸ਼ਨ ਨੇ ਚੈਂਪੀਅਨਸ਼ਿਪ ਦੇ ਸੁਚਾਰੂ ਅਤੇ ਸਫਲ ਆਯੋਜਨ ਨੂੰ ਯਕੀਨੀ ਬਣਾਉਣ ਲਈ ਏਸ਼ੀਅਨ ਕਬੱਡੀ ਫੈਡਰੇਸ਼ਨ, ਏਸ਼ੀਅਨ ਸਰਕਲ ਕਬੱਡੀ ਕਮੇਟੀ ਅਤੇ ਮਲੇਸ਼ੀਅਨ ਕਬੱਡੀ ਐਸੋਸੀਏਸ਼ਨ ਵਿਚਕਾਰ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਏਸ਼ੀਆ ਭਰ ਦੇ ਭਾਗ ਲੈਣ ਵਾਲੇ ਦੇਸ਼ਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸ ਸ਼ਾਨਦਾਰ ਖੇਡ ਸਮਾਗਮ ਵਿੱਚ ਆਪਣੀਆਂ ਪੁਰਸ਼ ਅਤੇ ਮਹਿਲਾ ਟੀਮਾਂ ਭੇਜਣਗੇ, ਜਿਸ ਦਾ ਉਦੇਸ਼ ਸਰਕਲ ਸਟਾਈਲ ਕਬੱਡੀ ਨੂੰ ਉਤਸ਼ਾਹਿਤ ਕਰਨਾ ਅਤੇ ਏਸ਼ੀਆਈ ਦੇਸ਼ਾਂ ਵਿੱਚ ਦੋਸਤੀ ਅਤੇ ਖੇਡ ਭਾਵਨਾ ਨੂੰ ਮਜ਼ਬੂਤ ਕਰਨਾ ਹੈ। ਮੀਟਿੰਗ ਦੌਰਾਨ ਏਸ਼ੀਅਨ ਸਰਕਲ ਸਟਾਈਲ ਕਬੱਡੀ ਚੈਂਪੀਅਨਸ਼ਿਪ 2026 ਦੇ ਸਫਲ ਆਯੋਜਨ ਲਈ ਸਮੂਹਿਕ ਤੌਰ 'ਤੇ ਕੰਮ ਕਰਨ ਦੇ ਸਰਬਸੰਮਤੀ ਨਾਲ ਮਤੇ ਨਾਲ ਸਮਾਪਤ ਹੋਈ, ਜੋ ਕਿ ਮਹਾਂਦੀਪ ਵਿੱਚ ਕਬੱਡੀ ਦੇ ਵਿਕਾਸ ਵਿੱਚ ਇੱਕ ਹੋਰ ਮੀਲ ਪੱਥਰ ਹੈ। ਇਸ ਸਬਧੀ ਗੁਰਦੀਪ ਸਿੰਘ ਬਿੱਟੀ ਘੱਗਾ ਨੇ ਮੀਡੀਆ ਨੂੰ ਉਕਤ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਮੀਟਿੰਗ 'ਚ ਸ਼੍ਰੀ ਰਾਜੇਂਦਰ ਸਿੰਘ, ਅਤੇ ਸ਼੍ਰੀ ਨਰਿੰਦਰ ਰਾਣਾ, ਅੰਤਰਰਾਸ਼ਟਰੀ ਕਬੱਡੀ ਕੋਚ, ਮਲੇਸ਼ੀਅਨ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ, ਪੀਟਰ, ਸਥਾਨਕ ਕਬੱਡੀ ਕਲੱਬਾਂ 'ਚੋਂ ਪੰਜਾਬੀ ਸਪੋਰਟਸ ਕਲੱਬ ਮਲੇਸ਼ੀਆ, ਗੱਗੀ ਲੋਪੋ ਕਬੱਡੀ ਅਕੈਡਮੀ ਮਾਲਵਾ, ਸ਼ੇਰ-ਏ-ਪੰਜਾਬ, ਲੈਜੈਂਡ ਸੰਦੀਪ ਨੰਗਲ ਅੰਬੀਆ ਕਬੱਡੀ ਕਲੱਬ, ਬਿੱਟੂ ਦੁਗਲ ਕਬੱਡੀ ਕਲੱਬ, ਮਝੈਲ ਭਰਾ ਕਬੱਡੀ ਕਲੱਬ ਦੇ ਨੁਮਾਇੰਦੇ ਅਤੇ ਹੋਰ ਕਬੱਡੀ ਪ੍ਰਮੋਟਰ ਸ਼ਾਮਲ ਹੋਏ।

# ਜਗਦੀਸ਼ ਝੀਂਡਾ ਬਣੇ ਰਹਿਣਗੇ ਹਰਿਆਣਾ ਕਮੇਟੀ ਦੇ ਪ੍ਰਧਾਨ

**ਕੁਰੂਕਸ਼ੇਤਰ:** ਜਗਦੀਸ਼ ਸਿੰਘ ਝੀਂਡਾ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਣੇ ਰਹਿਣਗੇ।

ਸੋਮਵਾਰ ਨੂੰ ਮੋਰਚੇ ਤੇ ਝੀਂਡਾ ਗਰੁੱਪ ਦੀ ਬੈਠਕ 'ਚ ਇਹ ਫ਼ੈਸਲਾ ਕੀਤਾ ਗਿਆ। ਇਸ ਤੋਂ ਪਹਿਲਾਂ ਬਲਜੀਤ ਸਿੰਘ ਦਾਦੂਵਾਲ ਨੇ ਝੀਂਡਾ ਤੋਂ ਸਮਰਥਨ ਵਾਪਸ ਲੈ ਲਿਆ ਸੀ। ਉਨ੍ਹਾਂ ਨੇ ਝੀਂਡਾ ਕੋਲ ਬਹੁਮਤ ਨਾ ਹੋਣ ਦਾ ਦੋਸ਼ ਲਗਾਇਆ ਸੀ ਤੇ ਬਹੁਮਤ ਸਾਬਿਤ ਕਰਨ ਦੀ ਚੁਣੌਤੀ ਦਿੱਤੀ ਸੀ। ਮੋਰਚੇ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਲਈ ਕਮੇਟੀ ਦਾ ਚੱਲਣਾ ਜ਼ਰੂਰੀ ਸੀ, ਇਸੇ ਲਈ ਝੀਂਡਾ ਨੂੰ ਸਮਰਥਨ ਦਿੱਤਾ ਹੈ।



# ਪਟਨਾ ਸਾਹਿਬ 'ਚ ਸਥਾਪਤ ਹੋਣਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋੜੇ

ਨਵੀਂ ਦਿੱਲੀ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ ਜੋੜੇ ਪਟਨਾ ਸਾਹਿਬ ਗੁਰਦੁਆਰੇ 'ਚ ਸਥਾਪਤ ਕੀਤੇ ਜਾਣਗੇ। ਇਸ ਲਈ ਦਿੱਲੀ ਤੋਂ ਪਟਨਾ ਸਾਹਿਬ ਤੱਕ ਨਗਰ ਕੀਰਤਨ ਕੱਢਿਆ ਜਾਵੇਗਾ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਕਰੀਬ 300 ਸਾਲਾਂ ਤੱਕ ਪਵਿੱਤਰ ਜੋੜੇ ਦੀ ਸੇਵਾ ਕਰਨ ਦਾ ਸੁਭਾਗ ਮਿਲਿਆ ਹੈ। ਹੁਣ ਇਸ ਨੂੰ ਗੁਰੂ ਜੀ ਦੇ ਜਨਮ ਸਥਾਨ ਪਟਨਾ ਸਾਹਿਬ 'ਚ ਸਥਾਪਿਤ ਕੀਤਾ ਜਾਵੇਗਾ। ਇਹ ਫ਼ੈਸਲਾ ਸ੍ਰੀ ਰਾਮ ਕਾਲਜ ਆਫ ਕਾਮਰਸ ਦੀ ਪ੍ਰਿੰਸੀਪਲ ਪ੍ਰੋ. ਸਿਮਰਤ ਕੌਰ ਦੀ ਪ੍ਰਧਾਨਗੀ 'ਚ ਗਠਿਤ ਕਮੇਟੀ ਨੇ ਸਿੱਖ ਵਿਦਵਾਨਾਂ, ਇਤਿਹਾਸਕਾਰਾਂ, ਸਿੱਖ ਨੇਤਾਵਾਂ ਤੇ ਸੰਗਤ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਕੀਤਾ ਹੈ। ਦੀਵਾਲੀ ਤੋਂ ਬਾਅਦ 23 ਜਾਂ 24 ਅਕਤੂਬਰ ਤੋਂ ਨਗਰ ਕੀਰਤਨ ਸ਼ੁਰੂ ਹੋਣ ਦੀ ਉਮੀਦ ਹੈ।

# ਜਥੇਦਾਰ ਨੇ ਰੋਕਿਆ 'ਵਿਰਾਸਤੀ ਸਟ੍ਰੀਟ' ਦਾ ਕੰਮ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ 'ਚ ਬਣਾਈ ਜਾ ਰਹੀ 'ਵਿਰਾਸਤੀ ਸਟ੍ਰੀਟ' ਦਾ ਕੰਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਰੁਕਵਾ ਦਿੱਤਾ ਹੈ।

ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 25 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ 'ਵ੍ਹਾਈਟ ਸਟਰੀਟ (ਵਿਰਾਸਤੀ ਸਟ੍ਰੀਟ)' ਦੇ ਕੰਮ ਦਾ ਆਗਾਜ਼ ਖ਼ੁਦ ਕੀਤਾ ਸੀ। ਕੰਮ ਸ਼ੁਰੂ ਹੋਣ ਤੋਂ ਕੁਝ ਹੀ ਦਿਨ ਬਾਅਦ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੌਕੇ 'ਤੇ ਪਹੁੰਚ ਕੇ ਕੰਮ ਤੁਰੰਤ ਬੰਦ ਕਰਵਾ ਦਿੱਤਾ।

ਤਖ਼ਤ ਸਾਹਿਬ ਵੱਲੋਂ ਟੂਰਿਜ਼ਮ ਵਿਭਾਗ ਨੂੰ ਇਕ ਪੱਤਰ ਭੇਜਿਆ ਗਿਆ ਹੈ, ਜਿਸ 'ਚ ਸਪੱਸ਼ਟ ਕੀਤਾ ਗਿਆ ਕਿ ਇਹ ਕੰਮ ਤੁਰੰਤ ਰੋਕਿਆ ਜਾਵੇ ਤੇ ਸ਼ਤਾਬਦੀ ਸਮਾਰੋਹ ਤੋਂ ਬਾਅਦ ਮੁੜ ਸ਼ੁਰੂ ਕੀਤਾ ਜਾਵੇ। ਜਥੇਦਾਰ ਗੜਗੱਜ ਦਾ ਕਹਿਣਾ ਹੈ ਕਿ ਸ਼ਤਾਬਦੀ ਸਮਾਗਮਾਂ ਨੂੰ ਕੇਵਲ ਇਕ ਮਹੀਨਾ ਬਚਿਆ ਹੈ ਤੇ ਸੰਗਤ ਹੁਣ ਤੋਂ ਹੀ ਸ੍ਰੀ ਕੇਸਗੜ੍ਹ ਸਾਹਿਬ ਪਹੁੰਚਣੀ ਸ਼ੁਰੂ ਹੋ ਗਈ।

ਲੰਘੇ ਐਤਵਾਰ ਨੂੰ ਹੀ ਦੋ ਨਗਰ ਕੀਰਤਨ ਆਏ ਸਨ, ਪਰ ਮੁੱਖ ਰਸਤਾ ਬੰਦ ਹੋਣ ਕਰਕੇ ਸੰਗਤ ਨੂੰ ਬੇਹੱਦ ਪਰੇਸ਼ਾਨੀ ਝੱਲਣੀ ਪਈ। ਜੇਕਰ ਇਹ ਕੰਮ ਪਹਿਲਾਂ ਸ਼ੁਰੂ ਕੀਤਾ ਗਿਆਹੁੰਦਾ ਤਾਂ ਕੋਈ ਇਤਰਾਜ਼ ਨਹੀਂ ਸੀ, ਪਰ ਹੁਣ ਸ਼ਤਾਬਦੀ ਬਿਲਕੁਲ ਨੇੜੇ ਹੋਣ ਕਰਕੇ ਇਹ ਕੰਮ ਸਮੇਂ 'ਤੇ ਪੂਰਾ ਨਹੀਂ ਹੋ ਸਕਦਾ, ਇਸ ਲਈ ਇਸਨੂੰ ਆਰਜ਼ੀ ਤੌਰ 'ਤੇ ਰੋਕ ਦਿੱਤਾ ਗਿਆ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਟੂਰਿਜ਼ਮ ਵਿਭਾਗ ਨੂੰ ਪੱਤਰ ਭੇਜੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਵੱਲੋਂ ਇਸ ਕੰਮ ਦੀ ਮਨਜ਼ੂਰੀ ਦਿੱਤੀ ਗਈ ਸੀ। ਓਧਰ ਟੂਰਿਜ਼ਮ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਨੇ ਮੰਨਿਆ ਕਿ ਵਿਭਾਗ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਚਿੱਠੀ ਮਿਲ ਗਈ ਹੈ। ਇਸ ਸਬੰਧੀ ਉੱਚ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।

ਉੱਚ ਅਧਿਕਾਰੀਆਂ ਦੇ ਜੋ ਵੀ ਆਦੇਸ਼ ਆਉਣਗੇ ਉਸ ਮੁਤਾਬਕ ਅਗਲੀ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਕੰਮ ਅਜੇ ਬੰਦ ਨਹੀਂ ਕੀਤਾ ਗਿਆ।

ਇਸ ਮਾਮਲੇ 'ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਪੱਖ ਲੈਣ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਫੋਨ ਨਹੀਂ ਚੁੱਕਿਆ।

# ਬੱਦੀ ਦੇ ਸੜਕ ਹਾਦਸੇ ਦਾ ਸ਼ਿਕਾਰ ਨਹੀਂ ਹੋਇਆ ਸੀ ਜਵੰਦਾ; ਜਾਂਚ ਵਿਚ ਖੁਲਾਸਾ

**ਚੰਡੀਗੜ੍ਹ:** ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਸੜਕ ਹਾਦਸੇ ਵਿੱਚ ਜ਼ਖਮੀ ਹੋਣ ਤੋਂ ਬਾਅਦ ਇਲਾਜ ਦੌਰਾਨ ਹੋਈ ਮੌਤ ਬਾਰੇ ਸ਼ੁਰੂ ਵਿੱਚ, ਇਹ ਦੱਸਿਆ ਗਿਆ ਸੀ ਕਿ ਉਹ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਬੱਦੀ ਖੇਤਰ ਵਿੱਚ ਹਾਦਸੇ ਦਾ ਸ਼ਿਕਾਰ ਹੋਏ ਸਨ। ਹਾਲਾਂਕਿ, ਹੁਣ ਜਾਂਚ ਵਿੱਚ ਇੱਕ ਮਹੱਤਵਪੂਰਨ ਖੁਲਾਸਾ ਹੋਇਆ ਹੈ ਕਿ ਗਾਇਕ ਰਾਜਵੀਰ ਜਵੰਦਾ ਦਾ ਬਾਈਕ ਹਾਦਸਾ ਹਿਮਾਚਲ ਪ੍ਰਦੇਸ਼ ਦੇ ਬੱਦੀ ਵਿੱਚ ਨਹੀਂ, ਸਗੋਂ ਹਰਿਆਣਾ ਦੇ ਪਿੰਜੌਰ ਵਿੱਚ ਹੋਇਆ ਸੀ। ਮਹੱਤਵਪੂਰਨ ਗੱਲ ਇਹ ਹੈ ਕਿ ਹਾਦਸੇ ਤੋਂ ਬਾਅਦ, ਇੱਕ ਨਿੱਜੀ ਹਸਪਤਾਲ ਨੇ ਉਨ੍ਹਾਂ ਦਾ ਇਲਾਜ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ਕਿਸੇ ਹੋਰ ਨਿੱਜੀ ਹਸਪਤਾਲ ਵਿੱਚ ਲਿਜਾਣਾ ਪਿਆ।

ਦਰਅਸਲ, ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੁਆਰਾ ਕੀਤੀ ਗਈ ਜਾਂਚ ਵਿੱਚ ਖੁਲਾਸਾ ਹੋਇਆ ਕਿ ਰਾਜਵੀਰ ਸਿੰਘ ਜਵੰਦਾ ਦੀ ਬਾਈਕ ਪਿੰਜੌਰ ਦੇ ਬਾਹਰਵਾਰ ਹਾਦਸਾਗ੍ਰਸਤ ਹੋ ਗਈ। ਪਿੰਜੌਰ ਪੁਲਿਸ ਸਟੇਸ਼ਨ ਤੋਂ ਪ੍ਰਾਪਤ ਡੀਡੀਆਰ (ਡੇਲੀ ਡਾਇਰੀ ਰਿਪੋਰਟ) ਵਿੱਚ ਖੁਲਾਸਾ ਹੋਇਆ ਹੈ ਕਿ ਪਿੰਜੌਰ ਦੇ ਸ਼ੌਰੀ ਹਸਪਤਾਲ ਨੇ ਰਾਜਵੀਰ ਸਿੰਘ ਜਵੰਦਾ ਨੂੰ ਮੁੱਢਲੀ ਸਹਾਇਤਾ ਨਹੀਂ ਦਿੱਤੀ, ਜਿਸ ਕਾਰਨ ਉਨ੍ਹਾਂ ਨੂੰ ਸਿਵਲ ਹਸਪਤਾਲ ਪੰਚਕੂਲਾ, ਫਿਰ ਪਾਰਸ ਹਸਪਤਾਲ ਪੰਚਕੂਲਾ ਅਤੇ ਫਿਰ ਫੋਰਟਿਸ ਹਸਪਤਾਲ ਮੋਹਾਲੀ ਲਿਜਾਇਆ ਗਿਆ, ਜਿੱਥੇ 11 ਦਿਨਾਂ ਬਾਅਦ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ।

ਸੰਗਠਨ ਦੇ ਜਨਰਲ ਸਕੱਤਰ, ਐਡਵੋਕੇਟ ਨਵਕਿਰਨ ਸਿੰਘ, ਨੇ ਇੱਕ ਪੱਤਰਕਾਰ ਦੇ ਨਾਲ, ਪਿੰਜੌਰ ਵਿੱਚ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਇੱਕ ਸਪਾਟ ਰਿਪੋਰਟ ਤਿਆਰ ਕੀਤੀ। ਸੰਗਠਨ ਨੇ ਹੁਣ ਰਾਜਵੀਰ ਸਿੰਘ ਜਵੰਦਾ ਦੇ ਇਲਾਜ ਵਿੱਚ ਸੰਭਾਵਿਤ ਡਾਕਟਰੀ ਲਾਪਰਵਾਹੀ,



ਜੋ ਕਿ ਉਸਦੀ ਮੌਤ ਦਾ ਕਾਰਨ ਬਣ ਸਕਦੀ ਹੈ, ਦੇ ਸੰਬੰਧ ਵਿੱਚ ਮਾਨਯੋਗ ਹਾਈ ਕੋਰਟ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ।

ਇਸ ਤੋਂ ਇਲਾਵਾ, ਸੜਕਾਂ 'ਤੇ ਅਵਾਰਾ ਪਸ਼ੂਆਂ ਕਾਰਨ ਹੋਣ ਵਾਲੇ ਹਾਦਸਿਆਂ, ਡਾਕਟਰੀ ਸਹੂਲਤਾਂ ਦੀ ਉਪਲਬਧਤਾ ਅਤੇ ਡਾਕਟਰਾਂ ਦੀਆਂ ਡਿਊਟੀਆਂ ਨਾਲ ਸਬੰਧਤ ਮੁੱਦੇ ਵੀ ਢੁਕਵੇਂ ਮੰਚਾਂ 'ਤੇ ਉਠਾਏ ਜਾਣਗੇ।ਰਾਜਵੀਰ ਜਵੰਦਾ ਇੱਕ ਪੰਜਾਬੀ ਗਾਇਕ ਅਤੇ ਅਦਾਕਾਰ ਸਨ। ਉਨ੍ਹਾਂ ਦਾ 8 ਅਕਤੂਬਰ, 2025 ਨੂੰ 35 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। 27 ਸਤੰਬਰ ਨੂੰ ਪਿੰਜੌਰ ਵਿੱਚ ਇੱਕ ਬਾਈਕ ਹਾਦਸੇ ਵਿੱਚ ਉਹ ਗੰਭੀਰ ਜਖ਼ਮੀ ਹੋ ਗਏ ਸਨ। ਉਨ੍ਹਾਂ ਕਈ ਪੰਜਾਬੀ ਫਿਲਮਾਂ ਵਿੱਚ ਕੰਮ ਕੀਤਾ ਸੀ ਅਤੇ ਕਈ ਗੀਤ ਗਾਏ ਸਨ। ਜਦੋਂ ਹਾਦਸਾ ਹੋਇਆ ਤਾਂ ਉਹ ਸ਼ਿਮਲਾ ਜਾ ਰਹੇ ਸਨ।ਜ਼ਖਮੀ ਹੋਣ ਤੋਂ ਬਾਅਦ, ਉਹ 11 ਦਿਨਾਂ ਤੱਕ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਵੈਂਟੀਲੇਟਰ 'ਤੇ ਰਹੇ, ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਨੂੰ ਲੈ ਕੇ ਹਿਮਾਚਲ ਪ੍ਰਦੇਸ਼ ਹਾਈ ਕੋਰਟ ਵਿੱਚ ਇੱਕਪਟੀਸ਼ਨ ਵੀ ਦਾਇਰ ਕੀਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਸੂਬਾ ਸਰਕਾਰ ਗਊ ਸੈੱਸ ਦੇ ਨਾਮ 'ਤੇ ਲੱਖਾਂ ਰੁਪਏ ਇਕੱਠੇ ਕਰ ਰਹੀ ਹੈ, ਪਰ ਅਵਾਰਾ ਪਸ਼ੂ ਸੜਕਾਂ 'ਤੇ ਘੁੰਮਦੇ ਰਹਿੰਦੇ ਹਨ, ਜਿਸ ਕਾਰਨ ਹਾਦਸੇ ਵਾਪਰਦੇ ਰਹਿੰਦੇ ਹਨ।

## ਰਾਹੁਲ ਗਾਂਧੀ ਨੂੰ ਸੁਪਰੀਮ ਕੋਰਟ ਤੋਂ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਾਂਗਰਸ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਦੋਸ਼ਾਂ ਦੀ ਜਾਂਚ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

ਇਕ ਜਨਹਿਤ ਪਟੀਸ਼ਨ ਵਕੀਲ ਰੋਹਿਤ ਪਾਂਡੇ ਦੁਆਰਾ ਦਾਇਰ ਕੀਤੀ ਗਈ ਸੀ, ਜਿਸ ਵਿੱਚ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ



ਰਾਹੁਲ ਗਾਂਧੀ ਦੁਆਰਾ ਲਗਾਏ ਗਏ 'ਵੋਟ ਚੋਰੀ' ਦੇ ਦੋਸ਼ਾਂ ਦੀ ਜਾਂਚ ਲਈ ਇੱਕ ਐਸਆਈਟੀ ਦੇ ਗਠਨ ਦਾ ਨਿਰਦੇਸ਼ ਦੇਵੇ।ਜਸਟਿਸ ਸੂਰਿਆ ਕਾਂਤ ਅਤੇ ਜੋਯਮਾਲਾ ਬਾਗਚੀ ਦੇ ਦੋ ਮੈਂਬਰੀ ਬੈਂਚ ਨੇ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਪਟੀਸ਼ਨਕਰਤਾ ਨੂੰ ਇਸ ਮਾਮਲੇ ਵਿੱਚ ਭਾਰਤੀ ਚੋਣ ਕਮਿਸ਼ਨ ਕੋਲ ਪਹੁੰਚ ਕਰਨੀ ਚਾਹੀਦੀ ਹੈ। ਅਦਾਲਤ ਨੇ ਕਿਹਾ, ''ਚੋਣ ਕਮਿਸ਼ਨ ਕੋਲ ਅਜਿਹੇ ਮਾਮਲਿਆਂ ਦੀ ਜਾਂਚ ਕਰਨ ਦੀ ਸ਼ਕਤੀ ਹੈ। ਤੁਸੀਂ ਉੱਥੇ ਜਾ ਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ।''ਸੁਪਰੀਮ ਕੋਰਟ ਦੇ ਇਸ ਨਿਰਦੇਸ਼ ਦੇ ਨਾਲ, ਰਾਹੁਲ ਗਾਂਧੀ ਦੇ ਵੋਟ ਚੋਰੀ ਦੇ ਦੋਸ਼ਾਂ ਦੀ ਠਿ ਜਾਂਚ ਦੀ ਮੰਗ ਹੁਣ ਖਤਮ ਹੋ ਗਈ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਚੋਣ ਪ੍ਰਕਿਰਿਆ ਜਾਂ ਨਤੀਜਿਆਂ ਨਾਲ ਸਬੰਧਤ ਸ਼ਿਕਾਇਤਾਂ ਦੀ ਜਾਂਚ ਕਰਨ ਦਾ ਅਧਿਕਾਰ ਸਿਰਫ਼ ਚੋਣ ਕਮਿਸ਼ਨ ਕੋਲ ਹੈ ਨਿਆਂਪਾਲਿਕਾ ਇਸ ਮਾਮਲੇ ਵਿੱਚ ਸਿੱਧੇ ਤੌਰ 'ਤੇ ਦਖਲ ਨਹੀਂ ਦੇ ਸਕਦੀ।

ਪਟੀਸ਼ਨਕਰਤਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਜਨਹਿੱਤ ਪਟੀਸ਼ਨ ਜਾਇਜ਼ ਨਹੀਂ ਹੈ ਅਤੇ ਇਸਨੂੰ ਰੱਦ ਕੀਤਾ ਜਾਂਦਾ ਹੈ।







**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਕੈਨੇਡਾ ਦੀ ਵਿਦੇਸ਼ ਮੰਤਰੀ ਵਲੋਂ ਨਰਿੰਦਰ ਮੋਦੀ ਅਤੇ ਜੈਸ਼ੰਕਰ ਨਾਲ ਮੁਲਾਕਾਤ

## ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ 'ਤੇ ਵਿਚਾਰ-ਚਰਚਾ





**ਨਵੀਂ ਦਿੱਲੀ:** ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਕਿਹਾ ਕਿ ਉਨ੍ਹਾਂ ਦੀ ਭਾਰਤ ਫੇਰੀ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੀ ਸਾਂਝੇਦਾਰੀ ਨੂੰ ਹੋਰ ਹੁਲਾਰਾ ਦੇਵੇਗੀ। ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਉਨ੍ਹਾਂ ਦੀ ਫੇਰੀ ਦੁਵੱਲ ਸੰਬੰਧਾਂ ਨੂੰ ਨਵੀਂ ਊਰਜਾ ਦੇਵੇਗੀ। ਪ੍ਰਧਾਨ ਮੰਤਰੀ ਨੇ ਇਸ ਸਾਲ ਮਈ 'ਚ ਕੈਨੇਡਾ 'ਚ ਜੀ-7 ਸੰਮੇਲਨ ਦੌਰਾਨ ਆਪਣੇ ਕੈਨੇਡਾ ਦੌਰੇ ਦੀ ਚਰਚਾ ਕੀਤੀ, ਜਿਸ 'ਚ ਉਨ੍ਹਾਂ ਦੀ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਨਾਲ 'ਬੇਹੱਦ ਲਾਭਕਾਰੀ' ਮੁਲਾਕਾਤ ਸੀ। ਇਸ ਮੌਕੇ ਪ੍ਰਧਾਨ ਮੰਤਰੀ ਨੇ- ਕਿਹਾ ਕਿ ਵਪਾਰ, ਊਰਜਾ, ਤਕਨਾਲੋਜੀ, ਖੇਤੀਬਾੜੀ ਅਤੇ ਆਪਸੀ ਸੰਬੰਧਾਂ 'ਚ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਵਧਾਉਣਾ ਮਹੱਤਵਪੂਰਨ ਹੈ। ਮੋਦੀ ਨੇ ਕਾਰਨੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਉਹ ਹੋਰ ਮੀਟਿੰਗਾਂ ਦੀ ਉਮੀਦ ਕਰਦੇ ਹਨ। ਇਸ ਤੋਂ ਪਹਿਲਾਂ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਆਪਣੇ ਭਾਰਤੀ ਹਮਰੁਤਬਾ ਐਸ. ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਮੀਟਿੰਗ ਉਪਰੰਤ ਜੈਸ਼ੰਕਰ ਨੇ ਕਿਹਾ ਕਿ ਮੁਲਾਕਾਤ 26 ਮਈ ਨੂੰ ਆਪਸੀ ਟੈਲੀਫੋਨ ਰਾਹੀਂ ਹੋਈ ਗੱਲਬਾਤ ਤੋਂ ਬਾਅਦ ਚੱਲ ਰਹੀ ਰਚਨਾਤਮਿਕ ਚਰਚਾ ਦਾ ਹਿੱਸਾ ਹੈ। ਭਾਰਤ-ਕੈਨੇਡਾ ਦੁਵੱਲੇ ਸੰਬੰਧ ਪਿਛਲੇ ਦੋ ਮਹੀਨਿਆਂ ਵਿਚ ਲਗਾਤਾਰ ਅੱਗੇ ਵਧੇ ਹਨ। ਅਸੀਂ ਆਪਣੀ ਭਾਈਵਾਲੀ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਵਿਧੀਆਂ ਨੂੰ ਮੁੜ ਸ਼ੁਰੂ ਕਰਨ ਅਤੇ ਮਜ਼ਬੂਤ ਕਰਨ ਲਈ ਕੰਮ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਜਿਵੇਂ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਨਾਨਾਸਕਿਸ ਵਿਚ ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਨਾਲ ਆਪਣੀ ਮੁਲਾਕਾਤ ਦੌਰਾਨ ਕਿਹਾ ਸੀ, ਭਾਰਤ ਦਾ ਦ੍ਰਿਸ਼ਟੀਕੋਣ ਸਾਕਾਰਾਤਮਿਕ ਮਾਨਸਿਕਤਾ ਨਾਲ ਅੱਗੇ ਵਧਣਾ ਹੈ। ਅੱਜ ਸਵੇਰੇ ਤੁਸੀਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਤੋਂ ਨਿੱਜੀ ਤੌਰ 'ਤੇ ਸਹਿਯੋਗ ਲਈ ਸਾਡੇ ਦ੍ਰਿਸ਼ਟੀਕੋਣ ਅਤੇ ਇਸ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਸਾਕਾਰ ਕਰਨਾ ਹੈ, ਬਾਰੇ 'ਸੁਣਿਆ। ਜੈਸ਼ੰਕਰ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਅੱਜ ਦੀ ਮੀਟਿੰਗ ਵਿਚ ਆਪਸੀ ਸੰਬੰਧਾਂ ਨੂੰ ਹੋਰ ਅੱਗੇ ਵਧਾਉਣ ਲਈ ਇਕ ਉਤਸ਼ਾਹਜਨ ਖਾਕਾ ਤਿਆਰ ਕੀਤਾ ਹੈ, ਜੋ ਵਪਾਰ, ਨਿਵੇਸ਼, ਖੇਤੀਬਾੜੀ, ਵਿਗਿਆਨ ਅਤੇ ਤਕਨਾਲੋਜੀ, ਸਿਵਲ ਪ੍ਰਮਾਣੂ ਸਹਿਯੋਗ ਲਈ ਹੈ।

# ਮਾਨ ਸਰਕਾਰ ਦੀ ਲਾਪ੍ਰਵਾਹੀ ਨਾਲ ਆਏ ਹੜ੍ਹ: ਮਨਪ੍ਰੀਤ ਬਾਦਲ



**ਅੰਮ੍ਰਿਤਸਰ:** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਵਿਚ ਹੜ੍ਹਾਂ ਤੋਂ ਬਾਅਦ ਲੋਕਾਂ ਨੂੰ ਰਾਹਤ ਦੇਣ ਵਿਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਹਰ ਸਾਲ, ਰਾਜ ਸਰਕਾਰਾਂ ਬਰਸਾਤ ਦੇ ਮੌਸਮ ਤੋਂ ਪਹਿਲਾਂ ਸਥਿਤੀ ਦਾ ਜਾਇਜ਼ਾ ਲੈਣ ਲਈ ਮੀਟਿੰਗਾਂ ਕਰਦੀਆਂ ਹਨ, ਪਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਨੇ ਇਸ ਸਬੰਧੀ ਕੋਈ ਮੀਟਿੰਗ ਨਹੀਂ ਕੀਤੀ, ਜਿਸ ਕਾਰਨ ਪੰਜਾਬ ਦੇ ਲੋਕ ਦੁਖੀ ਹਨ। ਬਾਦਲ ਨੇ ਇਹ ਬਿਆਨ ਭਾਜਪਾ ਦਫ਼ਤਰ ਵਿਖੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ ਪ੍ਰੈੱਸ ਕਾਨਫਰੰਸ ਵਿਚ ਦਿੱਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਮੌਸਮ ਵਿਭਾਗ ਵੱਲੋਂ ਬਾਰਿਸ਼ ਦੀਆਂ ਚਿਤਾਵਨੀਆਂ ਨੂੰ ਅਣਗੌਲਿਆ ਕੀਤਾ।

# ਓਪੀ ਸਿੰਘ ਨੂੰ ਹਰਿਆਣਾ ਦੇ ਡੀ. ਜੀ. ਪੀ. ਦਾ ਵਾਧੂ ਚਾਰਜ

**ਚੰਡੀਗੜ੍ਹ:** ਓ ਪੀ ਸਿੰਘ ਜੋ ਇਸ ਸਮੇਂ ਹਰਿਆਣਾ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਐਮਡੀ ਵਜੋਂ ਤਾਇਨਾਤ ਹਨ, ਨੂੰ ਡੀ ਜੀ ਪੀ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਓਪੀ ਸਿੰਘ 1992 ਬੈਚ ਦੇ ਆਈਪੀਐਸ ਅਧਿਕਾਰੀ ਹਨ। ਦਸੰਬਰ 2025 ਵਿੱਚ ਉਹ ਸੇਵਾਮੁਕਤ ਹੋ ਰਹੇ ਹਨ। ਓਪੀ ਸਿੰਘ ਮੂਲ ਰੂਪ ਵਿੱਚ ਬਿਹਾਰ ਦੇ ਜਮੂਈ ਜ਼ਿਲ੍ਹੇ ਦੇ ਰਹਿਣ ਵਾਲੇ ਹਨ।



## ਪੰਜਾਬ ਵਿਚ 20,000 ਰੁਪਏ ਮਿਲੇਗਾ ਖਰਾਬੇ ....

*(ਪਹਿਲੇ ਸਫ਼ੇ ਦਾ ਬਾਕੀ)*

ਇਸ ਤੋਂ ਬਾਅਦ ਹੀ ਤੈਅ ਰੇਟ 'ਤੇ ਅਲਾਟ ਜ਼ਮੀਨ ਦਾ ਕਬਜ਼ਾ ਦਿੱਤਾ ਜਾਵੇਗਾ। ਇਹ ਫੈਸਲੇ ਦਾ ਮਕਸਦ ਜ਼ਮੀਨ ਦੀ ਅਲਾਟਮੈਂਟ ਲਈ ਪਾਰਦਰਸ਼ੀ, ਨਿਰਪੱਖ ਤੇ ਢਾਂਚਾਗਤ ਢਾਂਚਾ ਪਹੁੰਚ ਪ੍ਰਦਾਨ ਕਰਨਾ ਹੈ, ਜਿਸ ਨਾਲ ਸੂਬੇ ਦੇ ਸ਼ਹਿਰੀ ਯੋਜਨਾਬੰਦੀ ਟੀਚਿਆਂ ਦੇ ਅਨੁਸਾਰ ਸਮੇਂ-ਸਿਰ ਉਸਾਰੀ ਤੇ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਮੰਤਰੀ ਮੰਡਲ ਨੇ ਮੈਗਾ ਹਾਊਸਿੰਗ ਪ੍ਰੋਜੈਕਟਾਂ ਦੇ ਵਿਸਥਾਰ ਲਈ ਕੇਵਲ ਇਕ ਵਾਰ ਵਾਧਾ (ਵਿਸਥਾਰ) ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਇਸ ਤਹਿਤ ਹੁਣ ਕੋਈ ਵੀ ਬਿਲਡਰ, ਡੈਵਲਪਰ 25 ਹਜ਼ਾਰ ਰੁਪਏ ਪ੍ਰਤੀ ਏਕੜ ਫੀਸ ਅਦਾ ਕਰ ਕੇ 25 ਏਕੜ ਤੱਕ ਇਕ ਵਾਰ ਪ੍ਰੋਜੈਕਟ ਦਾ ਵਿਸਥਾਰ ਕਰ ਸਕੇਗਾ। ਫੈਸਲੇ ਮੁਤਾਬਕ 31 ਦਸੰਬਰ 2025 ਤੋਂ ਵੱਧ ਤੋਂ ਵੱਧ ਪੰਜ ਸਾਲਾਂ ਦੀ ਮਿਆਦ ਲਈ ਪ੍ਰਮੋਟਰ ਦੀ ਬੇਨਤੀ 'ਤੇ 25 ਹਜ਼ਾਰ ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਦੇ ਹਿਸਾਬ ਨਾਲ ਸਿਰਫ਼ ਇਕ ਵਾਰ ਵਾਧੇ ਦੀ ਆਗਿਆ ਦਿੱਤੀ ਜਾਵੇਗੀ। ਵਿਕਾਸ ਅਥਾਰਟੀਆਂ ਦੀਆਂ ਵੱਖ-ਵੱਖ ਥਾਵਾਂ ਦੀ ਰਾਖਵੀਂ ਕੀਮਤ ਤੈਅ ਕਰਨ ਦੀ ਪ੍ਰਕਿਰਿਆ ਨੂੰ ਹੋਰ ਸਰਲ ਤੇ ਸੁਖਾਲਾ ਬਣਾਉਣ ਲਈ ਮੰਤਰੀ ਮੰਡਲ ਨੇ ਪਲਾਟਾਂ ਦੀ ਰਾਖਵੀਂ ਕੀਮਤ ਤੈਅ ਕਰਨ ਲਈ ਨੀਤੀ 'ਚ ਸੋਧ ਨੂੰ ਵੀ ਸਹਿਮਤੀ ਦੇ ਦਿੱਤੀ। ਪ੍ਰਚਲਤ ਈ-ਨਿਲਾਮੀ ਨੀਤੀ ਵਿਚ ਸੋਧ ਮੁਤਾਬਕ ਸਾਈਟ ਦੀ ਰਾਖਵੀਂ ਕੀਮਤ ਕੌਮੀ ਬੈਂਕਾਂ 'ਚ ਸੂਚੀਬੱਧ ਤਿੰਨ ਸੁਤੰਤਰ ਮੁੱਲਕਾਰਾਂ ਦੇ ਮੁਲਾਂਕਣ ਮੁਤਾਬਕ ਤੈਅ ਕੀਤੀ ਜਾਵੇਗੀ। ਇਕ ਵਾਰ ਨਿਲਾਮੀ ਲਈ ਤੈਅ ਕੀਤੀ ਗਈ ਰਾਖਵੀਂ ਕੀਮਤ ਕੈਲੰਡਰ ਸਾਲ ਲਈ ਯੋਗ ਰਹੇਗੀ। ਇਸ ਤਰ੍ਹਾਂ ਪਲਾਟਾਂ ਦੀਆਂ ਕੀਮਤਾਂ ਦੀ ਨੀਲਾਮੀ 'ਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਵਧਾਉਣ ਲਈ ਕੀਤਾ ਗਿਆ ਹੈ। ਇਕ ਹੋਰ ਫੈਸਲੇ ਵਿਚ ਮੰਤਰੀ ਮੰਡਲ ਨੇ ਵੱਖ-ਵੱਖ ਵਿਭਾਗਾਂ 'ਚ ਕੰਮ ਕਰਨ ਵਾਲੇ ਓਐੱਸਡੀ (ਲਿਟੀਗੇਸ਼ਨ) ਨੂੰ ਮਿਲਣ ਵਾਲੇ ਨਿਰਧਾਰਤ ਮਿਹਨਤਾਨੇ ਨੂੰ ਵਧਾਉਣ ਨੂੰ ਵੀ ਸਹਿਮਤੀ ਦੇ ਦਿੱਤੀ ਹੈ। ਵੱਖ-ਵੱਖ ਵਿਭਾਗਾਂ 'ਚ ਓਐੱਸਡੀ (ਲਿਟੀਗੇਸ਼ਨ) ਦੀਆਂ 13 ਅਸਥਾਈ ਅਸਾਮੀਆਂ ਸਿਰਜੀਆਂ ਗਈਆਂ ਹਨ।

ਉਨ੍ਹਾਂ ਦੀ ਰਿਟੇਨਰਸ਼ਿਪ ਫੀਸ 50,000 ਰੁਪਏ ਤੋਂ ਵਧਾ ਕੇ 60,000 ਰੁਪਏ ਕਰ ਦਿੱਤੀ ਗਈ ਸੀ। ਮੰਤਰੀ ਮੰਡਲ ਨੇ ਮੰਡੀ ਗੋਬਿੰਦਗੜ੍ਹ ਤੇ ਖੰਨਾ ਖੇਤਰ ਦੀਆਂ ਰੋਲਿੰਗ ਮਿੱਲਾਂ ਨੂੰ ਕੋਲੇ ਤੋਂ ਪੀਐੱਨਜੀ 'ਚ ਤਬਦੀਲ ਕਰਨ ਲਈ ਕੈਬਨਿਟ ਸਬ-ਕਮੇਟੀ ਦੇ ਗਠਨ ਨੂੰ ਵੀ ਕਾਰਜ-ਬਾਅਦ ਪ੍ਰਵਾਨਗੀ ਦੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਇੰਡਸਟਰੀ ਵਿਭਾਗ, ਸਥਾਨਕ ਸਰਕਾਰਾਂ ਵਿਭਾਗ ਤੇ ਖਪਤਕਾਰ ਮਾਮਲੇ ਵਿਭਾਗ ਦੇ ਮੰਤਰੀ ਨੂੰ ਇਸ ਕਮੇਟੀ ਵਿਚ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਮਾਈਨਰ ਮਿਨਰਲ ਰੂਲਜ਼, 2013 'ਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਨਾਲ ਸੂਬੇ 'ਚ ਦਾਖ਼ਲ ਹੋਣ ਸਮੇਂ ਪ੍ਰੋਸੈਸਡ ਜਾਂ ਅਣਪ੍ਰੋਸੈਸਡ ਛੋਟੇ ਖਣਿਜ ਪਦਾਰਥ (ਮਾਈਨਰ ਮਿਨਰਲਜ਼) ਲਿਜਾਣ ਵਾਲੇ ਵਾਹਨਾਂ 'ਤੇ ਫੀਸ ਲਾਈ ਜਾ ਸਕੇਗੀ। ਇਸ ਨਾਲ ਵਿਭਾਗ ਨੂੰ ਅੰਤਰਰਾਜੀ ਚੈੱਕਪੋਸਟਾਂ 'ਤੇ ਸੰਚਾਲਨ ਲਾਗਤ ਪੂਰਾ ਕਰਨ 'ਚ ਮਦਦ ਮਿਲੇਗੀ। ਇਨ੍ਹਾਂ ਚੈੱਕਪੋਸਟਾਂ ਦੇ ਸਿਸਟਮ ਨੂੰ ਹੋਰ ਮਜ਼ਬੂਤ ਤੇ ਅਸਰਦਾਰ ਬਣਾਇਆ ਜਾ ਸਕੇਗਾ ਤੇ ਇਨ੍ਹਾਂ ਦੀ ਸਾਂਭ ਸੰਭਾਲ 'ਚ ਵੀ ਮਦਦ ਮਿਲੇਗੀ।

### ਪੁਲਿਸ ਥਾਣਿਆਂ ਦੇ ਪਿੰਡ ਬਦਲਣ ਦੀ ਤਜਵੀਜ਼ 'ਤੇ ਵੀ ਮੋਹਰ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਇਕ ਹੋਰ ਮਹੱਤਵਪੂਰਨ ਫ਼ੈਸਲਾ ਲਿਆ ਹੈ। ਜਿਸ ਤਹਿਤ ਗ੍ਰਹਿ ਵਿਭਾਗ ਨੂੰ ਪੁਲਿਸ ਸਟੇਸ਼ਨਾਂ 'ਚ ਪਿੰਡ ਬਦਲਣ ਦੀ ਸਹਿਮਤੀ ਦੇ ਦਿੱਤੀ ਹੈ। ਚੀਮਾ ਨੇ ਦੱਸਿਆ ਕਿ ਬਹੁਤ ਸਾਰੇ ਪਿੰਡ ਅਜਿਹੇ ਹਨ, ਜਿਹੜੇ ਕਿ ਦੂਰ ਦੁਰਾਡੇ ਸਥਿਤ ਪੁਲਿਸ ਸਟੇਸ਼ਨਾਂ ਨਾਲ ਜੁੜੇ ਹੋਏ ਹਨ। ਜਦਕਿ ਕਈ ਪੁਲਿਸ ਸਟੇਸ਼ਨ ਉਨ੍ਹਾਂ ਦੇ ਨੇੜ੍ਹੇ ਪੈਂਦੇ ਹਨ। ਉਨ੍ਹਾਂ ਸੰਗਰੂਰ ਜਿਲ੍ਹੇ 'ਚ ਦਿੜਬਾ ਦੇ ਇਕ ਪਿੰਡ ਦੀ ਉਦਾਹਰਨ ਵੀ ਦਿੱਤੀ।

### ਜੇਲ੍ਹਾਂ 'ਚ ਚੌਕਸੀ ਲਈ ਖ਼ਰੀਦੇ ਜਾਣਗੇ ਸਨਿਫਰ ਡੌਗ

ਜੇਲ੍ਹਾਂ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ, ਮੁਲਾਕਾਤੀਆਂ ਦੀ ਤਲਾਸ਼ੀ ਲਈ ਹੁਣ ਪੁਲਿਸ ਮੁਲਾਜ਼ਮਾਂ ਦੀ ਬਜਾਏ ਕੁੱਤਿਆਂ 'ਤੇ ਭਰੋਸਾ ਕੀਤਾ ਜਾਵੇਗਾ। ਸਰਕਾਰ ਨੇ ਜੇਲ੍ਹਾਂ ਲਈ ਸਨਿਫ਼ਰ ਕੁੱਤੇ ਖ਼ਰੀਦਣ ਲਈ ਸਹਿਮਤੀ ਦੇ ਦਿੱਤੀ ਹੈ। ਚੀਮਾ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਪੰਜਾਬ ਟਰਾਂਸਪੇਰੈਂਸੀ ਇਨ ਪ੍ਰੋਕਿਊਰਮੈਂਟ ਐਕਟ 2019 ਦੀ ਧਾਰਾ 63(1) ਤਹਿਤ ਲਾਗੂ ਸਨਿਫਰ ਕੁੱਤੇ ਖਰੀਦਣ ਲਈ ਛੋਟ ਦਿੱਤੀ ਹੈ। ਜੇਲ੍ਹਾਂ ਦੇ ਅੰਦਰੋਂ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਵਾਸਤੇ ਜੇਲ੍ਹਾਂ ਦੀਆਂ ਸੁਰੱਖਿਆ ਜ਼ਰੂਰਤਾਂ ਲਈ ਬੀਐੱਸਐਫ, ਸੀਆਰਪੀਐੱਫ ਤੋਂ ਛੇ ਸਨਿਫਰ ਕੁੱਤੇ ਖਰੀਦੇ ਜਾਣਗੇ। ਇਹ ਕਦਮ ਜੇਲ੍ਹਾਂ ਦੀ ਸੁਰੱਖਿਆ ਵਧਾਉਣ ਤੇ ਜੇਲ੍ਹਾਂ 'ਚ ਅਪਰਾਧਿਕ ਸਰਗਰਮੀਆਂ ਦੀ ਜਾਂਚ ਕਰਨ 'ਚ ਸਹਾਇਤਾ ਕਰੇਗਾ।

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ...

*(ਪਹਿਲੇ ਸਫ਼ੇ ਦਾ ਬਾਕੀ)*

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਲੋਂ "ਬੇਅਦਬੀ ਦੇ ਦਾਗਾਂ ਵਾਲਿਆਂ ਨਾਲ ਕੋਈ ਸਮਝੌਤਾ ਨਹੀਂ ਕਰਾਂਗੇ" ਕਹਿ ਕੇ ਸਪੱਸ਼ਟ ਕਰ ਦਿੱਤਾ ਹੈ ਕਿ 2027 ਦੀਆਂ ਵਿਧਾਨ ਸਭਾ ਵੀ ਭਾਰਤੀ ਜਨਤਾ ਪਾਰਟੀ ਇਕੱਲੀ ਹੀ ਲੜੇਗੀ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਚਾਨਕ ਚੋਣ ਦਾ ਐਲਾਨ ਕਰਨ ਪਿੱਛੇ ਕੀ ਰਹੱਸ ਹੈ ਇਹ ਅਜੇ ਸਪੱਸ਼ਟ ਹੋਣਾ ਹੈ। ਇਹ ਚੋਣ ਹਰ ਸਾਲ ਨਵੰਬਰ ਦੇ ਅਖੀਰ ਵਿਚ ਹੁੰਦੀ ਹੈ।ਪਰ ਇਸ ਵਾਰ ਨਵੰਬਰ ਦੇ ਸ਼ੁਰੂ ਵਿੱਚ ਹੀ ਕਰਵਾਈ ਜਾ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਰਿੰਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ੍ਰੀ ਹਰਿਮੰਦਰ ਸਾਹਿਬ ਨੂੰ ਭੇਟ ਕੀਤੇ ਹਰਮੋਨੀਅਮ ਸੋਨੇ ਦੇ ਨਹੀਂ

**ਅੰਮ੍ਰਿਤਸਰ:** ਪਿਛਲੇ ਕੁਝ ਦਿਨਾਂ ਤੋਂ ਇੰਟਰਨੈੱਟ ਮੀਡੀਆ 'ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਕੁਝ ਸ਼ਰਧਾਲੂਆਂ ਵੱਲੋਂ ਭੇਟ ਕੀਤੇ ਗਏ ਸੋਨੇ ਦੇ ਦੋ ਹਾਰਮੋਨੀਅਮ ਤੇ ਸੋਨੇ ਦੇ ਚਵਰ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ। ਜਦਕਿ ਅਸਲ 'ਚ ਇਹ ਹਾਰਮੋਨੀਅਮ ਸੋਨੇ ਦੇ ਨਹੀਂ ਬਲਕਿ ਇਨ੍ਹਾਂ 'ਤੇ ਸਿਰਫ਼ ਸਨਮਾਇਕਾ ਹੀ ਸੁਨਹਿਰੀ ਰੰਗ ਦਾ ਚੜ੍ਹਾਇਆ ਗਿਆ ਹੈ। ਇਸ ਤੋਂ ਇਲਾਵਾ ਚਵਰ ਦੀ ਵੀ ਸਿਰਫ਼ ਡੰਡੀ ਹੀ ਸੋਨੇ ਦੀ ਹੈ। ਇਸ ਦੀ ਪੁਸ਼ਟੀ ਖ਼ੁਦ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕੀਤੀ ਹੈ। ਇਹ ਸਾਰਾ ਸਮਾਨ ਸ਼ਰਧਾਲੂਆਂ ਨੇ ਆਪਣੀ ਪਛਾਣ ਗੁਪਤ ਰਖਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੇ ਹੱਥੀਂ ਭੇਟ ਕੀਤਾ। ਇਸ ਦੌਰਾਨ ਸਾਮਾਨ ਭੇਟ ਕਰਨ ਵਾਲੇ ਕੁਝ ਸਿੰਘਾਂ ਨੂੰ ਸਿਰੋਪਾਓ ਵੀ ਬਖਸ਼ਿਸ਼ ਕੀਤਾ ਗਿਆ।

ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਅੱਠ ਅਕਤੂਬਰ ਨੂੰ ਕੁਝ ਸ਼ਰਧਾਲੂਆਂ ਨੇ ਸ੍ਰੀ ਹਰਿਮਮੰਦਰ ਸਾਹਿਬ ਨੂੰ ਸੁਨਹਿਰੀ ਰੰਗ ਦੇ ਦੋ ਹਰਮੋਨੀਅਮ ਤੇ ਇਕ ਚਵਰ ਭੇਟ ਕੀਤੀ ਸੀ। ਉਸ ਦਿਨ ਤੋਂ ਹੀ ਇੰਟਰਨੈੱਟ ਮੀਡੀਆ 'ਤੇ ਇਨ੍ਹਾਂ ਦੋਵਾਂ ਵਸਤਾਂ ਨੂੰ ਸੋਨੇ ਦੀਆਂ ਦੱਸ ਕੇ ਪ੍ਰਚਾਰਿਆ ਜਾ ਰਿਹਾ ਹੈ। ਇਸ ਸੰਬੰਧੀ ਤਸਵੀਰਾਂ ਲਗਾਤਾਰ ਵਾਇਰਲ ਹੋ ਰਹੀਆਂ ਹਨ। ਇਸ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਸਪੱਸ਼ਟ ਕੀਤਾ ਕਿ ਜਿਹੜੇ ਦੋ ਸੋਨੇ ਦੇਹਰਮੋਨੀਅਮ ਪ੍ਰਚਾਰੇ ਜਾ ਰਹੇ ਹਨ, ਉਹ ਲੱਕੜ ਦੇ ਹਨ। ਉਨ੍ਹਾਂ 'ਤੇ ਸਿਰਫ਼ ਸੁਨਹਿਰੀ ਰੰਗ ਦਾ ਸਨਮਾਇਕਾ ਲੱਗਾ ਹੈ। ਇਸ ਦੀ ਰਸੀਦ ਕੱਟ ਕੇ ਇਸ ਨੂੰ ਰਜਿਸਟਰ 'ਚ ਵੀ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭੇਟ ਕੀਤਾ ਗਏ ਚਵਰ ਦੀ ਸਿਰਫ਼ ਡੰਡੀ ਸੋਨੇ ਦੀ ਹੈ। ਹਾਲਾਂਕਿ ਉਸ 'ਤੇ ਕਿੰਨਾ ਸੋਨਾ ਲੱਗਾ ਹੈ, ਇਹ ਵੀ ਪੂਰਾ ਸਪੱਸ਼ਟ ਨਹੀਂ ਹੈ।



### ਪਿਛਲੇ ਸਾਲ ਭੇਟ ਕੀਤੇ ਫੁੱਲਦਾਨ ਵੀ 20 ਕਰੋੜ ਦੇ ਨਹੀਂ

ਇਸ ਤੋਂ ਪਹਿਲਾਂ 19 ਅਕਤੂਬਰ 2024 ਨੂੰ ਵੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਭੇਟੇ ਕੀਤੇ ਗਏ ਫੁੱਲਦਾਨ ਵੀ ਸੋਨੇ ਦੇ ਦੱਸੇ ਗਏ ਸਨ। ਇਹ ਵੀ ਕਿਹਾ ਗਿਆ ਸੀ ਇਨ੍ਹਾਂ ਦੀ ਕੀਮਤ 20 ਕਰੋੜ ਰੁਪਏ ਹੈ। ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ ਇਨ੍ਹਾਂ ਫੁੱਲਦਾਨਾਂ ਦੀ ਕੀਮਤ 20 ਕਰੋੜ ਰੁਪਏ ਦੱਸੀ ਜਾ ਰਹੀ ਹੈ ਪਰ ਇਹ ਸਪਸ਼ਟ ਨਹੀਂ, ਕਿਉਂਕਿ ਇਨ੍ਹਾਂ ਦੀ ਕੀਮਤ ਮਾਪੀ ਨਹੀਂ ਗਈ ਪਰ ਇਹ ਸਾਫ਼ ਹੈ ਕਿ ਇਹ ਪੂਰੀ ਤਰ੍ਹਾਂ ਸੋਨੇ ਦੇ ਨਹੀਂ ਹਨ। ਇਨ੍ਹਾਂ ਦਾ ਬੇਸ ਪਿੱਤਲ ਦਾ ਹੈ ਤੇ ਇਨ੍ਹਾਂ 'ਤੇ ਸੋਨੇ ਦੀ ਝਾਲ/ਪਰਤ ਹੈ। ਇਨ੍ਹਾਂ ਬਾਰੇ ਵੀ ਇਸੇ ਤਰ੍ਹਾਂ ਰਜਿਸਟਰ 'ਚ ਦਰਜ ਹੈ।

### ਐੱਸਜੀਪੀਸੀ ਵੀਡੀਓ ਜਾਰੀ ਕਰ ਕੇ ਸਥਿਤੀ ਕਰੇਗੀ ਸਪੱਸ਼ਟ

ਦੱਸਣਯੋਗ ਹੈ ਕਿ ਅਕਸਰ ਸ੍ਰੀ ਹਰਿਮੰਦਰ ਸਾਹਿਬ ਨੂੰ ਭੇਟ ਕੀਤੇ ਗਏ ਸਾਮਾਨ ਦੀ ਕੀਮਤ ਪਹਿਲਾਂ ਕਰੋੜਾਂ 'ਚ ਦੱਸੀ ਜਾਂਦੀ ਹੈ, ਜਦਕਿ ਅਸਲ 'ਚ ਇਹ ਹਜ਼ਾਰਾਂ ਤੇ ਲੱਖਾਂ ਦੀ ਕੀਮਤ ਦਾ ਨਿਕਲਦਾ ਹੈ। ਹੁਣ ਸ਼੍ਰੋਮਣੀ ਕਮੇਟੀ ਦੇ ਮੀਡੀਆ ਸਕੱਤਰ ਹਰਭਜਨ ਸਿੰਘ ਵਕਤਾ ਨੇ ਦੱਸਿਆ ਕਿ ਜਲਦ ਹੀ ਇਸ ਸਬੰਧੀ ਇਕ ਵੀਡੀਓ ਜਾਰੀ ਕਰ ਕੇ ਸੰਗਤ ਨੂੰ ਸਪੱਸ਼ਟ ਕੀਤਾ ਜਾਵੇਗਾ ਕਿ ਉਪਰੋਕਤ ਸਮਾਨ ਦਾ ਅਸਲ ਸੱਚ ਕੀ ਹੈ? ਫਿਲਹਾਲ ਆਮ ਲੋਕਾਂ ਨੂੰ ਇਹੋ ਦਿਖਾਈ ਦੇ ਰਿਹਾ ਹੈ ਕਿ ਪਿਛਲੇ ਸਾਲ 20 ਕਰੋੜ ਰੁਪਏ ਕੀਮਤ ਦੇ ਫੁੱਲਦਾਨ ਤੇ ਇਸ ਵਾਰ ਦੋ ਸੋਨੇ ਦੇ ਹਰਮੋਨੀਅਮ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕੀਤੇ ਗਏ ਹਨ।

# ਚੀਨ ਅਤੇ ਅਮਰੀਕਾ ਵਿਚ ਟੈਰਿਫ਼ ਜੰਗ ਹੋਰ ਤੇਜ਼ ਹੋਈ

**ਨਵੀਂ ਦਿੱਲੀ:** ਅਮਰੀਕਾ ਨੇ ਚੀਨ ਤੋਂ ਦਰਾਮਦਸ਼ੁਦਾ ਸਾਰੇ ਉਤਪਾਦਾਂ 'ਤੇ 100 ਫ਼ੀਸਦ ਟੈਰਿਫ ਲਾਉਣ ਦਾ ਐਲਾਨ ਕੀਤਾ ਹੈ ਤੇ ਇਸ 'ਤੇ ਚੀਨ ਦਾ ਵੀ ਪ੍ਰਤੀਕਰਮ ਆ ਰਿਹਾ ਹੈ। ਟਰੰਪ ਨੇ ਪਹਿਲੀ ਨਵੰਬਰ ਤੋਂ ਇਹ ਟੈਰਿਫ ਚੀਨ 'ਤੇ ਲਾਗੂ ਕਰਨ ਲਈ ਕਿਹਾ ਹੈ। ਅਮਰੀਕੀ ਪਲਾਸਟਿਕ ਅਤੇ ਰਬੜ ਉਤਪਾਦਾਂ ਤੋਂ ਇਲਾਵਾ ਉਦਯੋਗਾਂ 'ਚ ਵਰਤਣ ਵਾਲਾ ਸਾਮਾਨ ਖ਼ਰੀਦਦਾ ਹੈ। ਚੀਨ ਤੋਂ ਬਾਕੀ ਮੁਲਕ ਵੀ ਇਨ੍ਹਾਂ ਚੀਜ਼ਾਂ ਦੀ ਵੱਡੇ ਪੱਧਰ 'ਤੇ ਖ਼ਰੀਦਦਾਰੀ ਕਰਦੇ ਹਨ। ਜੇਕਰ ਦੋਵੇਂ ਮੁਲਕ ਇਕ-ਦੂਜੇ ਨੂੰ ਟੈਰਿਫ ਰਾਹੀਂ ਜਵਾਬ ਦਿੰਦੇ ਹਨ ਤਾਂ ਇਸ ਦਾ ਅਸਰ ਉਨ੍ਹਾਂ ਦੇ ਆਪਸੀ



ਰਾਸ਼ਟਰਪਤੀ ਨੇ ਦਾਅਵਾ ਕੀਤਾ ਸੀ ਕਿ ਚੀਨ ਆਪਣੇ ਵਪਾਰ ਰਾਹੀਂ ਸਾਰੇ ਮੁਲਕਾਂ ਨੂੰ ਬੰਧਕ ਬਣਾਉਣ 'ਚ ਲੱਗਾ ਹੋਇਆ ਹੈ। ਚੀਨ 'ਤੇ ਟਰੰਪ ਵੱਲੋਂ ਜੋ 100 ਫ਼ੀਸਦ ਟੈਰਿਫ ਦਾ ਐਲਾਨ ਕੀਤਾ ਗਿਆ ਹੈ, ਇਹ ਪਹਿਲਾਂ ਤੋਂ ਹੀ ਲਾਗੂ 30 ਫ਼ੀਸਦ ਟੈਰਿਫ ਤੋਂ ਵੱਖਰੇ ਤੌਰ 'ਤੇ ਲਗਾਇਆ ਜਾ ਰਿਹਾ ਹੈ। ਇਸ ਦੇ ਜਵਾਬ 'ਚ ਚੀਨ ਨੇ ਕਿਹਾ ਹੈ ਕਿ ਅਮਰੀਕਾ ਦਾ ਇਹ ਕਦਮ ਸਹੀ ਨਹੀਂ । ਦੋਵਾਂ ਮੁਲਕਾਂ ਵਿਚਾਲੇ ਲੰਬੀ-ਚੌੜੀ ਕਾਰੋਬਾਰੀ ਸਾਂਝੇਦਾਰੀ ਹੈ। ਇਸ ਨਵੇਂ ਟੈਰਿਫ ਕਾਰਨ ਚੀਨ ਤੇ ਅਮਰੀਕਾ ਵਿਚਕਾਰ ਵਪਾਰ ਯੁੱਧ ਛਿੜਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਚੀਨ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥ-ਵਿਵਸਥਾ ਮੰਨੀ ਜਾਂਦੀ ਹੈ। ਅਮਰੀਕਾ ਤੇ ਚੀਨ ਵਿਚਾਲੇ ਜੇ ਇਸ ਟੈਰਿਫ ਤੋਂ ਬਾਅਦ ਤਣਾਅ ਪੈਦਾ ਹੁੰਦਾ ਹੈ ਤਾਂ ਇਸ ਦਾ ਅਸਰ ਹੋਰ ਮੁਲਕਾਂ ਦੇ ਅਰਥਚਾਰਿਆਂ ਨੂੰ ਵੀ ਝੱਲਣਾ ਪੈ ਸਕਦਾ ਹੈ। ਇਕ ਰਿਪੋਰਟ ਮੁਤਾਬਕ 2022 'ਚ ਅਮਰੀਕਾ ਤੇ ਚੀਨ ਦਾ ਵਪਾਰ 758.4 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ ਤੇ ਚੀਨ ਤੋਂ ਅਮਰੀਕਾ 536.8 ਬਿਲੀਅਨ ਡਾਲਰ ਦੀ ਦਰਾਮਦ ਤੇ 121.7 ਬਿਲੀਅਨ ਡਾਲਰ ਦੀਆਂ ਵਸਤਾਂ ਦੀ ਬਰਾਮਦ ਕਰਦਾ ਹੈ। ਇਹ ਅੰਕੜੇ ਹਰ ਸਾਲ ਬਦਲਦੇ ਹਨ। ਇਸ 'ਚ ਬਦਲਾਅ ਦੇ ਕਾਰਨ ਟੈਰਿਫ ਤੋਂ ਇਲਾਵਾ ਆਲਮੀ ਸਪਲਾਈ ਤੇ ਰਾਜਨੀਤਕ ਤਣਾਅ ਹਨ। ਅਮਰੀਕਾ ਚੀਨ ਤੋਂ ਇਲੈਕਟ੍ਰਾਨਿਕਸ (ਫੋਨ, ਕੰਪਿਊਟਰ, ਟੀਵੀ), ਮਸ਼ੀਨਰੀ, ਫਰਨੀਚਰ, ਖਿਡੌਣੇ, ਕੱਪੜੇ, ਵਪਾਰ 'ਤੇ ਤਾਂ ਪਵੇਗਾ ਹੀ, ਹੋਰ ਮੁਲਕਾਂ ਲਈ ਵੀ ਇਹ ਰੁਝਾਨ ਨੁਕਸਾਨਦਾਇਕ ਹੋਵੇਗਾ ਤੇ ਆਲਮੀ ਪੱਧਰ 'ਤੇ ਮੰਦੀ ਵੀ ਆ ਸਕਦੀ ਹੈ। ਚੀਨ ਤੇ ਅਮਰੀਕਾ ਵਿਚਾਲੇ ਪੈਦਾ ਹੋਇਆ ਵਪਾਰਕ ਤਣਾਅ ਗਲੋਬਲ ਸਪਲਾਈ ਚੇਨ, ਸਟਾਕ ਮਾਰਕੀਟ ਅਤੇ ਆਰਥਿਕ ਵਿਕਾਸ ਨੂੰ ਵੀ ਵੱਡੀ ਢਾਹ ਲਾਉਂਦਾ ਹੈ। ਚੀਨ ਨੇ ਟਰੰਪ ਦੇ ਇਸ ਵਾਧੂ ਟੈਰਿਫ ਨੂੰ ਪਾਖੰਡ ਦੱਸਿਆ ਹੈ ਤੇ ਇਹ ਵੀ ਕਿਹਾ ਹੈ ਕਿ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਚੀਨ ਦੇ ਵਣਜ ਮੰਤਰਾਲੇ ਨੇ ਸਪਸ਼ਟ ਕਿਹਾ ਹੈ ਕਿ ਅਸੀਂ ਟੈਰਿਫ ਯੁੱਧ ਨਹੀਂ ਚਾਹੁੰਦੇ ਪਰ ਇਸ ਦਾ ਇਹ ਮਤਲਬ ਵੀ ਨਾ ਕੱਢਿਆ ਜਾਵੇ ਅਸੀਂ ਇਸ ਤੋਂ ਡਰ ਜਾਵਾਂਗੇ। ਦੋਵਾਂ ਦੇਸ਼ਾਂ ਵਿਚਾਲੇ ਸਵਿਟਜ਼ਰਲੈਂਡ ਤੇ ਯੂਕੇ 'ਚ ਟੈਰਿਫ ਘਟਾਉਣ ਲਈ ਗੱਲਬਾਤ ਵੀ ਹੋਈ ਹੈ ਪਰ ਫਿਰ ਵੀ ਇਹ ਤਣਾਅ ਬਰਕਰਾਰ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਚੀਨ 'ਤੇ 1 ਨਵੰਬਰ ਤੋਂ ਵਾਧੂ 100% ਟੈਰਿਫ ਲਗਾਉਣ ਦੇ ਐਲਾਨ ਨਾਲ ਇਹ ਦਾਅਵਾ ਕੀਤਾ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਇਹ ਕਦਮ ਦੁਰਲਭ ਧਾਤਾਂ ਦੇ ਨਿਰਯਾਤ 'ਤੇ ਚੀਨ ਦੀਆਂ ਨਵੀਆਂ ਪਾਬੰਦੀਆਂ ਦੇ ਜਵਾਬ 'ਚ ਚੁੱਕਿਆ ਹੈ। ਪਿਛਲੇ ਲੰਬੇ ਸਮੇਂ ਤੋਂ ਅਮਰੀਕੀ ਰਾਸ਼ਟਰਪਤੀ ਅਜਿਹੇ ਟੈਰਿਫਾਂ ਰਾਹੀਂ ਭਾਰਤ, ਮੈਕਸੀਕੋ ਅਤੇ ਹੋਰ ਮੁਲਕਾਂ 'ਤੇ ਦਬਾਅ ਪਾਉਣ ਦੀਆਂ ਕੋਸ਼ਿਸ਼ਾਂ ਕਰ ਚੁੱਕੇ ਹਨ। ਇਸ ਦਾ ਵੱਡੇ ਪੱਧਰ 'ਤੇ ਵਿਰੋਧ ਵੀ ਹੋ ਰਿਹਾ ਹੈ। ਟਰੰਪ ਪ੍ਰਸ਼ਾਸਨ ਨੂੰ ਦੂਜੇ ਮੁਲਕਾਂ ਖ਼ਿਲਾਫ਼ ਆਪਣੀ ਵਪਾਰਕ ਰਣਨੀਤੀ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।

# ਅਫ਼ਗਾਨਿਸਤਾਨ ਨੇ ਪਾਕਿਸਤਾਨ ਦੇ 58 ਫ਼ੌਜੀ ਮਾਰ ਮੁਕਾਏ

**ਪਿਸ਼ਾਵਰ:** ਪਾਕਿਸਤਾਨ ਵੱਲੋਂ ਅਫ਼ਗਾਨਿਸਤਾਨ ਦੇ ਕਾਬੁਲ, ਖੋਸਤ, ਜਲਾਲਾਬਾਦ ਤੇ ਪੱਕਤਿਕਾ 'ਚ ਕੀਤੀ ਗਈ ਏਅਰ ਸਟ੍ਰਾਈਕ ਦਾ ਅਫ਼ਗਾਨਿਸਤਾਨ ਨੇ ਸ਼ਨਿਚਰਵਾਰ ਦੇਰ ਰਾਤ ਬਦਲਾ ਲੈ ਲਿਆ। ਅਫ਼ਗਾਨੀ ਬਲਾਂ ਨੇ ਡਰੰਡ ਲਾਈਨ ਨੇੜੇ ਪਾਕਿਸਤਾਨੀ ਫ਼ੌਜੀ ਚੌਕੀਆਂ 'ਤੇ ਜ਼ੋਰਦਾਰ ਹਮਲੇ ਕੀਤੇ ਤੇ 58 ਪਾਕਿਸਤਾਨੀ ਫ਼ੌਜੀਆਂ ਨੂੰ ਮਾਰ ਮੁਕਾਇਆ। ਇਹੀ ਨਹੀਂ, ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਪਾਕਿਸਤਾਨ ਦੀਆਂ 25 ਫ਼ੌਜੀ ਚੌਕੀਆਂ 'ਤੇ ਵੀ ਕਬਜ਼ੇ ਦਾ ਦਾਅਵਾ ਕੀਤਾ। ਓਧਰ ਪਾਕਿਸਤਾਨ ਨੇ ਅਫ਼ਗਾਨਿਸਤਾਨ 'ਚ 200 ਤੋਂ ਵੱਧ ਫ਼ੌਜੀਆਂ ਤੇ ਅੱਤਵਾਦੀਆਂ ਨੂੰ ਢੇਰ ਕਰਨ ਦੀ ਗੱਲ ਕਹੀ ਹੈ। ਫਿਲਹਾਲ ਦੇਸ਼ਾਂ ਵਿਚਕਾਰ ਤਣਾਅ ਵਧਿਆ ਹੋਇਆ ਹੈ। ਹਾਲਾਂਕਿ ਸਾਊਦੀ ਅਰਬ ਦੀ ਸ਼ਾਂਤੀ ਵਰਤਣ ਦੀ ਅਪੀਲ ਤੋਂ ਬਾਅਦ ਦੋਵਾਂ ਧਿਰਾਂ ਨੇ ਹਮਲੇ ਰੋਕ ਦਿੱਤੇ ਹਨ। ਜ਼ਿਕਰਯੋਗ ਹੈ ਕਿ ਇਸ ਹਫ਼ਤੇ ਦੇ ਸ਼ੁਰੂ 'ਚ ਅਫ਼ਗਾਨ ਅਧਿਕਾਰੀਆਂ ਨੇ ਪਾਕਿਸਤਾਨ 'ਤੇ ਰਾਜਧਾਨੀ ਕਾਬੁਲ ਤੇ ਦੇਸ਼ ਦੇ ਪੂਰਬੀ ਹਿੱਸਿਆਂ 'ਚ ਇਕ ਬਾਜ਼ਾਰ ਨੂੰ ਨਿਸ਼ਾਨਾ ਬਣਾ ਕੇ ਬੰਬਾਰੀ ਕਰਨ ਦਾ ਦੋਸ਼ ਲਗਾਇਆ ਸੀ। ਉਂਝ ਦੋਵਾਂ ਦੇਸ਼ਾਂ ਵਿਚਕਾਰ ਸਰਹੱਦ 'ਤੇ ਜੰਗ ਅਜਿਹੇ ਸਮੇਂ ਸ਼ੁਰੂ ਹੋਈ ਜਦੋਂ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁੱਤਕੀ ਭਾਰਤ ਦੌਰੇ 'ਤੇ ਹਨ।



ਜਦੋਂ ਮੁੱਤਕੀ ਦਾ ਭਾਰਤ ਦੌਰਾ ਸ਼ੁਰੂ ਹੋਇਆ ਸੀ, ਉਦੋਂ ਪਾਕਿਸਤਾਨ ਨੇ ਅਫ਼ਗਾਨਿਸਤਾਨ 'ਤੇ ਏਅਰਸਟ੍ਰਾਈਕਾ ਕੀਤੀ ਸੀ। ਟੋਲੋ ਨਿਊਜ਼ ਮੁਤਾਬਕ ਅਫ਼ਗਾਨ ਬਲਾਂ ਨੇ ਖ਼ੈਬਰ ਪਖਤੂਨਖਵਾ 'ਚ ਅੰਗੂਰ ਅੱਡਾ, ਬਾਜੌਰ, ਕੁਰਮ, ਦੀਰ ਤੇ ਚਿਤਰਾਲ ਤੇ ਬਲੋਚਿਸਤਾਨ 'ਚ ਬਾਰਮਚਾ ਸਥਿਤ ਪਾਕਿਸਤਾਨੀ ਚੌਕੀਆਂ ਨੂੰ ਨਿਸ਼ਾਨਾ ਬਣਆਇਆ। ਤਾਲਿਬਾਨ ਸਰਕਾਰ ਦੇ ਮੁੱਖ ਬੁਲਾਰੇ ਜਬੀਉੱਲ੍ਹਾ ਮੁਜਾਹਿਦ ਨੇ ਕਿਹਾ ਕਿ ਸ਼ਨਿਚਰਵਾਰ ਰਾਤ ਨੂੰ ਇਕ ਮੁਹਿੰਮ ਦੌਰਾਨ ਅਫ਼ਗਾਨ ਬਲਾਂ ਦੀ ਕਾਰਵਾਈ 'ਚ 58 ਪਾਕਿਸਤਾਨੀ ਫ਼ੌਜੀ ਮਾਰ ਸੁੱਟੇ ਗਏ ਤੇ ਘੱਟੋ-ਘੱਟ 30 ਜ਼ਖ਼ਮੀ ਹੋਏ. ਹਨ। ਡਰੰਡ ਲਾਈਨ ਦੇ ਪਾਰ ਜਵਾਬੀ ਕਾਰਵਾਈ ਦੌਰਾਨ ਦੋ ਦਰਜਨ ਤੋਂ ਵੱਧ ਪਾਕਿਸਤਾਨੀ ਸੁਰੱਖਿਆ ਚੌਕੀਆਂ ਤਬਾਹ ਕਰ ਦਿੱਤੀਆਂ ਗਈਆਂ ਤੇ ਵੱਡੀ ਗਿਣਤੀ 'ਚ ਹਥਿਆਰ ਤੇ ਹੋਰ ਫ਼ੌਜੀ ਸਾਜੋ ਸਮਾਨ ਜ਼ਬਤ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੀ ਜਵਾਬੀ ਕਾਰਾਵਈ 'ਚ ਨੌ ਅਫ਼ਗਾਨ ਫ਼ੌਜੀ ਵੀ ਮਾਰੇ ਗਏ ਜਦਕਿ 16 ਜ਼ਖ਼ਮੀ ਹੋਏ ਹਨ। ਬੁਲਾਰੇ ਨੇ ਦੱਸਿਆ ਕਿ ਕਤਰ ਤੇ ਸਾਊਦੀ ਅਰਬ ਦੀ ਅਪੀਲ 'ਤੇ ਮੁਹਿੰਮ ਰੋਕ ਦਿੱਤੀ ਗਈ ਹੈ।

# ਕਰਵਾ ਚੌਥ 'ਤੇ ਪਤਨੀ ਨੇ ਪਤੀ ਨੂੰ ਪ੍ਰੇਮਿਕਾ ਨਾਲ ਫੜਿਆ

## ਜੁੱਤੀਆਂ ਨਾਲ ਕੁੱਟਦੀ ਲੈ ਗਈ ਥਾਣੇ...

**ਗਵਾਲੀਅਰ:** ਕਰਵਾ ਚੌਥ ਦੇ ਸ਼ੁਭ ਮੌਕੇ 'ਤੇ, ਗਵਾਲੀਅਰ ਦੇ ਡਾਬਰਾ ਵਿੱਚ ਇੱਕ ਹਾਈ-ਵੋਲਟੇਜ ਡਰਾਮਾ ਵਾਪਰਿਆ। ਇੱਕ ਪਤਨੀ ਨੇ ਆਪਣੇ ਪਤੀ ਨੂੰ ਉਸਦੀ ਪ੍ਰੇਮਿਕਾ ਨਾਲ ਘੁੰਮਦੇ ਫੜ ਲਿਆ, ਜਿਸ ਕਾਰਨ ਪੁਲਿਸ ਸਟੇਸ਼ਨ ਦੇ ਅੰਦਰ ਹੀ ਤਿੰਨਾਂ ਵਿਚਕਾਰ ਗਰਮਾ-ਗਰਮ ਬਹਿਸ ਹੋ ਗਈ। ਰਿਪੋਰਟਾਂ ਅਨੁਸਾਰ ਕਰਵਾ ਚੌਥ ਦਾ ਵਰਤ ਰੱਖ ਰਹੀ ਪਤਨੀ ਨੂੰ ਆਪਣੇ ਪਤੀ 'ਤੇ ਸ਼ੱਕ ਸੀ। ਉਸਨੇ ਉਸਦਾ ਪਿੱਛਾ ਕੀਤਾ ਅਤੇ ਉਸਨੂੰ ਆਪਣੀ ਪ੍ਰੇਮਿਕਾ ਨਾਲ ਘੁੰਮਦੇ ਹੋਏ ਫੜ ਲਿਆ। ਗੁੱਸੇ ਵਿੱਚ ਆਈ ਪਤਨੀ ਨੇ ਦੋਵਾਂ ਨੂੰ ਫੜ ਲਿਆ ਅਤੇ ਡਾਬਰਾ ਪੁਲਿਸ ਸਟੇਸ਼ਨ ਲੈ ਆਈ। ਥਾਣੇ ਦੇ ਅੰਦਰ ਪਤਨੀ ਦਾ ਗੁੱਸਾ ਭੜਕ ਉੱਠਿਆ ਅਤੇ ਉਸਨੇ ਸਾਰਿਆਂ ਦੇ ਸਾਹਮਣੇ ਪ੍ਰੇਮਿਕਾ ਦੇ ਵਾਲ ਫੜ ਕੇ ਕੁੱਟਮਾਰ ਕੀਤੀ। ਉਸਨੇ ਆਪਣੇ ਪਤੀ ਨੂੰ ਵੀ ਕੁੱਟਿਆ, ਜਿਸਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ। ਕਿਸੇ ਨੇ ਪੂਰੀ ਘਟਨਾ ਦੀ ਵੀਡੀਓ ਬਣਾਈ, ਜੋ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।ਪਤਨੀ ਦੀ ਸ਼ਿਕਾਇਤ ਤੋਂ ਬਾਅਦ, ਡਾਬਰਾ ਪੁਲਿਸ ਨੇ ਪਤੀ ਨੂੰ ਪੁਲਿਸ ਸਟੇਸ਼ਨ ਵਿੱਚ ਹਿਰਾਸਤ ਵਿੱਚ ਲੈ ਲਿਆ। ਘੰਟਿਆਂ ਦੇ ਡਰਾਮੇ ਤੋਂ ਬਾਅਦ, ਸ਼ਾਮ ਨੂੰ ਪਤਨੀ ਨੇ ਆਪਣੇ ਪਤੀ ਨੂੰ ਮਾਫ਼ ਕਰ ਦਿੱਤਾ ਅਤੇ ਉਸਨੂੰ ਕਰਵਾ ਚੌਥ ਦੀਆਂ ਰਸਮਾਂ ਪੂਰੀਆਂ ਕਰਨ ਲਈ ਘਰ ਲੈ ਗਈ। ਪੁਲਿਸ ਨੇ ਇਸ ਮਾਮਲੇ ਵਿੱਚ ਕੋਈ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਹੈ।



# ਬਰਦਾਸ਼ਤ ਨਹੀਂ ਹੋਵੇਗਾ ਬਾਹਰੀ ਦਖ਼ਲ: ਮੁੱਤਕੀ

**ਨਵੀਂ ਦਿੱਲੀ:** ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁੱਤਕੀ ਨੇ ਕਿਹਾ ਕਿ ਪਾਕਿਸਤਾਨ ਨਾਲ ਲੜਾਈ ਦਾ ਅਫ਼ਗਾਨਿਸਤਾਨ ਸ਼ਾਂਤੀਪੂਰਨ ਹੱਲ ਚਾਹੁੰਦਾ ਹੈ, ਪਰ ਜੇਕਰ ਯਤਨ



ਕਾਮਯਾਬ ਨਹੀਂ ਹੁੰਦੇ ਤਾਂ ਉਸ ਕੋਲ ਹੋਰ ਬਦਲ ਵੀ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦੇਸ਼ ਕਿਸੇ ਵੀ ਬਾਹਰੀ ਹਮਲੇ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਇਕਜੁੱਟ ਹੈ ਤੇ ਕਿਸੇ ਵੀ ਸੂਰਤ 'ਚ ਅਸੀਂ ਬਾਹਰੀ ਦਖ਼ਲ ਬਰਦਾਸ਼ਤ ਨਹੀਂ ਕਰਾਂਗੇ। ਉਨ੍ਹਾਂ ਦਾ ਦੇਸ਼ ਆਪਣੀ ਖ਼ੁਦਮੁਖ਼ਤਾਰੀ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਨਹੀਂ ਹੋਣ ਦੇਵੇਗਾ। ਉਨ੍ਹਾਂ ਕਿਹਾ ਕਿ ਫਿਲਹਾਲ ਸਥਿਤੀ ਕੰਟਰੋਲ 'ਚ ਹੈ।

# ਹਰਜੋਤ ਬੈਂਸ ਵਲੋਂ ਸ੍ਰੀ ਅਨੰਦਪੁਰ ਸਾਹਿਬ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦੀ ਮੰਗ

**ਚੰਡੀਗੜ੍ਹ:** ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਮੱਦੇਨਜ਼ਰ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੇਂਦਰੀ ਰੇਲਵੇ ਮੰਤਰਾਲੇ ਤੋਂ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਲਈ ਰੇਲ ਸੇਵਾਵਾਂ ਵਿਚ ਵਾਧਾ ਕਰਨ ਦੀ ਮੰਗ ਕੀਤੀ ਹੈ ਤਾਂ ਜੋ 9ਵੇਂ ਪਾਤਿਸ਼ਾਹ ਤੇ ਉਨ੍ਹਾਂ ਦੇ ਅਨਿਨ ਸੇਵਕ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਲਾਸਾਨੀ ਕੁਰਬਾਨੀ ਨੂੰ ਨਮਨ ਕਰਨ ਲਈ ਲੱਖਾਂ ਦੀ ਗਿਣਤੀ ਵਿਚ ਆਉਣ ਵਾਲੀ ਸੰਗਤ ਨੂੰ ਨਿਰਵਿਘਨ ਯਾਤਰਾ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ। ਕੇਂਦਰੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਲਿਖੇ ਪੱਤਰ ਵਿਚ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਕਰੀਬਨ 1 ਕਰੋੜ ਤੋਂ ਵੱਧ ਸੰਗਤ ਦੇ ਆਉਣ ਦੀ ਉਮੀਦ ਹੈ। ਸ. ਬੈਂਸ ਨੇ ਆਪਣੇ ਪੱਤਰ ਵਿਚ ਨਵੀਂ ਦਿੱਲੀ ਤੋਂ ਚੱਲਦੀ ਵੰਦੇ ਭਾਰਤ ਐਕਸਪ੍ਰੈੱਸ ਦੀਆਂ ਸੇਵਾਵਾਂ ਨੂੰ 15 ਤੋਂ 30 ਨਵੰਬਰ, 2025 ਤੱਕ ਦੁੱਗਣਾ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਦੇਸ਼ ਭਰ ਦੇ ਪ੍ਰਮੁੱਖ ਅਧਿਆਤਮਿਕ ਕੇਂਦਰਾਂ, ਜਿਨ੍ਹਾਂ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ), ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਹੋਰ ਪ੍ਰਮੁੱਖ ਸ਼ਹਿਰਾਂ, ਤੋਂ ਵਿਸ਼ੇਸ਼ ਯਾਤਰੀ ਰੇਲਗੱਡੀਆਂ ਚਲਾਉਣ ਦੀ ਵੀ ਮੰਗ ਕੀਤੀ ਤਾਂ ਜੋ 22 ਤੋਂ 25 ਨਵੰਬਰ, 2025 ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾਣ ਵਾਲੇ ਵੱਡੇ ਸਮਾਗਮਾਂ ਵਿਚ ਸ਼ਮੂਲੀਅਤ ਲਈ ਆਉਣ ਵਾਲੀ ਸੰਗਤ ਨੂੰ ਆਉਣ- ਜਾਣ ਵਿਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।



# ਲਾਲੂ, ਰਾਬੜੀ ਤੇ ਤੇਜਸਵੀ ’ਤੇ ਧੋਖਾਧੜੀ ਦੇ ਦੋਸ਼ ਤੈਅ

**ਨਵੀਂ ਦਿੱਲੀ:** ਬਿਹਾਰ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਵੱਡਾ ਝਟਕਾ ਲੱਗਾ ਹੈ। ਰਾਊਜ਼ ਐਵੇਨਿਊ ਸਥਿਤ ਵਿਸ਼ੇਸ਼ ਜੱਜ ਦੀ ਅਦਾਲਤ ਨੇ ਆਈ. ਆਰ.ਸੀ.ਟੀ.ਸੀ. ਹੋਟਲ ਘੁਟਾਲਾ ਮਾਮਲੇ ‘ਚ ਸੋਮਵਾਰ ਨੂੰ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ, ਉਨ੍ਹਾਂ ਦੀ ਪਤਨੀ ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਤੇ ਪੁੱਤਰ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਦੇ ਖ਼ਿਲਾਫ਼ ਦੋਸ਼ ਤੈਅ ਕਰ ਦਿੱਤੇ।

ਬਿਹਾਰ ‘ਚ ਦੋ ਪੜਾਵਾਂ ‘ਚ ਵਿਧਾਨ ਸਭਾ ਚੋਣਾਂ ਛੇ ਤੇ 11 ਨਵੰਬਰ ਨੂੰ ਹੋਣੀਆਂ ਹਨ।

ਅਜਿਹੇ ‘ਚ ਇਹ ਫ਼ੈਸਲਾ ਚੋਣ ਮਾਹੌਲ ‘ਚ ਸਿਆਸੀ ਤੌਰ ‘ਤੇ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ। ਉਥੇ ਹੀ, ਜ਼ਮੀਨ ਦੇ ਬਦਲੇ ਨੌਕਰੀ ਘੁਟਾਲੇ ਨਾਲ ਜੁੜੇ ਮਾਮਲੇ ‘ਚ ਵੀ ਅਦਾਲਤ ਨੂੰ ਸੋਮਵਾਰ ਨੂੰ ਦੋਸ਼ ਤੈਅ ਕਰਨ ਦੇ ਬਿੰਦੂ ‘ਤੇ ਫ਼ੈਸਲਾ ਸੁਣਾਉਣਾ ਸੀ ਪਰ ਇਸ ਨੂੰ 10 ਨਵੰਬਰ ਲਈ ਟਾਲ ਦਿੱਤਾ ਗਿਆ। ਹੁਣ ਮਾਮਲੇ ‘ਚ 10 ਨਵੰਬਰ ਨੂੰ ਲਾਲੂ ਸਮੇਤ ਹੋਰਨਾਂ ‘ਤੇ ਦੋਸ਼ ਤੈਅ ਕੀਤੇ ਜਾ ਸਕਦੇ ਹਨ।

ਮਾਮਲੇ ‘ਚ ਵਿਸ਼ੇਸ਼ ਜਸਟਿਸ ਵਿਸ਼ਾਲ ਗੋਗਨੇ ਨੇ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ ਪਹਿਲੀ ਨਜ਼ਰੇ ਮਾਮਲਾ ਬਣਦਾ ਹੈ ਤੇ ਜ਼ਮੀਨੀ ਸੌਦਿਆਂ ‘ਚ ਗੰਭੀਰ ਸ਼ੱਕ ਪਾਇਆ ਗਿਆ। ਅਦਾਲਤ ਨੇ ਲਾਲੂ ਖ਼ਿਲਾਫ਼ ਧਾਰਾ 420 (ਧੋਖਾਧੜੀ), 120ਬੀ (ਅਪਰਾਧਿਕਸਾਜ਼ਿਸ਼) ਤੇ ਭ੍ਰਿਸ਼ਟਾਚਾਰ ਨਿਵਾਰਣ ਐਕਟ ਦੇ ਤਹਿਤ ਦੋਸ਼ ਤੈਅ ਕੀਤੇ ਹਨ। ਉਥੇ ਹੀ, ਰਾਬੜੀ ਤੇ ਤੇਜਸਵੀ ਦੇ ਖ਼ਿਲਾਫ਼ ਧਾਰਾ 420 ਤੇ 120ਬੀ ਦੇ ਤਹਿਤ ਦੋਸ਼ ਤੈਅ ਕੀਤੇ ਹਨ।



## ਇਹ ਹੈ ਮਾਮਲਾ

ਚਾਰਜਸ਼ੀਟ ਅਨੁਸਾਰ, ਇਹ ਸਾਜ਼ਿਸ਼ ਸਾਲ 2004 ਤੋਂ 2014 ਵਿਚਾਲੇ ਰਚੀ ਗਈ। ਲਾਲੂ 2004 ਤੋਂ 2009 ਤੱਕ ਰੇਲ ਮੰਤਰੀ ਸਨ। ਉਸ ਦੌਰਾਨ ਰੇਲਵੇ ਦੇ ਪੁਰੀ ਤੇ ਰਾਂਚੀ ਸਥਿਤ ਬੀਐੱਨਆਰ ਹੋਟਲ ਪਹਿਲਾਂ ਆਈਆਰਸੀਟੀਸੀ ਨੂੰ ਟ੍ਰਾਂਸਫਰ ਕੀਤੇ ਗਏ ਤੇ ਬਾਅਦ ‘ਚ ਸੰਚਾਲਨ ਤੇ ਰੱਖ-ਰਖਾਅ ਦਾ ਠੇਕਾ ਪਟਨਾ ਸਥਿਤ ਸੁਜਾਤਾ ਹੋਟਲਜ਼ ਪ੍ਰਾਈਵੇਟ ਲਿਮਟਿਡ ਨੂੰ ਦਿੱਤਾ ਗਿਆ। ਦੋਸ਼ ਹੈ ਕਿ ਟੈਂਡਰ ਪ੍ਰਕਿਰਿਆ ‘ਚ ਹੇਰਾਫੇਰੀ ਤੇ ਸ਼ਰਤਾਂ ਬਦਲ ਕੇ ਨਿੱਜੀ ਕੰਪਨੀ ਨੂੰ ਨਾਜਾਇਜ਼ ਲਾਭ ਪਹੁੰਚਾਇਆ ਗਿਆ। ਚਾਰਜਸ਼ੀਟ ‘ਚ ਆਈਆਰਸੀਟੀਸੀ ਦੇ ਤਤਕਾਲੀ ਸਮੂਹ ਜਨਰਲ ਮੈਨੇਜਰ ਵੀਕੇ ਅਸਥਾਨਾ ਤੇ ਆਰਕੇ ਗੋਇਲ ਤੇ ਸੁਜਾਤਾ ਹੋਟਲਜ਼ ਦੇ ਡਾਇਰੈਕਟਰ ਵਿਜੇ ਕੋਚਰ ਤੇ ਵਿਨੇ ਕੋਚਰ ਨੂੰ ਵੀ ਮੁਲਜ਼ਮ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਡਿਲਾਈਟ ਮਾਰਕੀਟਿੰਗ ਕੰਪਨੀ ਤੇ ਸੁਜਾਤਾ ਹੋਟਲਜ਼ ਪ੍ਰਾਈਵੇਟ ਲਿਮਟਿਡ ਨੂੰ ਵੀ ਮੁਲਜ਼ਮ ਫਰਮਾਂ ਦੇ ਤੌਰ ‘ਤੇ ਨਾਮਜ਼ਦ ਕੀਤਾ ਗਿਆ ਹੈ। ਸੀਬੀਆਈ ਨੇ ਦੋਸ਼ ਲਾਇਆ ਕਿ ਕੋਚਰ ਭਰਾਵਾਂ ਨੂੰ ਹੋਟਲਾਂ ਦੀ ਲੀਜ਼ ਦਿਵਾਉਣ ਦੇ ਬਦਲੇ ਲਾਲੂ ਯਾਦਵ ਦੇ ਪਰਿਵਾਰ ਨੂੰ ਪਟਨਾ ‘ਚ ਤਿੰਨ ਏਕੜ ਜ਼ਮੀਨ ਮਿਲੀ। ਜ਼ਮੀਨ ਸਰਲਾ ਗੁਪਤਾ ਦੀ ਕੰਪਨੀ ਨੂੰ ਦਿੱਤੀ ਗਈ, ਜਿਸ ਨੂੰ ਬਾਅਦ ‘ਚ ਰਾਬੜੀ ਤੇ ਤੇਜਸਵੀ ਦੀ ਕੰਪਨੀ ਨੇ ਐਕਵਾਇਰ ਕਰ ਲਿਆ।

# ਬਟਾਲਾ ’ਚ ਹੋਏ ਗੋਲੀ ਕਾਂਡ ਦੀ ਵਿਦੇਸ਼ ਬੈਠੇ ਗੈਂਗਸਟਰਾਂ ਨੇ ਲਈ ਜ਼ਿੰਮੇਵਾਰੀ

**ਬਟਾਲਾ:** ਜੱਸਾ ਸਿੰਘ ਹਾਲ ਚੌਂਕ ਬਟਾਲਾ ਨੇੜੇ ਹੋਏ ਗੋਲੀਕਾਂਡ ਦੇ ਸਬੰਧ ਵਿਚ ਵਿਦੇਸ਼ ਵਿਚ ਬੈਠੇ ਗੈਂਗਸਟਰਾਂ ਨੇ ਇੱਕ ਪੋਸਟ ਵਾਇਰਲ ਕਰਕੇ ਜ਼ਿੰਮੇਵਾਰੀ ਲਈ ਹੈ। ਸੋਸ਼ਲ ਮੀਡੀਆ ‘ਤੇ ਸਾਂਝੀ ਕੀਤੀ ਜਾ ਰਹੀ ਪੋਸਟ ਵਿਚ ਗੈਂਗਸਟਰਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਇਕ ਸਾਥੀ ਦਾ ਬਦਲਾ ਲੈਣ ਲਈ ਕਾਕਾ ਬੁੱਲੋਵਾਲ ਦੀ ਹੱਤਿਆ ਕੀਤੀ ਹੈ। ਯਾਦ ਰਹੇ ਕਿ ਸ਼ੁਕਰਵਾਰ ਦੇਰ ਸ਼ਾਮ ਕਾਂਗਰਸ ਐਮ.ਸੀ. ਸ਼ਸ਼ੀ ਚੰਦਾ ਦੇ ਬੇਟੇ ਦੀ ਦੁਕਾਨ ਦੇ ਬਾਹਰ ਹੋਏ ਇਸ ਗੋਲੀ ਕਾਂਡ



ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਸੀ ਤੇ ਪੰਜ ਹੋਰ ਜ਼ਖ਼ਮੀ ਹੋ ਗਏ ਸੀ। ਜ਼ਖ਼ਮੀਆਂ ਵਿਚ ਐਮ.ਸੀ. ਦਾ ਬੇਟਾ ਵੀ ਸ਼ਾਮਿਲ ਹੈ। ਇਸ ਸੰਬੰਧ ਵਿਚ ਜਦ ਬਟਾਲਾ ਦੇ ਐਸ.ਐਸ.ਪੀ. ਨਾਲ ਗੱਲ ਕੀਤੀ ਗਈ ਤਾਂ ਐਸ.ਐਸ.ਪੀ. ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਰਹੀ ਪੋਸਟ ਉਨ੍ਹਾਂ ਦੇ ਧਿਆਨ ਵਿਚ ਆ ਚੁੱਕੀ ਹੈ ਤੇ ਪੁਲਿਸ ਇਸਦੀ ਗਹਿਰਾਈ ਦੇ ਨਾਲ ਜਾਂਚ ਕਰ ਰਹੀ ਹੈ, ਜਾਂਚ ਤੋਂ ਬਾਅਦ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

# ਜਥੇਦਾਰ ਗੜਗੱਜ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੀ ਬਹਾਲੀ ’ਤੇ ਖ਼ੁਸ਼ੀ ਦਾ ਇਜ਼ਹਾਰ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮਹਾਰਾਸ਼ਟਰ ਵਿਚ ਲੰਮੀ ਜੱਦੋ-ਜਹਿਦ ਤੋਂ ਬਾਅਦ ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨਾਂਦੇੜ ਦਾ ਪ੍ਰਬੰਧਕੀ ਬੋਰਡ ਫਿਰ ਤੋਂ ਬਹਾਲ ਹੋਣ ‘ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ। ਸ਼ਹੀਦੀ ਨਗਰ ਕੀਰਤਨ ਵਿਚ ਸ਼ਾਮਿਲ ਹੋਣ ਮੁੰਬਈ ਗਏ ਹੋਏ ਜਥੇਦਾਰ ਗੜਗੱਜ ਵਲੋਂ ਅਕਾਲ ਤਖ਼ਤ ਸਕੱਤਰੇਤ ਵਲੋਂ ਜਾਰੀ ਬਿਆਨ ਵਿਚ ਕਿਹਾ ਕਿ ਇਹ ਮਹਾਰਾਸ਼ਟਰ ਤੇ ਨਾਂਦੇੜ ਦੇ ਹਜ਼ੂਰੀ ਸਿੰਘਾਂ ਦੀ ਵੱਡੀ ਜਿੱਤ ਹੈ ਕਿ ਇੱਥੇ ਸਥਿਤ ਸਾਡੇ ਤਖ਼ਤ ਸਾਹਿਬ ਦਾ ਕੇਸ ਸਿੱਖਾਂ ਨੇ ਜਿੱਤ ਲਿਆ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜੇ ਹੀ ਤਖ਼ਤ ਸਾਹਿਬਾਨ ਖ਼ਾਲਸਾ ਪੰਥ ਦੇ ਹਨ ਤੇ ਪੰਥ ਦੇ ਹੀ ਰਹਿਣਗੇ, ਇਨ੍ਹਾਂ ਦੇ ਪ੍ਰਬੰਧ ਵਿਚ ਦਖ਼ਲਅੰਦਾਜ਼ੀ ਕਰਨ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ।

# ਰਾਜਸਥਾਨ ’ਚ ਪੰਜਾਬ ਦੇ 2 ਤਸਕਰ 7.5 ਕਰੋੜ ਦੀ ਹੈਰੋਇਨ ਸਮੇਤ ਕਾਬੂ

**ਜੈਪੁਰ:** ਪੰਜਾਬ ਦੇ ਦੋ ਤਸਕਰਾਂ ਨੂੰ 1.492 ਕਿਲੋਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ, ਜੋ ਕਥਿਤ ਤੌਰ ‘ਤੇ ਪਾਕਿਸਤਾਨ ਤੋਂ ਤਸਕਰ ਕੀਤੀ ਗਈ ਸੀ। ਇਹ ਗ੍ਰਿਫ਼ਤਾਰੀਆਂ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ.) ਅਤੇ ਰਾਜਸਥਾਨ ਪੁਲਿਸ ਨੇ ਇਕ ਸਾਂਝੇ ਆਪ੍ਰੇਸ਼ਨ ਦੌਰਾਨ ਕੀਤੀਆਂ।

ਕੇਸਰੀਸਿੰਘਪੁਰ ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਬਲਵੰਤ ਰਾਮ ਦੀ ਅਗਵਾਈ ਹੇਠ ਇਹ ਆਪ੍ਰੇਸ਼ਨ ਸ਼ੁੱਕਰਵਾਰ ਸ਼ਾਮ ਨੂੰ ਮਿਰਜੇਵਾਲਾ ਰੋਡ ‘ਤੇ ਰੇਲਵੇ ਕਰਾਸਿੰਗ ਨੇੜੇ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਤਸਕਰਾਂ ਦੀ ਪਛਾਣ ਕਰਨਜੋਤ ਸਿੰਘ (19) ਅਤੇ ਪ੍ਰਭਦੀਪ ਸਿੰਘ (19) ਵਜੋਂ ਹੋਈ ਹੈ, ਦੋਵੇਂ ਪੰਜਾਬ ਦੇ ਰਹਿਣ ਵਾਲੇ ਹਨ। ਏ.ਐਨ.ਟੀ.ਐਫ. ਦੇ ਇੰਸਪੈਕਟਰ ਜਨਰਲ ਵਿਕਾਸ ਕੁਮਾਰ ਅਨੁਸਾਰ ਜ਼ਬਤ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ‘ਚ ਕੀਮਤ ਲਗਪਗ 7.5 ਕਰੋੜ ਰੁਪਏ ਦੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਹੈਰੋਇਨ ਕੇਸਰੀਸਿੰਘਪੁਰ ਬੱਸ ਸਟੈਂਡ ਨੇੜੇ ਦੋ ਅਣਪਛਾਤੇ ਵਿਅਕਤੀਆਂ ਤੋਂ ਮਿਲੀ ਅਤੇ ਜਿਨ੍ਹਾਂ ਨੇ ਇਸ ਨੂੰ ਪੰਜਾਬ ਦੇ ਤਰਨਤਾਰਨ ‘ਚ ਇਕ ਸਰਗਨੇ ਕੋਲ ਪਹੁੰਚਾਉਣਾ ਸੀ।

# ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚਕਾਰ ਖ਼ੂਨੀ ਸੰਘਰਸ਼ ਹੋਰ ਗਹਿਰਾਇਆ

**ਨਵੀਂ ਦਿੱਲੀ:** ਦੱਖਣੀ ਏਸ਼ੀਆ ‘ਚ ਪਾਕਿਸਤਾਨ ਤੇ ਅਫ਼ਗਾਨਿਸਤਾਨ ਵਿਚਕਾਰ ਵਧ ਰਹੇ ਤਣਾਅ ਨੇ ਇਕ ਨਵਾਂ ਮੋੜ ਲੈ ਲਿਆ ਹੈ। ਪਿਛਲੇ ਦਿਨੀਂ ਸ਼ੁਰੂ ਹੋਈਆਂ ਖ਼ੂਨੀ ਝੜਪਾਂ ਨੇ ਦੋਵਾਂ ਦੇਸ਼ਾਂ ਨੂੰ ਜੰਗ ਦੇ ਕੰਢੇ ‘ਤੇ ਪਹੁੰਚਾ ਦਿੱਤਾ ਹੈ। ਇਹ ਸੰਘਰਸ਼ ਨਾ ਸਿਰਫ਼ ਸਰਹੱਦੀ ਝੜਪਾ ਤੱਕ ਸੀਮਿਤ ਹੈ ਬਲਕਿ ਇਸ ਨੇ ਪੂਰੇ ਖੇਤਰ ਨੂੰ ਅਸਥਿਰ ਕਰਨ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ। ਦਰਅਸਲ, ਪਾਕਿਸਤਾਨ ਤੇ ਅਫ਼ਗਾਨਿਸਤਾਨ ਵਿਚਾਲੇ ਤਣਾਅ ਦੀਆਂ ਜੜ੍ਹਾਂ ਡੂੰਘੀਆਂ ਹਨ। ਸੰਨ 1893 ‘ਚ ਬ੍ਰਿਟਿਸ਼ ਰਾਜ ਵੇਲੇ ਬਣਾਈ ਗਈ ਡੁਰੰਡ ਲਾਈਨ ਨੂੰ ਅਫ਼ਗਾਨਿਸਤਾਨ ਅੱਜ ਵੀ ਨਹੀਂ ਮੰਨਦਾ ਜਿਸ ਕਰਕੇ ਸਰਹੱਦੀ ਵਿਵਾਦ ਬਣਿਆ ਰਹਿੰਦਾ ਹੈ।



ਅਫ਼ਗਾਨਿਸਤਾਨ ‘ਚ ਤਾਲਿਬਾਨ ਦੇ ਸੱਤਾ ਵਿਚ ਆਉਣ ਤੋਂ ਬਾਅਦ ਖ਼ਾਸ ਕਰ ਕੇ 2021 ‘ਚ ਅਮਰੀਕੀ ਫੌਜਾਂ ਦੇ ਵਾਪਸ ਜਾਣ ਨਾਲ ਤਣਾਅ ਹੋਰ ਵਧਿਆ ਹੈ। ਇਸ ਦੇ ਨਾਲ ਹੀ ਪਾਕਿਸਤਾਨ ਅਫ਼ਗਾਨਿਸਤਾਨ ‘ਤੇ ਤਹਿਰੀਕ- ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਨੂੰ ਹੱਲਾਸ਼ੇਰੀ ਦੇਣ ਦਾ ਇਲਜ਼ਾਮ ਲਗਾਉਂਦਾ ਹੈ ਜੋ ਪਾਕਿਸਤਾਨ ‘ਚ ਅੱਤਵਾਦੀ ਹਮਲੇ ਕਰਦੇ ਹਨ। ਦੂਜੇ ਪਾਸੇ, ਅਫ਼ਗਾਨ ਤਾਲਿਬਾਨ ਪਾਕਿਸਤਾਨ ‘ਤੇ ਅਫਗਾਨ ਮਾਮਲਿਆਂ ‘ਚ ਦਖ਼ਲ ਦੇਣ ਦਾ ਦੋਸ਼ ਲਾਉਂਦੇ ਹਨ। ਇਸ ਕਾਰਨ ਸਰਹੱਦੀ ਖੇਤਰਾਂ ‘ਚ ਲਗਾਤਾਰ ਝੜਪਾਂ ਵਧੀਆਂ ਹਨ। ਜਿੱਥੇ ਅਫਗਾਨਿਸਤਾਨ ‘ਚ ਧਮਾਕੇ ਤੇ ਹਮਲੇ ਵਧੇ ਹਨ ਉੱਥੇ ਹੀ ਪਾਕਿਸਤਾਨ ‘ਚ ਟੀਟੀਪੀ ਦੇ ਹਮਲੇ ਵਧ ਰਹੇ ਹਨ। ਮੌਜੂਦਾ ਘਟਨਾਕ੍ਰਮ ਵਿਚ ਟੀਟੀਪੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਪਾਕਿਸਤਾਨ ਨੇ ਅਫ਼ਗਾਨ ਧਰਤੀ ‘ਤੇ ਹਵਾਈ ਹਮਲੇ ਕੀਤੇ ਹਨ ਜਿਸ ‘ਤੇ ਅਫ਼ਗਾਨ ਤਾਲਿਬਾਨ ਨੇ ਜਵਾਬੀ ਕਾਰਵਾਈ ਕੀਤੀ ਹੈ। ਪਾਕਿਸਤਾਨ ਨੂੰ ਲੱਗਦਾ ਹੈ ਕਿ ਅਫ਼ਗਾਨਿਸਤਾਨ ‘ਚ ਟੀਟੀਪੀ ਦੇ ਅੱਡੇ ਹਨ ਜੋ ਉਸ ਨੂੰ ਅੰਦਰੂਨੀ ਅਸਥਿਰਤਾ ਵੱਲ ਧੱਕ ਰਹੇ ਹਨ। ਦੇਖਿਆ ਜਾਵੇ ਤਾਂ ਇਹ ਵਿਵਾਦ ਨਾ ਸਿਰਫ਼ ਸੁਰੱਖਿਆ ਨਾਲ ਜੁੜਿਆ ਹੈ ਬਲਕਿ ਆਰਥਿਕ ਤੇ ਵਪਾਰਕ ਮਾਮਲੇ ਵੀ ਪ੍ਰਭਾਵਿਤ ਹੋ ਰਹੇ ਹਨ। ਸਰਹੱਦ ਬੰਦ ਹੋਣ ਨਾਲ ਵਪਾਰ ਰੁਕ ਗਿਆ ਹੈ ਅਤੇ ਦੋਵੇਂ ਪਾਸੇ ਫ਼ੌਜਾਂ ਹਾਈ ਅਲਰਟ ‘ਤੇ ਹਨ। ਨਾਗਰਿਕਾਂ ਲਈ ਪਰੇਸ਼ਾਨੀ ਵਧ ਗਈ ਹੈ। ਪੂਰੇ ਖੇਤਰ ‘ਚ ਸ਼ਰਨਾਰਥੀ ਸੰਕਟ ਵਧ ਸਕਦਾ ਹੈ। ਦੋਵਾਂ ਮੁਲਕਾਂ ਦੇ ਇਸ ਸੰਘਰਸ਼ ਨੇ ਪੂਰੇ ਦੱਖਣੀ ਏਸ਼ੀਆ ਨੂੰ ਅਸਥਿਰ ਕਰ ਕੇ ਰੱਖ ਦਿੱਤਾ ਹੈ। ਸਭ ਤੋਂ ਵੱਡਾ ਪ੍ਰਭਾਵ ਸੁਰੱਖਿਆ ‘ਤੇ ਪਿਆ ਹੈ। ਮਾਹਿਰਾਂ ਮੁਤਾਬਕ ਇਸ ਸਭ ਤੋਂ ਭਾਰਤ ਈਰਾਨ ਤੇ ਚੀਨ ਵਰਗੇ ਦੇਸ਼ ਚਿੰਤਤ ਹਨ। ਮੱਧ ਏਸ਼ੀਆ ਦੀਆਂ ਵੀ ਆਪਣੀਆਂ ਚਿੰਤਾਵਾਂ ਹਨ। ਭਾਰਤ ਲਈ ਇਹ ਚਿੰਤਾ ਦਾ ਵਿਸ਼ਾ ਇਸ ਲਈ ਵੀ ਹੈ ਕਿਉਂਕਿ ਇਸ ਨਾਲ ਕਸ਼ਮੀਰ ‘ਚ ਅਸਥਿਰਤਾ ਵਧ ਸਕਦੀ ਹੈ। ਇਸ ਸਭ ਦਰਮਿਆਨ ਚੀਨ ਨੇ ਤਣਾਅ ਘਟਾਉਣ ਦੀ ਅਪੀਲ ਕੀਤੀ ਹੈ। ਅਮਰੀਕਾ ਤੇ ਯੂਰਪ ਵੀ ਇਸ ‘ਤੇ ਨਿਗ੍ਹਾ ਰੱਖ ਰਹੇ ਹਨ ਕਿਉਂਕਿ ਇਸ ਨਾਲ ਖੇਤਰੀ ਗਠਜੋੜ ਵੀ ਬਦਲ ਰਹੇ ਹਨ। ਅਫ਼ਗਾਨ ਤਾਲਿਬਾਨ ਭਾਰਤ ਨਾਲ ਕਰੀਬੀਆਂ ਵਧਾ ਰਹੇ ਹਨ ਜਿਸ ਤੋਂ ਪਾਕਿਸਤਾਨ ਚਿੰਤਤ ਹੈ। ਇਸ ਸੰਘਰਸ਼ ਨੂੰ ਰੋਕਣ ਲਈ ਗੱਲਬਾਤ ਜ਼ਰੂਰੀ ਹੈ। ਕੌਮਾਂਤਰੀ ਭਾਈਚਾਰੇ ਨੂੰ ਇਹ ਮਾਮਲਾ ਰੇਲ ਕਰਵਾਉਣ ਲਈ ਵਿਚੋਲਗੀ ਕਰਨੀ ਪਵੇਗੀ।

ਜੇ ਇਹ ਮੌਜੂਦਾ ਸੰਘਰਸ਼ ਹੱਲ ਨਾ ਹੋਇਆ ਤਾਂ ਦੱਖਣੀ ਏਸ਼ੀਆ ‘ਚ ਵੱਡਾ ਸੰਕਟ ਆ ਸਕਦਾ ਹੈ ਪਰ ਗੱਲਬਾਤ ਨਾਲ ਅਮਨ ਸੰਭਵ ਹੈ। ਖੇਤਰੀ ਵਿਵਾਦਾਂ ਨੂੰ ਸਮਝੌਤੇ ਨਾਲ ਹੱਲ ਕਰਨਾ ਜ਼ਰੂਰੀ ਹੈ। ਦੱਖਣੀ ਏਸ਼ੀਆ ਨੂੰ ਅੱਤਵਾਦ ਤੇ ਜੰਗ ਤੋਂ ਬਚਾਉਣ ਲਈ ਇਸ ਵੇਲੇ ਵਧੇਰੇ ਸਹਿਯੋਗ ਵਧਾਉਣ ਦੀ ਲੋੜ ਹੈ।

# ਪਾਕਿਸਤਾਨ ’ਚ ਨਾਬਾਲਗ ਹਿੰਦੂ ਕੁੜੀ ਦਾ ਜ਼ਬਰਦਸਤੀ ਧਰਮ ਪਰਿਵਰਤਨ

**ਅੰਮ੍ਰਿਤਸਰ:** ਪਾਕਿਸਤਾਨ ‘ਚ ਇਕ 15 ਸਾਲਾ ਹਿੰਦੂ ਕੁੜੀ ਪੂਜਾ ਮੇਘਵਾਰ ਨੂੰ ਅਗਵਾ ਕਰਕੇ ਪਹਿਲਾਂ ਉਸ ਨਾਲ ਜ਼ਬਰ ਜਨਾਹ ਕੀਤਾ ਗਿਆ ਤੇ ਫਿਰ ਜ਼ਬਰਦਸਤੀ ਇਸਲਾਮ ਕਬੂਲ ਕਰਵਾ ਕੇ ਇਕ ਬਜ਼ੁਰਗ ਮੁਸਲਿਮ ਵਿਅਕਤੀ ਨਾਲ ਨਿਕਾਹ ਲਈ ਮਜਬੂਰ ਕੀਤਾ। ਬੀਤੇ ਦਿਨ ਮੀਰਪੁਰਖਾਸ ਜ਼ਿਲ੍ਹੇ ਦੀ ਸੈਸ਼ਨ ਅਦਾਲਤ ‘ਚ ਪੇਸ਼ ਹੋਈ ਪੂਜਾ ਨੇ ਪੁਲਿਸ ਨੂੰ ਧਾਰਾ 161 ਦੇ ਤਹਿਤ ਦਿੱਤੇ ਬਿਆਨ ‘ਚ ਸਪਸ਼ਟ ਤੌਰ ‘ਤੇ ਕਿਹਾ ਕਿ ਉਹ ਆਪਣੇ ਮਾਪਿਆਂ ਨਾਲ ਜਾਣਾ ਚਾਹੁੰਦੀ ਹੈ ਤੇ ਅਦਾਲਤ ਕੋਲੋਂ ਆਪਣੇ ਪਰਿਵਾਰ ਕੋਲ ਵਾਪਸ ਜਾਣ ਦੀ ਇਜਾਜ਼ਤ ਮੰਗੀ। ਹਾਲਾਂਕਿ, ਅਦਾਲਤ ਨੇ ਸੰਬੰਧਿਤ ਅਧਿਕਾਰੀਆਂ ਨੂੰ ਅੰਤਿਮ ਫ਼ੈਸਲਾ ਆਉਣ ਤੱਕ ਕੁੜੀ ਨੂੰ ਸ਼ੈਲਟਰ ਹੋਮ ‘ਚ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਕੁੜੀ ਦੀ ਮਾਂ ਨਿਰਮਲ ਮੇਘਵਾਰ ਨੇ ਮੀਡੀਆ ਨੂੰ ਦੱਸਿਆ ਕਿ ਉਸਦੀ ਧੀ’ ਪਿਛਲੇ ਮਹੀਨੇ ਉਨ੍ਹਾਂ ਘਰ ਦੇ ਬਾਹਰੋਂ ਅਗਵਾ ਕੀਤਾ ਗਿਆ ਸੀ ਤੇ ਕਰਨ ਦੀ ਕੋਸ਼ਿਸ਼ ‘ਚ ਧਮਕੀਆਂ ਅਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ। ਉੱਧਰ, ਜ਼ਬਰ ਜ਼ਨਾਹ ਦੀ ਸ਼ਿਕਾਰ ਸੂਬਾ ਸਿੰਧ ਦੇ ਮਟਿਆਰੀ ਦੀ 9 ਸਾਲਾ ਨਾਬਾਲਗ ਹਿੰਦੂ ਕੁੜੀ ਮੀਨਾ ਕਾਫ਼ੀ ‘ਤੇ ਉਸ ਵੇਲੇ ਅਣਪਛਾਤੇ ਵਿਅਕਤੀਆਂ ਨੇ ਬੇਰਹਿਮੀ ਨਾਲ ਹਮਲਾ ਕੀਤਾ ਜਦੋਂ ਉਸ ਦੇ ਮਾਪੇ ਆਪਣੀ ਧੀ ਨੂੰ ਮੈਡੀਕਲ ਕਰਵਾਉਣ ਲਈ ਹਸਪਤਾਲ ਲੈ ਜਾ ਰਹੇ ਸਨ।

> **ਕੁੜੀ ਦੀ ਮਾਂ ਨਿਰਮਲ ਮੇਘਵਾਰ ਨੇ ਮੀਡੀਆ ਨੂੰ ਦੱਸਿਆ ਕਿ ਉਸਦੀ ਧੀ’ ਪਿਛਲੇ ਮਹੀਨੇ ਉਨ੍ਹਾਂ ਘਰ ਦੇ ਬਾਹਰੋਂ ਅਗਵਾ ਕੀਤਾ ਗਿਆ ਸੀ ਤੇ ਕਰਨ ਦੀ ਕੋਸ਼ਿਸ਼ ‘ਚ ਧਮਕੀਆਂ ਅਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ।**

# ਮੱਧ ਪੂਰਬ 'ਚ ਸ਼ਾਂਤੀ ਤੇ ਖ਼ੁਸ਼ਹਾਲੀ ਲਈ ਕੰਮ ਕਰੇ ਇਜ਼ਰਾਈਲ: ਟਰੰਪ



**ਯੇਰੂਸ਼ਲਮ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲੀ ਸੰਸਦ ਮੈਂਬਰਾਂ ਨੂੰ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਕੋਲ ਜੰਗ ਦੇ ਮੈਦਾਨ 'ਚ ਹੋਰ ਕੁਝ ਪ੍ਰਾਪਤ ਕਰਨ ਲਈ ਨਹੀਂ ਹੈ। ਹਮਾਸ ਵਿਰੁੱਧ ਦੋ ਸਾਲਾਂ ਦੀ ਜੰਗ ਤੇ ਹਿਜ਼ਬੁੱਲਾ ਤੇ ਈਰਾਨ ਨਾਲ ਝੜਪਾਂ ਤੋਂ ਬਾਅਦ ਮੱਧ ਪੂਰਬ 'ਚ ਸ਼ਾਂਤੀ ਲਈ ਕੰਮ ਕਰਨਾ ਚਾਹੀਦਾ ਹੈ। ਕਿਹਾ ਕਿ ਇਜ਼ਰਾਈਲ ਸਾਡੀ ਮਦਦ ਤੇ ਹਥਿਆਰਾਂ ਦੇ ਜ਼ੋਰ ਨਾਲ ਸਭ ਕੁਝ ਜਿੱਤ ਚੁੱਕਾ ਹੈ। ਉਨ੍ਹਾਂ ਕਿਹਾ ਕਿ ਤੁਸੀਂ ਜਿੱਤ ਗਏ ਹੋ । ਹੁਣ ਸਮਾਂ ਆ ਗਿਆ ਹੈ ਕਿ ਜੰਗ ਦੇ ਮੈਦਾਨ 'ਚ ਅੱਤਵਾਦੀਆਂ ਵਿਰੁੱਧ ਇਨ੍ਹਾਂ ਜਿੱਤਾਂ ਨੂੰ ਪੂਰੇ ਮੱਧ ਪੂਰਬ ਲਈ ਸ਼ਾਂਤੀ ਤੇ ਖ਼ੁਸ਼ਹਾਲੀ ਲਈ ਵਰਤਿਆ ਜਾਵੇ। ਟਰੰਪ ਨੇ ਗਾਜ਼ਾ ਨੂੰ ਦੁਬਾਰਾ ਬਣਾਉਣ 'ਚ ਮਦਦ ਕਰਨ ਦਾ ਵਾਅਦਾ ਕੀਤਾ, ਜੋ ਕਿ ਸੰਘਰਸ਼ ਦੌਰਾਨ ਤਬਾਹ ਹੋ ਗਿਆ ਹੈ ਤੇ ਫਿਲਸਤੀਨੀਆਂ ਨੂੰ ਅੱਤਵਾਦ ਤੇ ਹਿੰਸਾ ਦੇ ਰਸਤੇ ਤੋਂ ਹਮੇਸ਼ਾ ਲਈ ਮੁੜਨ ਦੀ ਅਪੀਲ ਕੀਤੀ। ਜ਼ਬਰਦਸਤ ਦਰਦ, ਮੌਤ ਤੇ ਕਸ਼ਟ ਤੋਂ ਬਾਅਦ ਹੁਣ ਸਮਾਂ ਹੈ ਕਿ ਉਹ ਇਜ਼ਰਾਈਲ ਨੂੰ ਢਾਹ ਦੇਣ ਦੀ ਕੋਸ਼ਿਸ਼ ਕਰਨ ਦੀ ਬਜਾਏ ਆਪਣੇ ਲੋਕਾਂ ਨੂੰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨ।

## ਇਜ਼ਰਾਈਲ ਦੇ ਸੱਚੇ ਦੋਸਤ ਹਨ ਟਰੰਪ: ਨੇਤਨਯਾਹੂ



ਇਜ਼ਰਾਈਲੀ ਸੰਸਦ ਨੇ ਡੋਨਾਲਡ ਟਰੰਪ ਨੂੰ ਸ਼ਾਂਤੀ ਦਾ ਰਾਸ਼ਟਰਪਤੀ ਐਲਾਨਿਆ ਹੈ। ਸੰਸਦ ਨੇ ਅਗਲੇ ਸਾਲ ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਉਨ੍ਹਾਂ ਦੀ ਨਾਮਜ਼ਦਗੀ ਲਈ ਵਿਸ਼ਵਵਿਆਪੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

### ਟਰੰਪ ਦੇ ਭਾਸ਼ਨ ਦੌਰਾਨ ਹਮਾਸ ਦੇ ਸਮਰਥਨ 'ਚ ਕੁਝ ਸੰਸਦ ਮੈਂਬਰਾਂ ਵਲੋਂ ਪ੍ਰਦਰਸ਼ਨ

ਜਿਸ ਵੇਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਜ਼ਰਾਈਲੀ ਸੰਸਦ ਨੂੰ ਸੰਬੋਧਨ ਕਰ ਰਹੇ ਸਨ । ਤਾਂ ਉਸ ਦੌਰਾਨ ਹੰਗਾਮਾ ਹੋਇਆ। ਟਰੰਪ ਦੇ ਭਾਸ਼ਨ ਵਿਚਕਾਰ 2 ਸੰਸਦ ਮੈਂਬਰਾਂ ਅਯਮਨ ਓਦੇਹ ਤੇ ਓਫਰ ਕਾਸਿਫ ਨੇ ਹੰਗਾਮਾ ਕੀਤਾ। ਸੰਸਦ ਮੈਂਬਰਾਂ ਨੇ ਟਰੰਪ ਸਾਹਮਣੇ ਨਸਲਕੁਸ਼ੀ ਦਾ ਚਿੰਨ੍ਹ ਦਿਖਾਇਆ ਤੇ ਉਨ੍ਹਾਂ ਵੱਲ ਵਧਣ ਲੱਗੇ। ਇਸ ਦੌਰਾਨ ਸੰਸਦ ਨੇ ਦੋਵਾਂ ਸੰਸਦ ਮੈਂਬਰਾਂ ਨੂੰ ਬਾਹਰ ਦਾ ਰਸਤਾ ਦਿਖਾਇਆ। ਇਸ 'ਤੇ 3 ਟਰੰਪ ਨੇ ਕਿਹਾ ਕਿ ਇਹ ਇਕ ਪ੍ਰਭਾਵਸ਼ਾਲੀ ਤਰੀਕਾ ਹੈ ਤੇ ਆਪਣਾ ਭਾਸ਼ਨ ਜਾਰੀ ਰੱਖਿਆ। ਸੰਸਦ 'ਚ ਹਦਸ਼-ਤਾਲ ਪਾਰਟੀ ਦੇ ਮੁਖੀ ਅਯਮਨ ਓਦੇਹ ਨੇ ਟਰੰਪ ਦੇ ਭਾਸ਼ਨ ਦੌਰਾਨ ਇਕ ਤਖ਼ਤੀ ਦਿਖਾਈ। ਇਸ 'ਤੇ ਲਿਖਿਆ ਸੀ, 'ਫਿਲਸਤੀਨ ਨੂੰ ਮਾਨਤਾ ਦਿਓ। ਉਸੇ ਪਾਰਟੀ ਦੇ ਇਕ ਹੋਰ ਸੰਸਦ ਮੈਂਬਰ ਓਫਰ ਕਾਸਿਫ ਨੇ ਵੀ ਤਖ਼ਤੀ ਦਿਖਾਉਣ ਦੀ ਕੋਸ਼ਿਸ਼ ਕੀਤੀ, ਪਰ ਸੁਰੱਖਿਆ ਬਲਾਂ ਨੇ ਦੋਵਾਂ ਸੰਸਦ ਮੈਂਬਰਾਂ ਨੂੰ ਜ਼ਬਰਦਸਤੀ ਸੰਸਦ ਤੋਂ ਬਾਹਰ ਕੱਢ ਦਿੱਤਾ।

# ਹਮਾਸ ਵਲੋਂ ਸਾਰੇ ਬੰਧਕ ਰਿਹਾਅ

## ਇਜ਼ਰਾਈਲ ਨੇ ਵੀ 1900 ਤੋਂ ਵੱਧ ਫਿਲਸਤੀਨੀ ਛੱਡੇ



**ਦੀਰ ਅਲ-ਬਲਾਹ (ਗਾਜ਼ਾ ਪੱਟੀ):** ਦੋ ਸਾਲਾਂ ਦੀ ਜੰਗ ਨੂੰ ਰੋਕਣ ਵਾਲੀ ਜੰਗਬੰਦੀ ਦੇ ਹਿੱਸੇ ਵਜੋਂ ਹਮਾਸ ਨੇ ਗਾਜ਼ਾ 'ਚ ਰੱਖੇ ਗਏ ਸਾਰੇ 20 ਬਾਕੀ ਬਚੇ ਬੰਧਕਾਂ ਨੂੰ ਰਿਹਾਅ ਕਰ ਦਿੱਤਾ ਹੈ। 7 ਬੰਧਕਾਂ ਨੂੰ ਸੋਮਵਾਰ ਸਵੇਰੇ ਰਿਹਾਅ ਕਰ ਦਿੱਤਾ ਗਿਆ । ਜਦਕਿ ਬਾਕੀ 13 ਨੂੰ ਕੁਝ ਘੰਟਿਆਂ ਬਾਅਦ ਰਿਹਾਅ ਕਰ ਦਿੱਤਾ ਗਿਆ। 20 ਆਦਮੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਦੁਬਾਰਾ ਮਿਲਾਇਆ ਜਾ ਰਿਹਾ ਹੈ ਤੇ ਉਨ੍ਹਾਂ ਦੀ ਡਾਕਟਰੀ ਜਾਂਚ ਹੋਣ ਦੀ ਉਮੀਦ ਹੈ। ਬਾਕੀ 28 ਮ੍ਰਿਤਕ ਬੰਧਕਾਂ ਦੀਆਂ ਲਾਸ਼ਾਂ ਵੀ ਸਮਝੌਤੇ ਦੇ ਹਿੱਸੇ ਵਜੋਂ ਸੌਂਪੇ ਜਾਣ ਦੀ ਉਮੀਦ ਹੈ, ਹਾਲਾਂਕਿ ਇਸ ਦਾ ਸਹੀ ਸਮਾਂ ਅਸਪੱਸ਼ਟ ਹੈ। ਸਮਝੌਤੇ ਤਹਿਤ ਇਜ਼ਰਾਈਲ ਨੇ 1900 ਤੋਂ ਵੱਧ ਫਿਲਸਤੀਨੀ ਕੈਦੀਆਂ ਨੂੰ ਰਿਹਾਅ ਕੀਤਾ ਹੈ ਤੇ ਅਕਾਲ ਪ੍ਰਭਾਵਿਤ ਗਾਜ਼ਾ 'ਚ ਭੋਜਨ ਤੇ ਸਹਾਇਤਾ ਸਪਲਾਈ ਦੇ ਵਾਧੇ ਦੀ ਆਗਿਆ ਦਿੱਤੀ ਹੈ। ਗਾਜ਼ਾ 'ਚ 60 ਫਿਲਸਤੀਨੀਆਂ, ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਗਾਜ਼ਾ ਦੇ ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ ਪਿਛਲੇ 24 ਘੰਟਿਆਂ 'ਚ 60 ਫਿਲਸਤੀਨੀਆਂ ਦੀਆਂ ਲਾਸ਼ਾਂ ਤਬਾਹ ਹੋਈਆਂ ਇਮਾਰਤਾਂ ਦੇ ਮਲਬੇ ਹੇਠੋਂ ਕੱਢੀਆਂ ਗਈਆਂ ਹਨ ਤੇ ਹਸਪਤਾਲਾਂ 'ਚ ਲਿਆਂਦੀਆਂ ਗਈਆਂ ਹਨ। ਇਸ ਨਾਲ ਇਜ਼ਰਾਈਲ ਤੇ ਹਮਾਸ ਵਿਚਕਾਰ ਜੰਗਬੰਦੀ ਲਾਗੂ ਹੋਣ ਤੇ ਇਜ਼ਰਾਈਲੀ ਫੌਜਾਂ ਗਾਜ਼ਾ ਦੇ ਕੁਝ ਹਿੱਸਿਆਂ ਤੋਂ ਪਿੱਛੇ ਹਟਣ ਤੋਂ ਬਾਅਦ ਪਿਛਲੇ ਚਾਰ ਦਿਨਾਂ 'ਚ ਬਰਾਮਦ ਹੋਈਆਂ ਲਾਸ਼ਾਂ ਦੀ ਗਿਣਤੀ 200 ਹੋ ਗਈ ਹੈ। ਮੰਤਰਾਲੇ ਦਾ ਕਹਿਣਾ ਹੈ ਕਿ ਬਹੁਤ ਸਾਰੇ ਮ੍ਰਿਤਕ ਅਜੇ ਵੀ ਮਲਬੇ ਹੇਠ ਹਨ। ਸਿਹਤ ਮੰਤਰਾਲੇ ਅਨੁਸਾਰ ਗਾਜ਼ਾ 'ਚ ਇਜ਼ਰਾਈਲ ਦੀ ਮੁਹਿੰਮ 'ਚ 67800 ਤੋਂ ਵੱਧ ਫਿਲਸਤੀਨੀ ਮਾਰੇ ਗਏ। ਮ੍ਰਿਤਕਾਂ 'ਚ ਲਗਭਗ ਅੱਧੀਆਂ ਔਰਤਾਂ ਤੇ ਬੱਚੇ ਸਨ।

# ਅਕਾਲੀ ਨੇਤਾ ਜਗਦੀਪ ਸਿੰਘ ਚੀਮਾ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ ਸੋਮਵਾਰ ਨੂੰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ, ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਭਾਜਪਾ ਵਿਚ ਆਉਣਾ ਸਿਰਫ਼ ਪਾਰਟੀ ਲਈ ਨਹੀਂ, ਸਗੋਂ ਪੂਰੇ ਖੇਤਰ ਲਈ ਇੱਕ ਸਕਾਰਾਤਮਕ ਸੰਕੇਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਦਾ ਵਿਕਾਸ ਆਪਸੀ ਸਹਿਯੋਗ ਨਾਲ ਹੀ ਸੰਭਵ ਹੈ




ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਜਗਦੀਪ ਸਿੰਘ ਚੀਮਾ ਨੂੰ ਸਾਥੀਆਂ ਸਮੇਤ ਭਾਜਪਾ ਵਿਚ ਸ਼ਾਮਲ ਕੀਤਾ। ਕੁੱਝ ਦਿਨ ਪਹਿਲਾਂ ਅਕਾਲੀ ਦਲ ਨੇ ਸ੍ਰੀ ਚੀਮਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਸੀ।ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਜਗਦੀਪ ਸਿੰਘ ਚੀਮਾ ਦਾ ਅਤੇ ਭਾਜਪਾ ਦੋਵੇਂ ਰਾਜਾਂ ਵਿਚ ਇਹ ਜੋੜ ਮਜ਼ਬੂਤ ਕਰ ਰਹੀ ਹੈ। ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਗਦੀਪ – ਚੀਮਾ ਦੀ ਪਾਰਟੀ ਵਿਚ ਆਮਦ ਭਾਜਪਾ ਲਈ ਨਵੀਂ ਊਰਜਾ ਦਾ ਸੰਕੇਤ ਹੈ। ਉਨ੍ਹਾਂ ਮਾਨ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਕੋਈ ਵਾਅਦਾ ਪੂਰਾ ਨਹੀਂ ਕੀਤਾ।

# 'ਭਾਜਪਾ' ਦੇ ਸਾਬਕਾ ਸੀ. ਪੀ. ਐੱਸ. ਸੁਖਪਾਲ ਨੰਨੂੰ ਅਕਾਲੀ ਦਲ 'ਚ ਸ਼ਾਮਲ



**ਫਿਰੋਜ਼ਪੁਰ:** ਦਿੱਲੀ ਵਿਖੇ ਚੱਲੇ ਕਿਸਾਨੀ ਮੋਰਚੇ ਵੇਲੇ 49 ਮਮਦੋਟ ਹਾਉਸ ਦੀ ਛੱਤ ਤੋਂ ਭਗਵਾ ਝੰਡਾ ਉਤਾਰਨ ਮਗਰੋਂ ਲੰਮਾਂ ਸਮਾਂ ਅਗਿਆਤਵਾਸ 'ਚ ਰਹੇ ਭਾਜਪਾ ਦੇ ਸਾਬਕਾ ਚੀਫ ਪਾਰਲੀਮਾਨੀ ਸਕੱਤਰ ਸੁਖਪਾਲ ਸਿੰਘ ਨੰਨੂੰ ਬੀਤੇ ਦਿਨ ਅਕਾਲੀ ਦਲ ਬਾਦਲ 'ਚ ਸ਼ਾਮਲ ਹੋ ਗਏ ਹਨ। ਅਕਾਲੀ ਦਲ ਬਾਦਲ ਸੁਪ੍ਰੀਮੋ ਸੁਖਬੀਰ ਸਿੰਘ ਬਾਦਲ ਨੇ ਸੁਖਪਾਲ ਨੰਨੂੰ ਅਤੇ ਉਨ੍ਹਾਂ ਦੇ ਕਰੀਬੀ ਸਾਥੀਆਂ ਨੂੰ ਅਕਾਲੀ ਦਲ 'ਚ ਸ਼ਾਮਲ ਕਰਵਾਇਆ । ਸੁਖਪਾਲ ਸਿੰਘ ਨੰਨੂੰ ਦੇ ਅਕਾਲੀ ਦਲ ਬਾਦਲ 'ਚ ਸ਼ਾਮਲ ਹੁੰਦਿਆਂ ਹੀ ਜਿਥੇ ਬੇਸਹਾਰਾ ਮਹਿਸੂਸ ਕਰ ਰਹੇ ਸ਼ਹਿਰੀ ਹਲਕੇ ਦੇ ਅਕਾਲੀ ਵਰਕਰਾਂ ਨੂੰ ਇਕ ਸਹਾਰਾ ਜਿਹਾ ਮਿਲਿਆ ਨਜ਼ਰ ਆ ਰਿਹਾ ਹੈ,ਉਥੇ ਇਸ ਨੂੰ ਫਿਰੋਜ਼ਪੁਰ ਸ਼ਹਿਰੀ ਹਲਕੇ ਤੋਂ ਭਾਜਪਾ ਲਈ ਇਕ ਝੱਟਕੇ ਵਜੋਂ ਵੇਖਿਆ ਜਾ ਰਿਹਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਪਾਲ ਸਿੰਘ ਨੰਨੂੰ ਨੇ ਆਖਿਆ ਕਿ ਲੰਮੇ ਸਮੇਂ ਬਾਅਦ ਅੱਜ ਉਨ੍ਹਾਂ ਨੂੰ ਰਾਹਤ ਮਹਿਸੂਸ ਹੋ ਰਹੀ ਹੈ।ਉਨ੍ਹਾਂ ਦੱਸਿਆ ਕਿ ਸਾਲ 2007 ਵਿਚ ਉਨ੍ਹਾਂ ਦੇ ਚੀਫ ਪਾਰਲੀਮਾਨੀ ਸਕੱਤਰ ਹੁੰਦਿਆਂ ਅਕਾਲੀ ਭਾਜਪਾ ਸਰਕਾਰ ਸਮੇਂ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਫਿਰੋਜ਼ਪੁਰ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਛੱਡੀ। ਨੰਨੂੰ ਨੇ ਦੱਸਿਆ ਕਿ ਭਾਵੇਂ ਉਹ ਭਾਜਪਾ ਦੇ ਸੀਪੀਐਸ ਸਨ,ਪਰ ਸੁਖਬੀਰ ਸਿੰਘ ਬਾਦਲ ਨਾਲ ਕਰੀਬੀ ਦੋਸਤੀ ਹੋਣ ਕਾਰਣ ਉਸ ਵੇਲੇ ਫਿਰੋਜ਼ਪੁਰ ਲਈ ਕਾਫੀ ਗ੍ਰਾਂਟਾਂ ਲਿਆਂਦੀਆਂ। ਉਨ੍ਹਾਂ ਦੇ ਸਵਰਗਵਾਸੀ ਪਿਤਾ ਸਾਬਕਾ ਵਿਧਾਇਕ ਗਿਰਧਾਰਾ ਸਿੰਘ ਦੀ ਸਵਰਗਵਾਸੀ ਸਾਬਕਾ ਸੀਐਮ ਪ੍ਰਕਾਸ਼ ਸਿੰਘ ਬਾਦਲ ਨਾਲ ਦੋਸਤੀ ਸਦਕਾ ਹੀ ਅਕਾਲੀ ਭਾਜਪਾ ਦੀ ਸਾਂਝ ਦੀ ਨੀਂਹ ਉਨ੍ਹਾਂ ਦੀ ਕੋਠੀ ਮਮਦੋਟ ਹਾਉਸ ਵਿਚ ਹੀ ਰੱਖੀ ਗਈ ਸੀ।

# ਡੀ.ਆਈ.ਜੀ. ਦੀ ਕੋਠੀ 'ਚ ਤਾਇਨਾਤ ਥਾਣੇਦਾਰ ਨੇ ਕੀਤੀ ਖ਼ੁਦਕੁਸ਼ੀ

**ਲੁਧਿਆਣਾ:** ਡਿਊਟੀ ਦੌਰਾਨ ਪੰਜਾਬ ਪੁਲਿਸ ਦੇ ਮੁਲਾਜ਼ਮ ਨੇ ਆਪਣੇ ਸਿਰ ਵਿਚ ਗੋਲੀ



ਮਾਰ ਲਈ,ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਘਟਨਾ ਲੁਧਿਆਣਾ ਦੇ ਰਾਣੀ ਝਾਂਸੀ ਰੋਡ 'ਤੇ ਸਥਿਤ ਡੀਆਈਜੀ ਰੇਂਜ ਹਾਊਸ ਵਿਚ ਵਾਪਰੀ, ਜਿੱਥੇ ਉਹ ਤਾਇਨਾਤ ਸੀ।

ਮ੍ਰਿਤਕ ਦੀ ਪਛਾਣ ਤੀਰਥ ਸਿੰਘ, 50 ਸਾਲ ਵਜੋਂ ਹੋਈ ਹੈ। ਉਹ ਮੂਲਾਪੁਰ ਦਾਖਾ (ਲੁਧਿਆਣਾ) ਦਾ ਰਹਿਣ ਵਾਲਾ ਸੀ ਅਤੇ 4-5 ਸਾਲਾਂ ਤੋਂ ਉਥੇ ਏ.ਐਸ.ਆਈ. ਵਜੋਂ ਤਾਇਨਾਤ ਸੀ। ਉਸਨੇ ਆਪਣੀ ਸਰਵਿਸ ਰਿਵਾਲਵਰ ਨਾਲ ਆਪਣੇ ਆਪ ਨੂੰ ਗੋਲੀ ਮਾਰ ਲਈ।ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਕੀਤੀ। ਉਨ੍ਹਾਂ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ।

# ਸੁਪਰੀਮ ਕੋਰਟ ਨੇ ਕੇਂਦਰ ਤੋਂ ਮੰਗੀ ਗੰਭੀਰ ਮਰੀਜ਼ਾਂ ਦੀ ਦੇਖਭਾਲ 'ਤੇ ਰਿਪੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਦੀ ਦੇਖਭਾਲ (ਪੈਲੀਏਟਿਵ ਕੇਅਰ) 'ਤੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਜਾਰੀ 2017 ਦੀਆਂ ਹਦਾਇਤਾਂ ਦੇ ਅਮਲ ਬਾਰੇ ਕੇਂਦਰ ਸਰਕਾਰ ਤੋਂ ਜਾਣਕਾਰੀ ਮੰਗੀ ਹੈ। ਇਸ ਦੇ ਲਈ ਸੁਪਰੀਮ ਕੋਰਟ ਨੇ ਸਰਕਾਰ ਨੂੰ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਹੈ। ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਗੰਭੀਰ ਰੂਪ ਨਾਲ ਬਿਮਾਰ ਵਿਅਕਤੀਆਂ ਨੂੰ ਰਾਸ਼ਟਰੀ ਸਿਹਤ ਪ੍ਰੋਗਰਾਮ ਦੇ ਤਹਿਤ ਪੈਲੀਏਟਿਵ + ਕੇਅਰ ਪ੍ਰਦਾਨ ਕਰਨ ਲਈ ਅਧਿਕਾਰੀਆਂ ਨੂੰ ਬਾ ਨਿਰਦੇਸ਼



ਦੇਣ ਦੀ ਮੰਗ ਵਾਲੀ ਇਕ ਪਟੀਸ਼ਨ ਕ 'ਤੇ ਸੁਣਵਾਈ ਕਰਦੇ ਹੋਏ ਇਹ ਹੁਕਮ ਦਿੱਤਾ।

ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ 25 ਨਵੰਬਰ ਨਿਰਧਾਰਤ ਕੀਤੀ ਹੈ। ਪਟੀਸ਼ਨਰ ਦੀ ਵਕੀਲ ਜਯਨਾ ਕੋਠਾਰੀ ਨੇ ਬੈਂਚ ਨੂੰ ਨੈਸ਼ਨਲ ਪ੍ਰੋਗਰਾਮ ਫਾਰ ਪੈਲੀਏਟਿਵ ਕੇਅਰ ਨਾਂ ਦੇ 2017 ਦੀਆਂ ਹਦਾਇਤਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਕੇਂਦਰ ਨੇ ਇਸ ਮਾਮਲੇ 'ਚ ਇਕ ਸੰਖੇਪ ਹਲਫਨਾਮਾ ਦਾਖ਼ਲ ਕੀਤਾ ਹੈ। ਪਰ ਇਹ ਨਹੀਂ ਦੱਸਿਆ ਕਿ ਉਹ ਹਦਾਇਤਾਂ ਦੀ ਪਾਲਣਾ ਕਿਵੇਂ ਕਰਦੇ ਹਨ। ਹਦਾਇਤਾਂ ਕਹਿੰਦੀਆਂ ਹਨ ਕਿ ਤੁਹਾਨੂੰ ਜ਼ਿਲ੍ਹਾ ਪੱਧਰ 'ਤੇ ਇਕ ਪੈਲੀਏਟਿਵ ਕੇਅਰ ਟੀਮ ਬਣਾਉਣੀ ਪਵੇਗੀ ਤੇ ਹਰ ਸੂਬੇ 'ਚ ਇਕ ਪੈਲੀਏਟਿਵ ਪ੍ਰੋਟੈਕਸ਼ਨ ਸੈੱਲ ਵੀ ਹੋਣਾ ਚਾਹੀਦਾ ਹੈ।

ਪੰਜਾਬ ਟਾਈਮਜ਼

18 ਅਕਤੂਬਰ, ਸ਼ਨਿਚਰਵਾਰ

# ਪੁਰਸਕਾਰਾਂ ਦੀ 'ਨੋਬਲ' ਸਿਆਸਤ

ਇਸ ਸਾਲ ਦਾ 'ਨੋਬੇਲ ਸ਼ਾਂਤੀ ਪੁਰਸਕਾਰ' ਵੀ ਪਿਛਲੇ ਕਈ ਸਾਲਾਂ ਵਾਂਗ ਹੀ ਬੇਹੱਦ ਚਰਚਾ ਵਿਚ ਰਿਹਾ ਹੈ। ਇਸ ਦਾ ਕਾਰਨ ਸ਼ਾਇਦ ਇਹ ਵੀ ਸੀ ਕਿ ਪੁਰਸਕਾਰ ਦੇ ਐਲਾਨ ਤੋਂ ਪਹਿਲਾਂ ਹੀ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਪੁਰਸਕਾਰ ਉੱਤੇ ਆਪਣਾ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਪਹਿਲੀ ਵਾਰ ਹੋਇਆ ਕਿ ਕਿਸੇ ਨੇ ਇਹ ਪੁਰਸਕਾਰ ਏਨੀ ਸਪੱਸ਼ਟਤਾ ਨਾਲ ਮੰਗਿਆ ਹੋਵੇ। ਟਰੰਪ ਨੂੰ ਭਾਵੇਂ ਇਹ ਪੁਰਸਕਾਰ ਨਹੀਂ ਮਿਲਿਆ ਪਰ ਜਿਸਨੂੰ ਮਿਲਿਆ, ਉਹ ਵੀ ਨਿਰਪੱਖਤਾ ਤੋਂ ਕੋਹਾਂ ਦੂਰ ਜਾਪ ਰਿਹਾ ਹੈ। ਐਲਾਨ ਕੀਤਾ ਗਿਆ ਕਿ ਇਹ ਪੁਰਸਕਾਰ ਵੈਨੇਜ਼ੁਏਲਾ ਦੀ ਨੇਤਾ ਮਾਰੀਆ ਕੋਰੀਨਾ ਮਚਾਡੋ ਨੂੰ ਦਿੱਤਾ ਜਾਵੇਗਾ। ਨੋਬੇਲ ਕਮੇਟੀ ਨੇ ਮਚਾਡੋ ਨੂੰ ਇਹ ਪੁਰਸਕਾਰ ਦੇਣ ਦਾ ਕਾਰਨ ਇਹ ਦੱਸਿਆ ਸੀ ਕਿ ਉਹ ਵੈਨੇਜ਼ੁਏਲਾ ਵਿਚ ਲੋਕਤੰਤ੍ਰਿਕ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ, ਅਤੇ ਤਬਦੀਲੀ ਲਈ ਸੰਘਰਸ਼ ਨੂੰ ਅੱਗੇ ਵਧਾਉਣ ਵਿਚ ਲੱਗੀ ਹੋਈ ਹੈ। ਉਸ ਨੂੰ ਵੈਨੇਜ਼ੁਏਲਾ ਦੀ ਸੁਪਰੀਮ ਕੋਰਟ ਨੇ 15 ਸਾਲਾਂ ਲਈ ਚੋਣਾਂ ਲੜਨ ਤੋਂ ਅਯੋਗ ਐਲਾਨ ਕੀਤਾ ਹੋਇਆ ਹੈ। ਕਿਹਾ ਗਿਆ ਹੈ ਕਿ ਮਚਾਡੋ ਨੇ ਜਿਸ ਤਰ੍ਹਾਂ ਦੇਸ਼ ਦੇ ਅੰਦਰ ਰਹਿ ਕੇ ਸੰਘਰਸ਼ ਕੀਤਾ, ਉਹ ਉਸ ਨੂੰ ਇਹ ਪੁਰਸਕਾਰ ਲੈਣ ਦੇ ਯੋਗ ਬਣਾਉਂਦਾ ਹੈ। ਪਰ ਕੁਝ ਲੋਕਾਂ ਨੇ ਇਸ ਫ਼ੈਸਲੇ 'ਤੇ ਸਵਾਲ ਉਠਾਏ ਹਨ, ਉਨ੍ਹਾਂ ਦਾ ਤਰਕ ਇਹ ਸੀ ਕਿ ਅਸਲ ਵਿਚ ਨੋਬੇਲ ਪੁਰਸਕਾਰ ਕਮੇਟੀ ਦੁਆਰਾ ਮਚਾਡੋ ਨੂੰ ਦਿੱਤਾ ਗਿਆ ਸ਼ਾਂਤੀ ਪੁਰਸਕਾਰ, ਸ਼ਾਂਤੀ ਦੇ ਉਦੇਸ਼ਾਂ ਨਾਲ ਮੇਲ ਨਹੀਂ ਖਾਂਦਾ, ਸਗੋਂ ਇਹ ਇਕ ਸੱਜੇ-ਪੱਖੀ ਸ਼ਖ਼ਸੀਅਤ ਨੂੰ ਰਾਜਨੀਤਕ ਤੌਰ 'ਤੇ ਦਿੱਤਾ ਗਿਆ ਪੁਰਸਕਾਰ ਹੈ ਅਤੇ ਇਸ ਦੇ ਪਿੱਛੇ ਇਕ ਖ਼ਾਸ ਤਰ੍ਹਾਂ ਦੀ ਰਾਜਨੀਤੀ ਹੈ। ਇਸ ਐਲਾਨ ਦੇ ਨਾਲ ਹੀ ਮਚਾਡੋ ਇਸ ਲਈ ਵੀ ਵਿਵਾਦ ਦਾ ਵਿਸ਼ਾ ਬਣ ਗਈ ਕਿਉਂਕਿ ਉਸ ਨੇ ਡੋਨਲਡ ਟਰੰਪ ਦੀ ਪ੍ਰਸ਼ੰਸਾ ਕਰਦੇ ਹੋਏ ਉਸ ਨੂੰ ਨਾ ਸਿਰਫ਼ ਇਕ ਦੂਰਦਰਸ਼ੀ ਵਿਸ਼ਵ ਨੇਤਾ ਕਿਹਾ ਸੀ, ਸਗੋਂ ਉਸ ਨੂੰ ਆਪਣੇ ਅੰਦੋਲਨ ਦਾ ਸਹਿਯੋਗੀ ਵੀ ਕਰਾਰ ਦਿੱਤਾ ਸੀ। ਕਈ ਮੰਚਾਂ 'ਤੇ ਪੁਰਸਕਾਰ ਦੇ ਐਲਾਨ ਤੋਂ ਪਹਿਲਾਂ ਹੀ ਦਾਅਵੇ ਕੀਤੇ ਜਾ ਰਹੇ ਸਨ ਕਿ ਮਾਰੀਆ ਕੋਰੀਨਾ ਮਚਾਡੋ ਇਸ ਸਾਲ ਦਾ 'ਨੋਬੇਲ ਸ਼ਾਂਤੀ ਪੁਰਸਕਾਰ' ਪ੍ਰਾਪਤ ਕਰਨ ਵਾਲੀ ਹੈ। ਸੱਜੇ-ਪੱਖੀ ਵਿਚਾਰਧਾਰਾ ਵਾਲੀ ਮਚਾਡੋ ਨੇ ਇਕ ਬਿਆਨ ਵਿਚ ਅਰਜਨਟੀਨਾ ਨੂੰ ਵੈਨੇਜ਼ੁਏਲਾ 'ਤੇ ਹਮਲਾ ਕਰਨ ਤੱਕ ਦਾ ਸੱਦਾ ਦੇ ਦਿੱਤਾ ਸੀ। ਮਚਾਡੋ ਨਾ ਸਿਰਫ਼ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਮਰਥਕ ਹੈ, ਸਗੋਂ ਇਜ਼ਰਾਈਲ ਦੀ ਲਿਕਵਿਡ ਪਾਰਟੀ ਦੀ ਵੀ ਕੱਟੜ ਸਮਰਥਕ ਹੈ।

ਪੁਰਸਕਾਰਾਂ ਦੀ ਸਿਆਸਤ ਦਾ ਦੂਸਰਾ ਪਹਿਲੂ ਉਦੋਂ ਸਾਹਮਣੇ ਆਇਆ ਜਦੋਂ ਮਚਾਡੋ ਬਾਰੇ ਐਲਾਨ ਤੋਂ ਤੁਰੰਤ ਬਾਅਦ ਨੇਤਨਯਾਹੂ ਨੇ ਡੋਨਲਡ ਟਰੰਪ ਲਈ ਇਜ਼ਰਾਈਲ ਦਾ ਸਰਬਉੱਚ ਪੁਰਸਕਾਰ ਐਲਾਨ ਦਿੱਤਾ ਅਤੇ ਟਰੰਪ ਨੂੰ ਇਜ਼ਰਾਈਲ ਵਿਖੇ ਬੁਲਾ ਕੇ ਭੇਟ ਵੀ ਕਰ ਦਿੱਤਾ। ਇਸ ਤੋਂ ਪਹਿਲਾਂ ਇਹ ਪੁਰਸਕਾਰ ਬਰਾਕ ਓਬਾਮਾ ਨੂੰ ਦਿੱਤਾ ਗਿਆ ਸੀ।

'ਨੋਬੇਲ ਸ਼ਾਂਤੀ ਪੁਰਸਕਾਰ' ਬਾਰੇ ਆਮ ਧਾਰਨਾ ਇਹ ਹੈ ਕਿ ਇਹ ਪੁਰਸਕਾਰ ਉਨ੍ਹਾਂ ਯਤਨਾਂ ਨੂੰ ਇਨਾਮ ਦੇਣਾ ਮੰਨਿਆ ਜਾਂਦਾ ਹੈ, ਜੋ ਹਿੰਸਾ ਨੂੰ ਘਟਾਉਂਦੇ ਹਨ ਅਤੇ ਸੰਘਰਸ਼ਾਂ ਦੇ ਸ਼ਾਂਤੀਪੂਰਨ ਹੱਲ ਲਈ ਇਕ ਮਾਹੌਲ ਬਣਾਉਂਦੇ ਹਨ, ਯੁੱਧ ਦੇ ਮਾਹੌਲ ਨੂੰ ਰੋਕਦੇ ਹਨ।

ਮਚਾਡੋ ਸ਼ਾਂਤੀ ਦੇ ਸੰਘਰਸ਼ ਵਿਚ ਨਹੀਂ, ਸਗੋਂ ਸ਼ਕਤੀ ਸੰਘਰਸ਼ ਦੀ ਰਾਜਨੀਤਕ ਲੜਾਈ ਦਾ ਹਿੱਸਾ ਹੈ। ਉਹ ਸ਼ਾਂਤੀ, ਵਿਚੋਲਗੀ ਜਾਂ ਸੰਘਰਸ਼ ਮੁਕਤੀ ਦੀ ਭੂਮਿਕਾ 'ਚ ਖ਼ਰੀ ਨਹੀਂ ਉਤਰਦੀ, ਸਗੋਂ ਆਪਣੇ ਵਿਰੋਧੀਆਂ ਨਾਲ ਇਸ ਲੜਾਈ ਨੂੰ ਨਜਿੱਠਣ ਦੀ ਇੱਛਾ ਵੀ ਰੱਖਦੀ ਹੈ। ਇਸ ਕਰਕੇ ਇਹ ਪੁਰਸਕਾਰ ਉਨ੍ਹਾਂ ਲੋਕਾਂ ਨੂੰ ਰੜਕਦਾ ਹੈ, ਜੋ ਇਹ ਚਾਹੁੰਦੇ ਹਨ ਕਿ ਇਹ ਪੁਰਸਕਾਰ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਵੇ, ਜੋ ਦੁਨੀਆ ਭਰ 'ਚ ਰਾਜਨੀਤਕ ਟਕਰਾਅ ਨੂੰ ਖ਼ਤਮ ਕਰਨ ਅਤੇ ਪ੍ਰਮਾਣੂ ਨਿਸ਼ਸਤਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਜਾਣੇ ਜਾਂਦੇ ਹੋਣ। ਮਚਾਡੋ ਨੇ ਜਿਸ ਤਰ੍ਹਾਂ ਆਪਣੇ ਦੇਸ਼ ਵਿਚ ਵਿਦੇਸ਼ੀ ਦਖ਼ਲ ਦੀ ਵਕਾਲਤ ਕੀਤੀ ਹੈ ਜਾਂ ਕਠੋਰ ਆਰਥਿਕ ਪਾਬੰਦੀਆਂ ਦੀ ਮੰਗ ਕੀਤੀ ਹੈ, ਉਹ ਵੀ ਉਸ ਦੇ ਵਿਰੋਧ ਦਾ ਇਕ ਵੱਡਾ ਕਾਰਨ ਹੈ। ਇਸ ਲਈ ਵੱਡੀ ਪੱਧਰ 'ਤੇ ਲੋਕ ਮਚਾਡੋ ਨੂੰ 'ਨੋਬੇਲ ਸ਼ਾਂਤੀ ਪੁਰਸਕਾਰ' ਦੇਣ ਦਾ ਵਿਰੋਧ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਟਰੰਪ ਦੀ ਮਚਾਡੋ ਵਲੋਂ ਪ੍ਰਸ਼ੰਸਾ ਕਰਨਾ ਅਤੇ ਆਪਣੇ ਦੇਸ਼ ਦੇ ਅੰਦਰੂਨੀ ਸੰਘਰਸ਼ ਵਿਚ ਉਸ ਤੋਂ ਸਮਰਥਨ ਮੰਗਣ ਕਾਰਨ ਵੀ ਮਚਾਡੋ ਦੀ ਆਲੋਚਨਾ ਹੋ ਰਹੀ ਹੈ। ਇਸ ਕਾਰਨ ਖ਼ੁਦ ਉਸ ਦੇ ਦੇਸ਼ ਦੇ ਲੋਕ ਉਸ ਦਾ ਵਿਰੋਧ ਕਰ ਰਹੇ ਹਨ। ਮਚਾਡੋ ਨੂੰ ਪੁਰਸਕਾਰ ਦੇਣ ਕਾਰਨ ਨਾਰਵੇਜੀਅਨ ਨੋਬੇਲ ਕਮੇਟੀ ਦੀ ਗੁਪਤਤਾ ਵੀ ਦਾਅ 'ਤੇ ਲੱਗ ਚੁੱਕੀ ਹੈ। ਨੋਬਲ ਚੋਣ ਪ੍ਰਕਿਰਿਆ ਬੇਹੱਦ ਗੁਪਤ ਹੁੰਦੀ ਹੈ। ਇਸ ਸੰਬੰਧ 'ਚ ਐਲਾਨ ਕੀਤੇ ਜਾਣ ਤੋਂ ਪਹਿਲਾਂ ਨਾਮਜ਼ਦਗੀ, ਚਰਚਾ, ਵੋਟ ਵੰਡ ਆਦਿ ਅੰਦਰੂਨੀ ਸਰਗਰਮੀਆਂ ਸੰਬੰਧੀ ਜਨਤਕ ਤੌਰ 'ਤੇ ਚਰਚਾ ਨਹੀਂ ਹੁੰਦੀ। ਪਰ ਇਸ ਸਾਲ 'ਨੋਬੇਲ ਸ਼ਾਂਤੀ ਪੁਰਸਕਾਰ' ਦੇ ਐਲਾਨ ਤੋਂ ਪਹਿਲਾਂ ਹੀ ਆਨਲਾਈਨ ਵੋਟਿੰਗ ਮੰਚ 'ਤੇ ਮਚਾਡੋ ਦੀ ਦਾਅਵੇਦਾਰੀ 'ਤੇ ਬਹੁਤ ਜ਼ੋਰ ਦਿੱਤਾ ਗਿਆ ਸੀ। ਉਸ 'ਤੇ ਵੱਡੇ-ਵੱਡੇ ਸੱਟੇ ਲੱਗੇ ਹੋਏ ਸਨ। ਯੂਰਪੀ ਮੀਡੀਆ ਵਿਸ਼ੇਸ਼ ਕਰਕੇ 'ਗਾਰਡੀਅਨ' ਅਤੇ 'ਰਾਇਟਰਸ' ਵਿਚ ਪੁਰਸਕਾਰ ਦੇ ਐਲਾਨ ਤੋਂ ਪਹਿਲਾਂ ਹੀ ਮਚਾਡੋ ਨੂੰ ਪੁਰਸਕਾਰ ਮਿਲਣ ਦੀ ਅੰਦਰੂਨੀ ਜਾਣਕਾਰੀ ਲੀਕ ਹੋਈ ਸੀ, ਜਿਸ ਨਾਲ ਇਹ ਇਕ ਬਹੁਤ ਵੱਡਾ ਆਨਲਾਈਨ ਜੂਆ ਸਿੱਧ ਹੋਇਆ ਹੈ। ਇਹ ਪਹਿਲਾ ਅਜਿਹਾ ਮੌਕਾ ਹੈ ਜਦ ਖੁੱਲ੍ਹ ਕੇ ਨੋਬਲ ਕਮੇਟੀ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ।

ਵੈਸੇ ਵੇਖਿਆ ਜਾਵੇ ਤਾਂ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਦਿੱਤੇ ਜਾਂਦੇ ਸਭ ਤਰ੍ਹਾਂ ਦੇ ਛੋਟੇ ਵੱਡੇ ਪੁਰਸਕਾਰ ਸਿਆਸਤ ਤੋਂ ਅਛੂਤੇ ਨਹੀਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੌਡੀ-ਲੈਂਗੁਏਜ਼ ਦੇ ਮਾਹਰ

ਜੇ ਦੇਖਦੇ ਹਲਕੀ ਜਿਹੀ 'ਭਾਫ' ਕਿਧਰੇ, ਅੱਗ ਬਾ.ਲ ਕੇ 'ਭਾਂਬੜ' ਬਣਾਇ ਦਿੰਦੇ।
'ਹੋਈ' ਦੱਸਕੇ ਕਿਸੇ 'ਅਣਹੋਈ' ਤਾਈਂ, ਗੱਲਾਂ ਇੱਕ ਦੀਆਂ ਚਾਰ ਸੁਣਾਇ ਦਿੰਦੇ।
'ਖਾਲੀ ਕੁਰਸੀਆਂ' ਦੀ ਫੋਟੋ ਛਾਪ ਕੇ ਜੀ, ਗਿਣਤੀ 'ਕੱਠ ਵਿਚ ਘੱਟ ਗਿਣਾਇ ਦਿੰਦੇ।
ਜੜਕੇ 'ਖਬਰ' 'ਤੇ ਸੁਰਖੀ ਕੋਈ ਚੱਕਵੀਂ ਜਿਹੀ, ਤਾਣਾ ਕੁਫਰ ਦਾ ਲੰਬਾ 'ਤਣਾਇ' ਦਿੰਦੇ।
ਵਿਊਜ਼ ਲਾਈਕ ਕਮੈਂਟਾਂ ਲਈ ਤੜਫਦੇ ਨੇ, ਹੁਣ ਲੋਕਾਂ ਦੀ ਨਜ਼ਰ ਵਿਚ ਜਾਹਰ ਹੋ ਗਏ।
ਲਿਖਣੀ ਠੀਕ ਮਾਂ-ਬੋਲੀ ਕਈ ਜਾਣਦੇ ਨਾ, 'ਬੌਡੀ-ਲੈਂਗੁਏਜ਼' ਪੜ੍ਹਨ ਦੇ ਮਾਹਰ ਹੋ ਗਏ!

# ਰਿਉੜੀਆਂ ਵੰਡਣਾ - ਚੁਣਾਵੀ ਰਿਸ਼ਵਤ

ਨਵੰਬਰ 2025 'ਚ ਬਿਹਾਰ ਵਿਚ ਵਿਧਾਨ ਸਭਾ ਚੋਣਾਂ ਹਨ। ਬਿਹਾਰ ਹੀ ਨਹੀਂ, ਸਮੁੱਚਾ ਦੇਸ਼ ਬਿਹਾਰ ਚੋਣਾਂ ਨੂੰ ਉਤਸੁਕਤਾ ਨਾਲ ਵੇਖ ਰਿਹਾ ਹੈ। ਬਿਹਾਰ ਦੇ ਬੈਂਕ ਖ਼ਾਤਿਆਂ 'ਚ ਬਹਾਰ ਵੇਖਣ ਨੂੰ ਮਿਲ ਰਹੀ ਹੈ। ਇੱਥੇ ਸੱਤਾਧਾਰੀਆਂ ਨੇ ਮੁਫ਼ਤ ਸੌਗਾਤਾਂ ਵੰਡਣ ਦਾ ਜਿਵੇਂ ਮੀਂਹ ਵਰ੍ਹਾ ਦਿੱਤਾ ਹੈ।

ਬਾਵਜੂਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਸ ਵਚਨ, ਕਥਨ ਦੇ, ਜੋ ਉਨ੍ਹਾਂ ਅਕਤੂਬਰ 2022 ਦੀਆਂ ਮੱਧ ਪ੍ਰਦੇਸ਼ ਚੋਣਾਂ 'ਚ ਆਪਣੇ ਮੁਖਾਰਬਿੰਦ ਤੋਂ ਉਚਾਰਿਆ ਸੀ ਕਿ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਰਿਉੜੀਆਂ ਵੰਡਣਾ ਖ਼ਤਰਨਾਕ ਪ੍ਰਵਿਰਤੀ ਹੈ। ਉਨ੍ਹਾਂ ਨੇ 62,000 ਕਰੋੜ ਰੁਪਏ ਦੀ ਲਾਗਤ ਵਾਲੀਆਂ ਨੌਜਵਾਨਾਂ ਵਾਸਤੇ ਵੱਖੋ-ਵੱਖਰੀਆਂ ਪਹਿਲਾਂ ਦਾ 'ਸ਼ੁਭ ਆਰੰਭ' ਕੀਤਾ। ਜਿਸਦਾ ਤੁਰੰਤ ਲਾਭ ਚੋਣਾਂ 'ਚ ਹੋਏਗਾ। ਮੌਜੂਦਾ ਬਿਹਾਰ ਸਰਕਾਰ ਨੇ ਇਕ ਕਰੋੜ ਬਿਹਾਰੀ ਔਰਤਾਂ ਲਈ ਨਕਦ ਰਾਸ਼ੀ, ਗਰੈਜੂਏਟਾਂ ਲਈ 1000 ਰੁਪਏ ਮਾਸਿਕ ਭੱਤਾ, ਨਿਰਮਾਣ ਮਜ਼ਦੂਰਾਂ ਲਈ 5000 ਰੁਪਏ ਅਤੇ ਸਾਰੇ ਘਰਾਂ ਲਈ 125 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਅਤੇ ਬਜ਼ੁਰਗਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ 'ਚ ਚੋਖਾ ਵਾਧਾ ਕੀਤਾ। ਚੋਣਾਂ ਤੋਂ ਪਹਿਲਾਂ ਸੁਗਾਤਾਂ ਕੀ ਨੈਤਿਕ ਤੌਰ 'ਤੇ ਠੀਕ ਹਨ?

ਭਾਜਪਾ ਆਪਣੇ ਡਿਗਦੇ ਵਕਾਰ ਦੀ ਪੂਰਤੀ ਲਈ ਪਿਛਲੇ ਕੁਝ ਸਾਲਾਂ ਤੋਂ ਗਰੀਬ ਵੋਟਰਾਂ ਨੂੰ ਭਰਮਾ ਕੇ ਜਿੱਤ ਆਸਾਨ ਬਣਾ ਰਹੀ ਹੈ। ਪਿਛਲੇ ਤਿੰਨ ਸਾਲਾਂ ਵਿਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਰਿਉੜੀਆਂ ਵੰਡ ਕੇ ਹੀ ਇਸ ਨੇ ਸਫ਼ਲਤਾ ਹਾਸਿਲ ਕੀਤੀ। ਭਾਵੇਂ ਕਿ ਮੱਧ ਪ੍ਰਦੇਸ਼ 'ਚ ਖ਼ਾਸ ਕਰਕੇ ਆਰੰਭੀਆਂ ਯੋਜਨਾਵਾਂ ਦੀ ਚੋਣਾਂ ਤੋਂ ਦੋ ਵਰ੍ਹੇ ਬਾਅਦ ਜਿਵੇਂ ਫੂਕ ਹੀ ਨਿਕਲ ਗਈ ਹੈ।

ਲੋਕਤੰਤਰ ਵਿਚ ਸਿਆਸੀ ਸ਼ਕਤੀ ਪ੍ਰਦਰਸ਼ਨ ਲਈ ਜੋ ਨਵੀਂ ਚੁਣੌਤੀ ਉਭਰ ਰਹੀ ਹੈ, ਉਹ ਰਿਉੜੀਆਂ ਵੰਡਣ ਦੀ ਘੋਸ਼ਣਾ ਅਤੇ ਉਸਨੂੰ ਤੁਰੰਤ ਲਾਗੂ ਕਰਨਾ ਹੈ ਅਤੇ ਇਹ ਚੁਣੌਤੀ ਹਰ ਚੋਣ ਵੇਲੇ ਵਧਦੀ ਜਾ ਰਹੀ ਹੈ।

ਸੂਬਾ ਅਤੇ ਕੇਂਦਰ 'ਚ ਹਾਕਮ ਧਿਰਾਂ ਵਿਰੋਧੀ ਦਲਾਂ ਦੇ ਮੁਕਾਬਲੇ ਚੋਣਾਂ ਦੌਰਾਨ ਮੁਫ਼ਤ ਤੋਹਫੇ ਵੰਡਣ 'ਚ ਅੱਵਲ ਹਨ। ਹਾਕਮ ਧਿਰ ਸਰਵਜਨਕ ਧਨ ਅਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਲਿਆਣਕਾਰੀ ਪ੍ਰੋਗਰਾਮ ਸ਼ੁਰੂ ਕਰਨ ਦੇ ਮੌਜੂਦਾ ਪ੍ਰੋਗਰਾਮਾਂ ਦਾ ਫੈਲਾਅ ਕਰਨ ਲਈ ਕਰ ਸਕਦਾ ਹੈ ਅਤੇ ਤੁਰੰਤ ਲਾਗੂ ਵੀ ਕਰ ਸਕਦਾ ਹੈ। ਇਸ ਮਾਮਲੇ 'ਚ ਵਿਰੋਧੀ ਧਿਰਾਂ ਫਾਡੀ ਰਹਿੰਦੀਆਂ ਹਨ, ਕਿਉਂਕਿ ਉਨ੍ਹਾਂ ਕੋਲ ਸਾਧਨ ਸੀਮਤ ਹਨ ਅਤੇ ਦੇਸ਼ 'ਚ ਭਾਜਪਾ ਸਰਕਾਰ ਹੈ, ਜਿਹੜੀ ਹਰ ਚੋਣ ਵੇਲੇ ਵੱਡੀਆਂ ਸੌਗਾਤਾਂ ਐਲਾਨਦੀ ਹੈ। ਨਵੇਂ ਪ੍ਰਾਜੈਕਟਾਂ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਰਦੇ ਹਨ।

ਕਲਿਆਣਕਾਰੀ ਯੋਜਨਾਵਾਂ ਜਿਨ੍ਹਾਂ ਵਿਚ ਮੁਫ਼ਤ, ਨਕਦ ਰਾਸ਼ੀ ਵੰਡਣਾ, ਕਰਜ਼ਾ ਮੁਆਫ਼ੀ ਅਤੇ ਗੈਸ ਸਿਲੰਡਰ ਦੇਣਾ, ਲਾਡਲੀ ਬਹਿਨਾ ਯੋਜਨਾ ਦੀ ਮਦਦ ਨਾਲ ਹਾਕਮਾਂ ਨੇ 2023 'ਚ ਮੱਧ ਪ੍ਰਦੇਸ਼ ਜਿੱਤਿਆ। ਮਹਾਰਾਸ਼ਟਰ 'ਚ ਮੌਜੂਦਾ ਸਰਕਾਰ ਨੇ ਵਿਧਾਨ ਸਭਾ ਚੋਣਾਂ ਵੇਲੇ ਨਕਦ ਰਾਸ਼ੀ ਵੰਡ ਜ਼ਰੀਏ 18,225 ਕਰੋੜ ਰੁਪਏ ਲੋਕਾਂ ਨੂੰ ਵੰਡੇ।

ਹਰਿਆਣਾ 'ਚ 5000 ਕਰੋੜ, ਮਹਾਰਾਸ਼ਟਰਾ 'ਚ 36000 ਕਰੋੜ ਦੀਆਂ ਯੋਜਨਾਵਾਂ ਦੀ ਘੋਸ਼ਣਾ ਕੀਤੀ ਗਈ। ਕੁੱਲ ਮਿਲਾ ਕੇ 70,000 ਕਰੋੜ ਦੀਆਂ ਹਨ ਇਹ ਯੋਜਨਾਵਾਂ। ਇਹ ਯੋਜਨਾਵਾਂ ਰਾਜਗ (ਭਾਜਪਾ ਅਤੇ ਭਾਈਵਾਲਾਂ) ਵੱਲੋਂ ਦਿੱਤੀਆਂ ਗਈਆਂ ਜਦ ਕਿ ਵਿਰੋਧੀ ਦਲ ਆਮ ਆਦਮੀ ਪਾਰਟੀ ਅਤੇ ਕਾਂਗਰਸ ਵੀ ਪੰਜਾਬ, ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਤਿਲੰਗਾਨਾ ਆਦਿ ਵਿਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਚਲਾ ਰਹੇ ਹਨ। ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਗਾਨਾ ਵਿਚ



ਤਤਕਾਲੀ ਸੱਤਾਧਾਰੀਆਂ ਨੇ ਰਿਉੜੀਆਂ ਵੰਡੀਆਂ ਪਰ ਉਹ ਚੋਣਾਂ 'ਚ ਜਿੱਤ ਨਾ ਸਕੇ।

2010 ਸਾਲ ਰਿਉੜੀਆਂ ਵੰਡਣ ਲਈ ਮਹੱਤਵਪੂਰਨ ਗਿਣਿਆ ਜਾਂਦਾ ਹੈ, ਕਿਉਂਕਿ ਉਸ ਵੇਲੇ ਤੋਹਫ਼ੇ ਵੰਡਣਾ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ (ਦੱਖਣ ਵਿਚ) ਸ਼ੁਰੂ ਹੋਇਆ, ਜਿੱਥੇ ਮੁਫ਼ਤ ਲੈਪਟਾਪ ਜਾਂ ਸੋਨਾ ਵੰਡਣ ਦੀ ਪਰੰਪਰਾ ਸ਼ੁਰੂ ਹੋਈ।

ਮੁਫ਼ਤ ਰਿਉੜੀਆਂ ਅਰਥਾਤ ਚੋਣਾਂ ਦੇ ਉਪਹਾਰ ਨੂੰ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਇੱਕ ਪਾਸੇ ਅਰਥ-ਸ਼ਾਸਤਰੀ ਅਤੇ ਨੀਤੀਵੇਤਾ 'ਰਿਉੜੀ ਵੰਡ' ਦੀ ਸਖ਼ਤ ਆਲੋਚਨਾ ਕਰਦੇ ਹਨ, ਜਦ ਕਿ ਨੇਤਾ ਲੋਕ ਵੋਟਰਾਂ ਲਈ ਇਹੋ ਜਿਹੀਆਂ ਮੁਫ਼ਤ ਸੁਵਿਧਾਵਾਂ ਦੇਣ ਦੀ ਵਕਾਲਤ ਕਰਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦਾ ਵੋਟ ਬੈਂਕ ਵਧਦਾ ਹੈ।

ਸਿਆਸੀ ਧਿਰਾਂ ਵੱਲੋਂ ਆਰੰਭੀ ਮੁਫ਼ਤ ਉਪਹਾਰਾਂ ਦੀ ਭੇਡ-ਚਾਲ ਕਲਿਆਣਕਾਰੀ ਯੋਜਨਾਵਾਂ ਸਿਹਤ ਸੇਵਾ, ਸਿੱਖਿਆ, ਬੁਨਿਆਦੀ ਢਾਂਚੇ ਅਤੇ ਵਿਕਾਸ ਦੀਆਂ ਯੋਜਨਾਵਾਂ ਉੱਤੇ ਉਲਟ ਅਸਰ ਪਾਉਂਦੀਆਂ ਹਨ। ਇਹ ਯੋਜਨਾਵਾਂ ਜਿੱਥੇ ਬਜਟ 'ਤੇ ਸੰਕਟ ਪਾਉਂਦੀਆਂ ਹਨ, ਉੱਥੇ ਲੋੜੋਂ ਵੱਧ ਖਰਚੇ ਦਾ ਕਾਰਨ ਵੀ ਬਣਦੀਆਂ ਹਨ।

ਦਿੱਲੀ ਸਥਿਤ ਇੱਕ ਐਨ.ਜੀ.ਓ. (ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼) ਅਨੁਸਾਰ 42 ਫ਼ੀਸਦੀ ਤੋਂ ਜ਼ਿਆਦਾ ਵੋਟਰ ਕਿਸੇ ਵਿਸ਼ੇਸ਼ ਉਮੀਦਵਾਰ ਨੂੰ ਵੋਟ ਦੇਣ ਦੇ ਪਿੱਛੇ ਉਮੀਦਵਾਰ ਵੱਲੋਂ ਕਲਿਆਣਕਾਰੀ ਯੋਜਨਾਵਾਂ ਦਾ ਲਾਹਾ ਲੈਣ ਦੀ ਥਾਂ ਨਕਦੀ, ਸ਼ਰਾਬ ਅਤੇ ਮੁਫ਼ਤ ਤੋਹਫਿਆਂ ਨੂੰ ਤਰਜੀਹ ਦਿੰਦੇ ਹਨ।

ਰਾਜ ਦੇ ਧਨ ਦਾ ਵੱਡਾ ਹਿੱਸਾ ਚੁੱਕੇ ਹੋਏ ਕਰਜ਼ੇ ਦਾ ਭੁਗਤਾਨ ਕਰਨ, ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਸਬਸਿਡੀਆਂ, ਸਿਹਤ ਸਿੱਖਿਆ, ਸਮਾਜ ਸੁਰੱਖਿਆ ਜਿਹੀਆਂ ਯੋਜਨਾਵਾਂ 'ਤੇ ਖ਼ਰਚਿਆ ਜਾਂਦਾ ਹੈ। ਕਾਫ਼ੀ ਹਿੱਸਾ ਮੁਫ਼ਤ ਯੋਜਨਾਵਾਂ 'ਤੇ ਚਲਿਆ ਜਾਂਦਾ ਹੈ।

ਕਿਆਸ ਕਰੋ ਦਿੱਲੀ ਦੇ 47 ਲੱਖ ਉਪਭੋਗਤਾਵਾਂ ਨੂੰ ਬਿਜਲੀ ਸਬਸਿਡੀ ਮਿਲਦੀ ਸੀ, ਜਿਸ ਵਿਚੋਂ 30 ਲੱਖ ਲੋਕਾਂ ਨੂੰ ਪੂਰੀ ਤਰ੍ਹਾਂ ਮੁਫ਼ਤ ਬਿਜਲੀ ਦਿੱਤੀ ਜਾਂਦੀ ਸੀ ਅਤੇ 17 ਲੱਖ ਲੋਕ ਅੱਧਾ ਬਿੱਲ ਦਿੰਦੇ ਸਨ। ਜਿਸ ਦੀ ਵੱਧ ਤੋਂ ਵੱਧ ਰਾਸ਼ੀ 800 ਰੁਪਏ ਸੀ। ਪੰਜਾਬ ਵਿਚ ਵੀ ਬਿਜਲੀ ਸੁਵਿਧਾ ਤੇ ਔਰਤਾਂ ਲਈ ਸਰਕਾਰੀ ਬੱਸ ਸਫਰ ਮੁਫ਼ਤ ਹੈ। ਇਸ ਉੱਤੇ ਰਾਜ ਦੇ ਸਰਕਾਰੀ ਖਜ਼ਾਨੇ ਦਾ 16 ਫ਼ੀਸਦੀ ਤੋਂ ਜ਼ਿਆਦਾ ਖਰਚ ਹੁੰਦਾ ਹੈ।

ਚੋਣਾਂ ਵਿਚ ਮੁਫ਼ਤ ਰਿਉੜੀਆਂ ਵੰਡਣਾ ਲਗਾਤਾਰ ਵਧ ਰਿਹਾ ਹੈ। ਖ਼ਾਸ ਕਰਕੇ ਉਨ੍ਹਾਂ ਸੂਬਿਆਂ 'ਚ ਵੱਧ ਜਿੱਥੇ ਅਨਪੜ੍ਹ, ਗਰੀਬ, ਹੱਕਾਂ ਪ੍ਰਤੀ ਨਾ-ਜਾਗਰੂਕ ਲੋਕਾਂ ਦੀ ਗਿਣਤੀ ਵੱਧ ਹੈ। ਯਕੀਨ ਕਰਨਾ ਮੁਸ਼ਕਿਲ ਹੈ ਪਰ ਇਹ ਸੱਚ ਸੀ ਕਿ ਬਿਹਾਰ ਆਰਥਿਕ ਤੌਰ 'ਤੇ ਕਰਨਾਟਕ ਅਤੇ ਗੁਜਰਾਤ ਤੋਂ ਵੀ ਅੱਗੇ ਸੀ। ਇਹ ਗੱਲ 1960 ਦੇ ਦਹਾਕੇ ਦੀ ਹੈ। ਪਰ ਵੱਡਾ ਸੱਚ ਇਹ ਹੈ ਕਿ ਬਿਹਾਰ ਹੁਣ ਦੇਸ਼ ਦਾ ਸਭ ਤੋਂ ਗਰੀਬ ਸੂਬਾ ਹੈ। ਜਿੱਥੇ ਵੋਟਾਂ ਦੀ ਖ਼ਰੀਦੋ-ਫ਼ਰੋਖਤ, ਧੱਕੇ-ਧੌਂਸ ਨਾਲ ਵੋਟਾਂ ਤਾਂ ਲਈਆਂ ਹੀ ਜਾਂਦੀਆਂ ਹਨ, ਜਾਤ ਦੇ ਨਾਮ 'ਤੇ ਵੋਟਾਂ ਤਾਂ ਪੈਂਦੀਆਂ ਹੀ ਹਨ। ਉੱਥੇ ਲੋਕਾਂ ਨੂੰ ਭਰਮਾਉਣ ਲਈ ਰਿਉੜੀਆਂ ਵੰਡਣਾ ਅਤੇ ਪ੍ਰਾਪਤ ਕਰਨਾ ਆਮ ਗੱਲ ਹੈ।

ਮੁਫ਼ਤ ਤੋਹਫ਼ਿਆਂ ਦਾ ਅਸਰ ਚੋਣ ਨਤੀਜਿਆਂ 'ਤੇ ਪੈਣਾ ਸੁਭਾਵਿਕ ਹੈ। ਮਹਾਰਾਸ਼ਟਰ ਵਿਚ 'ਮਾਝੀ ਲੜਕੀ ਬਹਿਨ ਯੋਜਨਾ' ਹਾਕਮਾਂ ਲਈ ਫ਼ਇਦੇਮੰਦ ਸਾਬਤ ਹੋਈ। ਔਰਤਾਂ ਦੀਆਂ ਲੰਮੀਆਂ ਕਤਾਰਾਂ ਨੇ ਇਹ ਸਾਫ਼ ਕਰ ਦਿੱਤਾ ਕਿ ਪੇਂਡੂ ਖੇਤਰਾਂ ਵਿਚ ਭਾਰੀ ਗਿਣਤੀ ਔਰਤਾਂ ਵੋਟ ਬੂਥਾਂ 'ਚ ਵੋਟ ਦੇਣ ਪੁੱਜੀਆਂ। ਇਸ ਯੋਜਨਾ 'ਚ 2100 ਰੁਪਏ ਪ੍ਰਤੀ ਮਹੀਨਾ ਪ੍ਰਾਪਤ ਕਰਨ ਲਈ 2.47 ਕਰੋੜ ਔਰਤਾਂ ਲਾਭਪਾਤਰੀਆਂ ਸਨ।

ਸੁਪਰੀਮ ਕੋਰਟ ਨੇ ਚੋਣਾਂ ਤੋਂ ਪਹਿਲਾਂ ਸਿਆਸੀ ਦਲਾਂ ਵੱਲੋਂ ਮੁਫ਼ਤ ਤੋਹਫ਼ੇ ਦੇਣ ਦੇ ਵਾਇਦੇ ਉੱਤੇ ਕਿਹਾ ਕਿ ਅਸੀਂ ਕੁਝ ਲੋਕਾਂ ਨੂੰ ਪਰਜੀਵੀਆਂ (ਮੁਫ਼ਤ ਖੋਰਿਆਂ) ਦਾ ਵਰਗ ਬਣਾ ਰਹੇ ਹਾਂ। ਅਦਾਲਤ ਦੇ ਅਨੁਸਾਰ ਇਸ ਤਰ੍ਹਾਂ ਦੇ ਤੋਹਫੇ ਕੁਝ ਲੋਕਾਂ ਨੂੰ ਰੁਜ਼ਗਾਰ ਲੱਭਣ, ਮੁੱਖ ਧਾਰਾ ਵਿਚ ਸ਼ਾਮਿਲ ਹੋਣ ਅਤੇ ਰਾਸ਼ਟਰੀ ਵਿਕਾਸ ਵਿਚ ਯੋਗਦਾਨ ਦੇਣ ਦੇ ਮੌਕਿਆਂ ਤੋਂ ਵੰਚਿਤ ਕਰ ਦਿੰਦੇ ਹਨ।

ਅਸਲ 'ਚ ਮੁਫ਼ਤ ਉਪਹਾਰ ਰਿਜ਼ਰਵ ਬੈਂਕ ਆਫ਼ ਇੰਡੀਆ ਅਨੁਸਾਰ ਅਜਿਹੀ ਸਰਵਜਨਕ ਕਲਿਆਣਕਾਰੀ ਯੋਜਨਾ ਹੈ, ਜਿਸ ਦੇ ਤਹਿਤ ਮੁਫ਼ਤ ਵਿਚ ਚੀਜ਼ਾਂ ਜਾਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਹਾਲਾਂਕਿ ਚੋਣ ਆਯੋਗ ਨੇ ਇਸ ਨੂੰ ਪਰਿਭਾਸ਼ਿਤ ਨਹੀਂ ਕੀਤਾ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮੁਫ਼ਤ ਸੁਵਿਧਾਵਾਂ ਦੇਣ ਨਾਲ ਰਾਜ ਦੀ ਵਿੱਤੀ ਸਥਿਤੀ ਵਿਗੜਦੀ ਹੈ। ਜਿਵੇਂ ਕਿ ਪੰਜਾਬ 'ਚ ਹੋ ਰਿਹਾ ਹੈ। ਵਿਕਾਸ ਕਾਰਜ ਰੁਕ ਜਾਂਦੇ ਹਨ। ਨਾਗਰਿਕਾਂ ਨੂੰ ਦੇਣ ਯੋਗ ਜ਼ਰੂਰੀ ਸੇਵਾਵਾਂ 'ਚ ਵੱਡੀ ਰੁਕਾਵਟ ਪੈਂਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਇਸ ਮਾਮਲੇ 'ਚ ਲਗਭਗ ਚੁੱਪੀ ਕਿਉਂ ਵੱਟੀ ਹੋਈ ਹੈ? ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਆਪਣੇ ਚੋਣ ਮਨੋਰਥ ਪੱਤਰ ਵਿਚ ਇੱਕੋ ਸਵਾਲ ਉਠਾਇਆ ਕਿ ਉਹ ਇਨ੍ਹਾਂ ਐਲਾਨਾਂ ਨੂੰ ਪੂਰੇ ਕਰਨ ਲਈ ਜੁਗਾੜ ਕਿਵੇਂ ਕਰਨਗੇ? ਪਰ ਇਸਨੂੰ ਰੋਕਣ ਲਈ ਕੋਈ ਕਦਮ ਨਹੀਂ ਪੁੱਟੇ ਜਾ ਰਹੇ। ਹਾਲਾਂਕਿ ਰਿਜ਼ਰਵ ਬੈਂਕ ਆਫ਼ ਇੰਡੀਆ ਸਰਕਾਰ ਨੂੰ ਜਤਾ ਰਹੀ ਹੈ ਕਿ ਲੋੜੋਂ ਵੱਧ ਮੁਫ਼ਤ ਯੋਜਨਾਵਾਂ 'ਤੇ ਹੋਣ ਵਾਲੇ ਖ਼ਰਚੇ ਨਾਲ ਸਰਕਾਰੀ ਖਜ਼ਾਨੇ 'ਤੇ ਪੈਣ ਵਾਲਾ ਬੋਝ ਚੁੱਕਿਆ ਨਹੀਂ ਜਾਏਗਾ, ਜਿਸ ਨਾਲ ਖਜ਼ਾਨਾ ਘਟੇਗਾ ਅਤੇ ਕਰਜ਼ਾ ਹੋਰ ਵਧੇਗਾ। ਇਸ ਦੀ ਕੀਮਤ ਆਮਦਨ ਟੈਕਸ ਦੇਣ ਵਾਲੇ ਜਾਂ ਹੋਰ ਟੈਕਸ ਵਾਲਿਆਂ ਨੂੰ ਚੁਕਾਉਣੀ ਪਵੇਗੀ।

ਲੋੜ ਹੈ ਵੋਟਾਂ ਖ਼ਾਤਰ ਜਾਰੀ ਮੁਫ਼ਤ ਸੁਵਿਧਾਵਾਂ ਨੂੰ ਰੋਕਣ ਦੀ। ਚੋਣ ਮਨੋਰਥ ਪੱਤਰਾਂ ਪ੍ਰਤੀ ਸਿਆਸੀ ਪਾਰਟੀਆਂ ਦੀ ਜਵਾਬਦੇਹੀ ਵਧਾਈ ਜਾਵੇ। ਨਹੀਂ ਤਾਂ ਮੁਫ਼ਤ ਸੁਵਿਧਾਵਾਂ ਦੇਸ਼ ਦੇ ਅਰਥਚਾਰੇ ਨੂੰ ਤਬਾਹ ਕਰ ਦੇਣਗੀਆਂ ਅਤੇ ਇਸਦੀ ਸਿੱਧੀ ਜ਼ਿੰਮੇਵਾਰੀ ਸਿਆਸਤਦਾਨਾਂ ਅਤੇ ਹਾਕਮਾਂ ਦੀ ਹੋਵੇਗੀ।

ਚੋਣ ਮਨੋਰਥ ਪੱਤਰਾਂ ਸੰਬੰਧੀ ਮੁਫ਼ਤ ਸੁਵਿਧਾਵਾਂ ਨੂੰ ਮਦਰਾਸ ਹਾਈ ਕੋਰਟ ਵਿਚ ਪ੍ਰਸਿੱਧ ਵਕੀਲ ਸੁਬਰਾਮਨੀਅਮ ਬਾਲਾ ਜੀ ਨੇ ਚੋਣ ਅਪਰਾਧ ਕਿਹਾ ਅਤੇ ਨਾਲ ਹੀ ਕਿਹਾ ਕਿ ਇਹ ਸੰਵਿਧਾਨਕ ਪ੍ਰਾਵਧਾਨ ਦੇ ਵਿਰੁੱਧ ਹੈ ਅਤੇ ਇਹ ਵੀ ਕਿਹਾ ਕਿ ਜਨ ਪ੍ਰਤੀਨਿਧ ਐਕਟ ਦੀ ਧਾਰਾ 123 ਦੇ ਤਹਿਤ ਚੁਣਾਵੀ ਰਿਸ਼ਵਤ ਹੈ।

# ਇਜ਼ਰਾਈਲ-ਹਮਾਸ ਯੁੱਧਬੰਦੀ ਅਤੇ ਟਰੰਪ ਦੀ 'ਸ਼ਾਂਤੀ ਯੋਜਨਾ'

***ਗਾਜ਼ਾ ਵਿਚ ਲਗਾਤਾਰ ਭਿਆਨਕ ਤਬਾਹੀ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਬਾਅ ਹੇਠ ਇਜ਼ਰਾਈਲ-ਹਮਾਸ ਵਿਚਕਾਰ ਯੁੱਧਬੰਦੀ ਨੂੰ ਆਸ ਦੀ ਕਿਰਨ ਦੇ ਰੂਪ 'ਚ ਦੇਖਿਆ ਜਾਣਾ ਸੁਭਾਵਿਕ ਹੈ। ਕੀ ਟਰੰਪ ਦੀ 'ਗਾਜ਼ਾ ਸ਼ਾਂਤੀ ਯੋਜਨਾ' ਸਥਾਈ ਅਮਨ-ਚੈਨ ਦਾ ਸਾਧਨ ਬਣ ਸਕਦੀ ਹੈ ਜਾਂ ਇਸ ਪਿੱਛੇ ਕੋਈ ਹੋਰ ਸਾਮਰਾਜੀ ਗਿਣਤੀਆਂ-ਮਿਣਤੀਆਂ ਕੰਮ ਕਰਦੀਆਂ ਹਨ, ਇਨ੍ਹਾਂ ਸਵਾਲਾਂ ਦੀ ਚਰਚਾ ਇਤਿਹਾਸਕ ਹਵਾਲਿਆਂ ਨਾਲ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ॥***

ਆਖ਼ਿਰਕਾਰ ਗਾਜ਼ਾ ਪੱਟੀ ਵਿਚ ਦੋ ਸਾਲ ਲਗਾਤਾਰ ਭਿਆਨਕ ਤਬਾਹੀ ਮਚਾਉਣ ਤੋਂ ਬਾਅਦ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਹਮਾਸ ਨਾਲ ਯੁੱਧਬੰਦੀ ਕਰ ਲਈ ਹੈ। ਇਹ ਯੁੱਧਬੰਦੀ ਆਪੇ ਬਣੇ 'ਸ਼ਾਂਤੀ ਦੂਤ' ਡੋਨਲਡ ਟਰੰਪ ਦੀ 20 ਨੁਕਾਤੀ 'ਸ਼ਾਂਤੀ ਯੋਜਨਾ' ਦੀ ਉਪਜ ਹੈ ਅਤੇ ਯੁੱਧ ਲਈ ਬਜ਼ਿੱਦ ਨੇਤਨਯਾਹੂ ਨੂੰ ਟਰੰਪ ਦੀ 'ਅਮਰੀਕਾ ਫਸਟ' ਨੀਤੀ ਤਹਿਤ ਵਾਈਟ ਹਾਊਸ ਦੀ ਮੱਧ ਪੂਰਬ ਨੀਤੀ 'ਚ ਆਏ ਬਦਲਾਅ ਅਤੇ ਵਿਆਪਕ ਕੌਮਾਂਤਰੀ ਦਬਾਅ ਕਾਰਨ ਪਿੱਛੇ ਹਟਣਾ ਪਿਆ ਹੈ। 13 ਅਕਤੂਬਰ ਨੂੰ ਇਜ਼ਰਾਈਲੀ ਬੰਧਕਾਂ ਦੀ ਰਿਹਾਈ ਤੋਂ ਇਕਦਮ ਬਾਅਦ ਟਰੰਪ ਨੇ ਇਜ਼ਰਾਈਲ ਜਾ ਕੇ ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ 'ਨਵੇਂ ਮੱਧ ਪੂਰਬ ਵਿਚ ਇਤਿਹਾਸਕ ਪਹੁ-ਫੁਟਾਲੇ' ਦਾ ਐਲਾਨ ਕੀਤਾ ਅਤੇ ਫਿਰ ਆਪਣੀ 'ਗਾਜ਼ਾ ਸ਼ਾਂਤੀ ਯੋਜਨਾ' ਦੇ ਅਗਲੇ ਪੜਾਵਾਂ ਬਾਬਤ ਸਿਖ਼ਰ ਸੰਮੇਲਨ ਵਿਚ ਸ਼ਾਮਲ ਹੋਣ ਲਈ

**ਬੂਟਾ ਸਿੰਘ ਮਹਿਮੂਦਪੁਰ**

ਮਿਸਰ ਨੂੰ ਰਵਾਨਾ ਹੋ ਗਿਆ। ਟਰੰਪ ਦੇ ਸੰਬੋਧਨ ਦੌਰਾਨ ਇਕ ਵਿਰੋਧੀ-ਧਿਰ ਮੈਂਬਰ ਨੇ 'ਫ਼ਲਸਤੀਨ ਨੂੰ ਮਾਨਤਾ ਦਿਓ' ਦਾ ਪੇਪਰ ਲਹਿਰਾ ਕੇ ਸਭ ਤੋਂ ਮਹੱਤਵਪੂਰਨ ਮੁੱਦਾ ਚੁੱਕਿਆ। ਠੱਗੀ ਦੀ ਜੈ-ਜੈਕਾਰ ਦੇ ਸ਼ੋਰ ਦੌਰਾਨ ਕੋਈ ਤਾਂ ਜਾਗਦੀ ਜ਼ਮੀਰ ਸੀ ਜਿਸਨੇ ਅਸਲ ਮੁੱਦੇ ਵੱਲ ਧਿਆਨ ਖਿੱਚਿਆ। ਸੰਮੇਲਨ ਵਿਚ ਮਿਸਰ, ਕਤਰ, ਤੁਰਕੀ ਅਤੇ ਅਮਰੀਕਾ ਨੇ ਯੁੱਧਬੰਦੀ ਦੇ ਗਾਰੰਟੀ ਦਾਤਿਆਂ ਦੇ ਰੂਪ 'ਚ ਐਲਾਨਨਾਮੇ ਉੱਪਰ ਦਸਖ਼ਤ ਕੀਤੇ। ਟਰੁੱਥ ਸੋਸ਼ਲ ਉੱਪਰ ਟਰੰਪ ਨੇ ਇਸ ਨੂੰ 'ਮਜ਼ਬੂਤ, ਹੰਢਣਸਾਰ ਅਤੇ ਸਥਾਈ ਸ਼ਾਂਤੀ ਵੱਲ ਪਹਿਲੇ ਕਦਮ' ਕਿਹਾ ਅਤੇ ਇਸਦਾ ਸਿਹਰਾ ਆਪਣੇ 'ਵੱਧ ਤੋਂ ਵੱਧ ਦਬਾਅ' ਦੇ ਦਾਅਪੇਚਾਂ ਸਿਰ ਬੰਨ੍ਹਿਆ।

ਇਜ਼ਰਾਈਲੀ ਫ਼ੌਜ ਦਾ ਕਹਿਣਾ ਹੈ ਕਿ ਉਹ ਸਮਝੌਤੇ ਵਿਚ ਦਰਜ 'ਯੈਲੋ ਲਾਈਨ' ਤੱਕ ਪਿੱਛੇ ਹਟ ਗਏ ਹਨ ਜੋ ਇਜ਼ਰਾਈਲੀ ਫ਼ੌਜ ਦੇ ਕੰਟਰੋਲ ਨੂੰ ਗਾਜ਼ਾ ਦੇ 53% ਹਿੱਸੇ ਤੱਕ ਸੀਮਤ ਕਰਦੀ ਹੈ। ਇਜ਼ਰਾਈਲੀ ਫ਼ੌਜ ਨੂੰ ਤਿੰਨ ਪੜਾਵਾਂ 'ਚ ਵਾਪਸ ਬੁਲਾਏ ਜਾਣ ਦਾ ਇਹ ਪਹਿਲਾ ਪੜਾਅ ਹੈ ਅਤੇ ਅਗਲੇ ਦੋ ਪੜਾਅ ਟਰੰਪ ਦੀ 'ਸ਼ਾਂਤੀ ਯੋਜਨਾ' ਦੇ ਅੱਗੇ ਤੁਰਨ ਨਾਲ ਹੀ ਅਮਲ 'ਚ ਆਉਣਗੇ। ਜਿੱਥੋਂ ਤੱਕ ਬਾਹਰਲੀ ਸਹਾਇਤਾ ਦਾ ਸਵਾਲ ਹੈ, ਇਜ਼ਰਾਈਲੀ ਫ਼ੌਜ ਅਨੁਸਾਰ ਇਸਦੀ ਵਧੇਰੇ ਮਾਤਰਾ ਖੇਤਰ ਵਿਚ ਪਹੁੰਚਣੀ ਸ਼ੁਰੂ ਹੋ ਗਈ ਹੈ। ਰਿਪੋਰਟਾਂ ਅਨੁਸਾਰ ਫ਼ਲਸਤੀਨੀਆਂ ਨੇ ਅਮਨ-ਚੈਨ ਦੀ ਆਸ ਨਾਲ ਮੁੜ ਗਾਜ਼ਾ ਨੂੰ ਪਰਤਣਾ ਸ਼ੁਰੂ ਕਰ ਦਿੱਤਾ ਹੈ। ਸਮਝੌਤੇ ਅਨੁਸਾਰ ਪਹਿਲੇ ਪੜਾਅ ਵਜੋਂ ਹਮਾਸ ਨੇ 20 ਜਿਉਂਦੇ ਬੰਧਕ ਅਤੇ ਇਜ਼ਰਾਈਲ ਨੇ ਇਸ ਬਦਲੇ 250 ਫ਼ਲਸਤੀਨੀ ਕੈਦੀ ਤੇ 1700 ਦੇ ਕਰੀਬ ਨਜ਼ਰਬੰਦ ਰਿਹਾਅ ਕਰ ਦਿੱਤੇ ਹਨ। ਹੁਣ ਦੇਖਣਾ ਇਹ ਹੈ ਕਿ ਬੰਧਕਾਂ ਅਤੇ ਕੈਦੀਆਂ ਦੇ ਵਟਾਂਦਰੇ ਨਾਲ ਟਰੰਪ ਦੀ ਯੋਜਨਾ ਦਾ ਪਹਿਲਾ ਪੜਾਅ ਪੂਰਾ ਹੋਣ ਤੋਂ ਬਾਅਦ ਅਗਲੇ ਦੋ ਪੜਾਅ ਫ਼ਲਸਤੀਨ ਦਾ ਕਿਹੋ ਜਿਹਾ ਭਵਿੱਖ ਤੈਅ ਕਰਦੇ ਹਨ।

ਟਰੰਪ ਦੀ 'ਸ਼ਾਂਤੀ ਯੋਜਨਾ' ਕੀ ਹੈ? ਯੋਜਨਾ ਦੇ ਪਹਿਲੇ ਪੜਾਅ 'ਚ ਹਮਾਸ ਅਤੇ ਇਜ਼ਰਾਈਲ ਦਰਮਿਆਨ ਜਿਉਂਦੇ ਬੰਧਕਾਂ ਅਤੇ ਫ਼ਲਸਤੀਨੀ ਕੈਦੀਆਂ ਦੇ ਅਦਾਨ-ਪ੍ਰਦਾਨ ਦੇ ਨਾਲ ਬਾਕੀ ਇਜ਼ਰਾਈਲੀ ਬੰਧਕਾਂ ਦੀਆਂ ਅਸਥੀਆਂ ਇੰਟਰਨੈਸ਼ਨਲ ਰੈੱਡ ਕਰਾਡ ਕਮੇਟੀ ਰਾਹੀਂ ਇਜ਼ਰਾਈਲੀ ਫ਼ੌਜ ਦੇ ਸਪੁਰਦ ਕਰਨ ਦਾ ਸਵਾਲ ਵੀ ਹੈ। ਯੋਜਨਾ ਅਨੁਸਾਰ ਅਮਰੀਕੀ ਫ਼ੌਜ ਦੀ ਨਿਗਰਾਨੀ ਹੇਠ ਕੌਮਾਂਤਰੀ ਫੋਰਸ ਦੇ ਦੋ ਸੌ ਦੇ ਕਰੀਬ ਫ਼ੌਜੀ ਦਸਤੇ ਯੁੱਧਬੰਦੀ ਉੱਪਰ ਨਜ਼ਰ ਰੱਖਣਗੇ। ਯੋਜਨਾ ਦਾ ਕਹਿਣਾ ਹੈ ਕਿ ਜੇਕਰ ਦੋਵੇਂ ਧਿਰਾਂ ਸਹਿਮਤ ਹੋ ਜਾਣ ਤਾਂ ਯੁੱਧ 'ਤੁਰੰਤ ਖ਼ਤਮ ਹੋ ਜਾਵੇਗਾ'; ਗਾਜ਼ਾ ਨੂੰ ਫ਼ੌਜ-ਮੁਕਤ ਕੀਤਾ ਜਾਵੇਗਾ ਅਤੇ ਕੁਲ 'ਫ਼ੌਜੀ, ਦਹਿਸ਼ਤੀ ਅਤੇ ਹਮਲਾਵਰ ਢਾਂਚਾ' ਨਸ਼ਟ ਕਰ ਦਿੱਤਾ ਜਾਵੇਗਾ। ਇਜ਼ਰਾਈਲੀ ਨਜਾਇਜ਼ ਅਬਾਦਕਾਰਾਂ ਦੇ ਕਬਜ਼ਿਆਂ, ਨਾਕਾਬੰਦੀ ਅਤੇ ਝਗੜੇ ਦੇ ਬੁਨਿਆਦੀ ਕਾਰਨ ਬਾਰੇ ਯੋਜਨਾ ਖ਼ਾਮੋਸ਼ ਹੈ।

ਗਾਜ਼ਾ ਦੇ ਪ੍ਰਸ਼ਾਸਨਿਕ ਪ੍ਰਬੰਧ ਬਾਰੇ ਯੋਜਨਾ ਕਹਿੰਦੀ ਹੈ ਕਿ ਸ਼ੁਰੂ 'ਚ ਗਾਜ਼ਾ ਦਾ ਪ੍ਰਸ਼ਾਸਨ ਫ਼ਲਸਤੀਨੀ ਤਕਨੀਕੀ ਵਿਸ਼ੇਸ਼ਗਾਂ ਦੀ ਆਰਜ਼ੀ ਅੰਤਰਕਾਲੀ ਕਮੇਟੀ ਚਲਾਏਗੀ। ਇਸਦੀ ਨਿਗਰਾਨੀ 'ਸ਼ਾਂਤੀ ਬੋਰਡ' ਕਰੇਗਾ, ਜਿਸਦੀ ਅਗਵਾਈ ਟਰੰਪ ਕੋਲ ਹੋਵੇਗੀ ਅਤੇ ਜਿਸ ਵਿਚ ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਸ਼ਾਮਲ ਹੋਵੇਗਾ। 'ਗਾਜ਼ਾ ਦੀ ਮੁੜ-ਉਸਾਰੀ ਕਰਨ ਅਤੇ ਇਸ ਵਿਚ ਊਰਜਾ ਭਰਨ ਦੀ ਟਰੰਪ ਦੀ ਆਰਥਕ ਵਿਕਾਸ ਦੀ ਯੋਜਨਾ' ਮਾਹਰਾਂ ਦੀ ਕਮੇਟੀ ਵੱਲੋਂ ਬਣਾਈ ਜਾਵੇਗੀ। ਆਖ਼ਿਰਕਾਰ ਗਾਜ਼ਾ ਪੱਟੀ ਦਾ ਸ਼ਾਸਨ ਫ਼ਲਸਤੀਨੀ ਅਥਾਰਟੀ ਨੂੰ ਸੌਂਪ ਦਿੱਤਾ ਜਾਵੇਗਾ ਜੋ ਇਸ ਸਮੇਂ ਪੱਛਮੀ ਕੰਢੇ ਦਾ ਪ੍ਰਸ਼ਾਸਨ ਚਲਾ ਰਹੀ ਹੈ। ਇਹ ਤਾਂ ਹੀ ਹੋ ਸਕੇਗਾ ਜੇਕਰ ਟਰੰਪ ਦੀ ਯੋਜਨਾ ਦੇ ਸੁਧਾਰ ਮੁਕੰਮਲ ਹੋ ਜਾਂਦੇ ਹਨ! ਇਸਦਾ ਮਤਲਬ ਹੈ ਸੁਧਾਰਾਂ ਦਾ ਕੰਮ ਨੇਪਰੇ ਚੜ੍ਹ ਗਿਆ ਹੈ ਜਾਂ ਨਹੀਂ; ਭਾਵ ਪ੍ਰਸ਼ਾਸਨ ਫ਼ਲਸਤੀਨੀ ਅਥਾਰਟੀ ਨੂੰ ਸੌਂਪਣਾ ਹੈ ਜਾਂ ਨਹੀਂ, ਇਹ ਟਰੰਪ ਅਤੇ ਅਮਰੀਕੀ ਸਰਕਾਰ ਹੀ ਤੈਅ ਕਰੇਗੀ। ਫ਼ਲਸਤੀਨੀ ਲੋਕਾਂ ਨੂੰ ਇਸ ਵਿਚੋਂ ਬਿਲਕੁਲ ਬਾਹਰ ਰੱਖਿਆ ਗਿਆ ਹੈ ਕਿਉਂਕਿ ਯੋਜਨਾ 'ਚ ਇਹ ਤੈਅ ਹੈ ਕਿ ਭਵਿੱਖ 'ਚ ਹਮਾਸ ਦੀ ਇਸ ਖੇਤਰ ਦੇ ਰਾਜ-ਪ੍ਰਸ਼ਾਸਨ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੋਈ ਭੂਮਿਕਾ ਨਹੀਂ ਹੋਵੇਗੀ। ਜਦਕਿ ਹਮਾਸ 2007 ਤੋਂ ਲੈ ਕੇ ਇਸ ਖੇਤਰ ਦੀ ਚੁਣੀ ਹੋਈ ਸਰਕਾਰ ਹੈ ਅਤੇ ਉਹ 'ਸੰਯੁਕਤ ਫ਼ਲਸਤੀਨੀ ਅੰਦੋਲਨ' ਦੇ ਹਿੱਸੇ ਵਜੋਂ ਭਵਿੱਖ 'ਚ ਗਾਜ਼ਾ ਵਿਚ ਕੁਝ ਭੂਮਿਕਾ ਦੀ ਉਮੀਦ ਰੱਖਦੇ ਹਨ।

ਪਹਿਲੀ ਨਜ਼ਰੇ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਯੋਜਨਾ ਦਾ ਕੇਂਦਰੀ ਨੁਕਤਾ ਫ਼ਲਸਤੀਨੀ ਲੋਕਾਂ ਦੀ ਪ੍ਰਭੂਸੱਤਾ ਅਤੇ ਇਜ਼ਰਾਈਲੀ ਕਬਜ਼ੇ ਵਿਰੁੱਧ ਉਨ੍ਹਾਂ ਦੇ ਹਥਿਆਰਬੰਦ ਟਾਕਰੇ ਨੂੰ ਖ਼ਤਮ ਕਰਨਾ ਅਤੇ ਅਮਰੀਕੀ ਦਖ਼ਲਅੰਦਾਜ਼ੀ ਵਧਾਉਣਾ ਹੈ। ਟਰੰਪ ਅਤੇ ਨੇਤਨਯਾਹੂ ਹਮਾਸ ਨੂੰ ਸੱਤਾ ਤੋਂ ਹਟਾਉਣਾ ਅਤੇ ਹਥਿਆਰਬੰਦ ਤਾਕਤ ਨੂੰ ਮਿਟਾਉਣਾ ਚਾਹੁੰਦੇ ਹਨ। ਹਮਾਸ ਦੀ ਲੀਡਰਸ਼ਿਪ ਦ੍ਰਿੜਤਾ ਨਾਲ ਕਹਿੰਦੀ ਰਹੀ ਹੈ ਕਿ ਉਹ ਫ਼ਲਸਤੀਨੀ ਰਾਜ ਸਥਾਪਤ ਹੋਣ ਤੋਂ ਬਾਅਦ ਹੀ ਹਥਿਆਰ ਸੁੱਟਣਗੇ। ਹਾਲ ਹੀ ਵਿਚ ਇਕ ਹਮਾਸ ਅਧਿਕਾਰੀ ਨੇ ਕਿਹਾ ਹੈ ਕਿ ਹਮਾਸ ਵੱਲੋਂ ਹਥਿਆਰ ਛੱਡਣ ਦਾ 'ਸਵਾਲ ਹੀ ਪੈਦਾ ਨਹੀਂ ਹੁੰਦਾ।' ਹੁਣ ਦੇਖਣਾ ਇਹ ਹੈ ਕਿ ਹਮਾਸ ਦੀ ਲੀਡਰਸ਼ਿਪ ਟਰੰਪ ਅਤੇ ਇਜ਼ਰਾਈਲ ਵੱਲੋਂ ਵਿਛਾਏ ਇਸ ਘਾਤਕ ਜਾਲ ਨਾਲ ਕਿਵੇਂ ਨਜਿੱਠਦੀ ਹੈ।

ਇਜ਼ਰਾਈਲੀ ਫ਼ੌਜ ਨੂੰ ਗਾਜ਼ਾ ਵਿਚੋਂ ਪੂਰੀ ਤਰ੍ਹਾਂ ਬਾਹਰ ਕੱਢਣ ਦਾ ਕੋਈ ਸਪਸ਼ਟ ਖ਼ਾਕਾ ਅਤੇ ਸਮਾਂ-ਸੂਚੀ ਨਹੀਂ ਹੈ। ਟਰੰਪ ਦੀ ਯੋਜਨਾ ਵਿਚ ਸਿਰਫ਼ ਪਹਿਲੇ ਪੜਾਅ ਦੇ 53% ਕੰਟਰੋਲ ਨੂੰ ਅੱਗੇ 40% ਅਤੇ ਫਿਰ 15% ਤੱਕ ਕਰਨ ਦਾ ਸੰਕੇਤ ਹੈ। ਆਖ਼ਰੀ ਪੜਾਅ 'ਸੁਰੱਖਿਆ ਪੈਮਾਨੇ' ਦਾ ਹੋਵੇਗਾ ਜੋ ਓਦੋਂ ਤੱਕ ਰਹੇਗਾ 'ਜਦੋਂ ਤੱਕ ਗਾਜ਼ਾ ਕਿਸੇ ਦਹਿਸ਼ਤੀ ਖ਼ਤਰੇ ਦੇ ਮੁੜ ਉਭਰਨ ਤੋਂ ਉਚਿਤ ਰੂਪ 'ਚ ਮਹਿਫ਼ੂਜ਼ ਨਹੀਂ ਹੋ ਜਾਂਦਾ।' ਸਪਸ਼ਟ ਹੈ ਕਿ ਗਾਜ਼ਾ ਨੂੰ ਫ਼ੌਜ ਮੁਕਤ ਕਰਨ ਲਈ ਹਾਲਾਤ ਦਾ ਨਿਰਣਾ ਅਤੇ ਫ਼ਲਸਤੀਨ ਦਾ ਪ੍ਰਸ਼ਾਸਨ ਕਿਸ ਨੂੰ ਸੌਂਪਿਆ ਜਾਵੇਗਾ, ਇਹ ਅਮਰੀਕੀ ਸਾਮਰਾਜੀ ਹਾਕਮਾਂ ਦੇ ਹੱਥ 'ਚ ਹੈ।

ਦੁਨੀਆ ਭਰ ਵਿਚ ਸਾਮਰਾਜੀ ਪ੍ਰਚਾਰਤੰਤਰ ਅਤੇ 'ਮੁੱਖਧਾਰਾ' ਮੀਡੀਆ ਵੱਲੋਂ ਇਹ ਬਿਰਤਾਂਤ ਧੂੰਆਂਧਾਰ ਪ੍ਰਚਾਰਿਆ ਜਾਂਦਾ ਹੈ ਕਿ ਹਥਿਆਰਬੰਦ ਸੰਘਰਸ਼ਾਂ/ਬਗ਼ਾਵਤਾਂ ਦੀ ਕੋਈ ਤੁਕ ਨਹੀਂ ਹੈ ਕਿਉਂਕਿ ਮਸਲੇ ਪੁਰਅਮਨ ਗੱਲਬਾਤ ਦੀ ਮੇਜ਼ ਉੱਪਰ ਬੈਠ ਕੇ ਹੱਲ ਕੀਤੇ ਜਾ ਸਕਦੇ ਹਨ। ਓਸਲੋ ਸਮਝੌਤਿਆਂ ਦੇ ਨਖਿੱਧ ਤਜਰਬੇ ਅਤੇ ਹਮਾਸ ਦੀ ਅਗਵਾਈ ਹੇਠ ਫ਼ਲਸਤੀਨੀ ਟਾਕਰੇ ਦੇ ਮੁੜ-ਸੁਰਜੀਤ ਹੋਣ ਨੇ ਸਾਬਤ ਕਰ ਦਿੱਤਾ ਹੈ ਕਿ ਮਜ਼ਲੂਮ ਧਿਰ ਸਿਰਫ਼ ਆਪਣੀ ਹਥਿਆਰਬੰਦ ਤਾਕਤ ਉਸਾਰ ਕੇ ਹੀ ਕੁਝ ਹਾਸਲ ਕਰ ਸਕਦੀ ਹੈ। ਕਥਿਤ ਜਮਹੂਰੀ ਹੱਲ ਹਾਕਮ ਜਮਾਤਾਂ ਦੀ ਚਲਾਕੀ ਭਰੀ ਜੁਗਤ ਹੈ ਜਿਸ ਨਾਲ ਮਾਨਵਤਾ ਵਿਰੋਧੀ ਜਾਬਰ-ਲੋਟੂ ਹਥਿਆਰਬੰਦ ਤਾਕਤ ਨੂੰ ਮਜ਼ਬੂਤ ਕੀਤਾ ਜਾਂਦਾ ਹੈ ਅਤੇ ਦੱਬੇ-ਕੁਚਲੇ ਲੋਕਾਂ/ਕੌਮਾਂ ਵੱਲੋਂ ਆਪਣੀ ਰਾਖੀ ਲਈ ਉਸਾਰੀ ਹਥਿਆਰਬੰਦ ਤਾਕਤ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਸੰਘਰਸ਼ ਨੂੰ ਨਿਹੱਥਾ ਅਤੇ ਨਿਤਾਣਾ ਬਣਾਇਆ ਜਾਂਦਾ ਹੈ। ਇਸ ਜੁਗਤ ਨਾਲ ਜੁਝਾਰੂ ਲੀਡਰਸ਼ਿਪ ਨੂੰ ਗ਼ੈਰ-ਪ੍ਰਸੰਗਿਕ ਬਣਾ ਕੇ ਕਾਬਜ਼ ਧਿਰ ਦੀ ਇੱਛਾ ਅਨੁਸਾਰ ਕੰਮ ਕਰਨ ਵਾਲਿਆਂ ਨੂੰ 'ਜਮਹੂਰੀ ਬਦਲ' ਵਜੋਂ ਸ਼ਿੰਗਾਰ ਕੇ ਸੱਤਾ 'ਚ ਲਿਆਂਦਾ ਜਾਂਦਾ ਹੈ। ਇਸ ਤਰ੍ਹਾਂ ਸ਼ਾਨਾਮੱਤੇ ਸੰਘਰਸ਼ਾਂ ਨੂੰ ਜ਼ਲਾਲਤ ਭਰੇ ਸਮਝੌਤਿਆਂ ਰਾਹੀਂ ਤਬਾਹ ਕਰਨ ਦੀਆਂ ਬੇਸ਼ੁਮਾਰ ਮਿਸਾਲਾਂ ਹਨ। ਅਮਰੀਕੀ-ਪੱਛਮੀ ਸਾਮਰਾਜੀਆਂ ਦਾ ਇੱਕੋ-ਇਕ ਨਿਸ਼ਾਨਾ ਹਮੇਸ਼ਾ ਸ਼ਾਂਤੀ ਗੱਲਬਾਤ ਦੇ ਜਾਲ 'ਚ ਫਸਾ ਕੇ ਫ਼ਲਸਤੀਨੀ ਮੁਕਤੀ ਸੰਘਰਸ਼ ਨੂੰ ਤਬਾਹ ਕਰਨਾ ਅਤੇ ਫ਼ਲਸਤੀਨੀ ਖੇਤਰ ਉੱਪਰ ਇਜ਼ਰਾਈਲ ਦੇ ਧਾੜਵੀ ਕਬਜ਼ੇ ਦਾ ਵਧਾਰਾ-ਪਸਾਰਾ ਕਰਨਾ ਰਿਹਾ ਹੈ। ਇਤਿਹਾਸਕ ਤਜਰਬੇ ਦੀ ਰੋਸ਼ਨੀ 'ਚ ਦੇਖਿਆਂ ਟਰੰਪ ਦੀ ਅਜੋਕੀ 'ਸ਼ਾਂਤੀ ਯੋਜਨਾ' ਵੀ ਸਾਮਰਾਜੀ ਠੱਗੀ ਤੋਂ ਸਿਵਾਏ ਕੁਝ ਨਹੀਂ ਹੈ।

ਯਾਸਰ ਅਰਾਫ਼ਾਤ ਦੀ ਅਗਵਾਈ ਵਾਲੀ




ਪੀ.ਐਲ.ਓ. (ਫ਼ਲਸਤੀਨ ਮੁਕਤੀ ਜਥੇਬੰਦੀ) ਅਤੇ ਇਜ਼ਰਾਈਲੀ ਸਰਕਾਰ ਦਰਮਿਆਨ 1993 ਦੇ 'ਓਸਲੋ ਸਮਝੌਤੇ' ਫ਼ਲਸਤੀਨੀ ਲੀਡਰਸ਼ਿਪ ਵੱਲੋਂ ਆਗਿਆਕਾਰੀ ਬਣ ਕੇ ਸੀਮਤ ਦਾਇਰੇ ਦੇ ਅੰਦਰ ਹੀ ਗੱਲਬਾਤ ਕਰਨ ਅਤੇ ਕੰਮ ਕਰਨ ਦੀਆਂ ਇਜ਼ਰਾਈਲ ਅਤੇ ਅਮਰੀਕਾ ਦੀਆਂ ਸ਼ਰਤਾਂ ਨੂੰ ਮੰਨ ਕੇ ਹੀ ਸੰਭਵ ਹੋਏ ਸਨ। ਗੱਲਬਾਤ ਫੇਰ ਹੀ ਕੀਤੀ ਗਈ ਜਦੋਂ ਤਤਕਾਲੀ ਫ਼ਲਸਤੀਨੀ ਲੀਡਰਸ਼ਿਪ 'ਦਹਿਸ਼ਤਗਰਦੀ' ਯਾਨੀ ਹਥਿਆਰਬੰਦ ਟਾਕਰਾ ਛੱਡਣ, ਹਥਿਆਰ ਸੁੱਟਣ, ਯਹੂਦੀ ਸਟੇਟ ਦੇ ਰੂਪ 'ਚ ਇਜ਼ਰਾਈਲ ਦੀ ਹੋਂਦ ਦੇ ਕਥਿਤ ਅਧਿਕਾਰ ਨੂੰ ਮਾਨਤਾ ਦੇਣ ਅਤੇ ਇਜ਼ਰਾਈਲ ਤੇ ਅਮਰੀਕਾ ਵੱਲੋਂ ਤੈਅ ਕੀਤੀ ਭਾਸ਼ਾ ਦੀ ਪਾਲਣਾ ਕਰਨਾ ਮੰਨ ਗਈ। ਅਮਰੀਕਾ ਨੇ ਯਾਸਿਰ ਅਰਾਫ਼ਾਤ ਨਾਲ 'ਗੱਲਬਾਤ' ਓਦੋਂ ਹੀ ਸ਼ੁਰੂ ਕੀਤੀ ਜਦੋਂ ਉਸਨੇ ਅਧਿਕਾਰਕ ਤੌਰ 'ਤੇ 'ਦਹਿਸ਼ਤਵਾਦ' ਤੋਂ ਤੌਬਾ ਕਰ ਲਈ ਅਤੇ ਫ਼ਲਸਤੀਨ ਸੰਬੰਧੀ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਸੀਮਿਤ ਵਿਆਖਿਆ ਸਵੀਕਾਰ ਕਰ ਲਈ। ਇਜ਼ਰਾਈਲ ਨੇ ਗੱਲਬਾਤ ਲਈ ਸਖ਼ਤ ਸ਼ਰਤਾਂ ਰੱਖੀਆਂ ਅਤੇ ਅਰਾਫ਼ਾਤ ਨੂੰ ਆਪਣੇ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਇਕਤਰਫ਼ਾ ਛੋਟਾਂ ਦੇਣੀਆਂ ਪਈਆਂ।

ਓਸਲੋ ਸਮਝੌਤਿਆਂ ਨੂੰ ਫ਼ਲਸਤੀਨ ਦੇ ਪੱਕੇ ਹੱਲ ਦੇ ਤੌਰ 'ਤੇ ਪੇਸ਼ ਕੀਤਾ ਗਿਆ, ਪਰ ਹਕੀਕਤ 'ਚ ਕੀ ਵਾਪਰਿਆ? ਇਸਨੇ ਫ਼ਲਸਤੀਨੀ ਸੰਘਰਸ਼ ਨੂੰ ਢਾਹ ਲਾਈ। ਇਨ੍ਹਾਂ ਸਮਝੌਤਿਆਂ 'ਚੋਂ ਫ਼ਲਸਤੀਨ ਦੇ ਪੱਲੇ ਪੀ.ਏ. ('ਫ਼ਲਸਤੀਨੀ ਅਥਾਰਟੀ') ਬਣਾਏ ਜਾਣ ਤੋਂ ਸਿਵਾਏ ਕੁਝ ਨਹੀਂ ਪਿਆ, ਜੋ ਸਮੇਂ ਨਾਲ ਭ੍ਰਿਸ਼ਟਾਚਾਰ ਦਾ ਕੇਂਦਰ ਅਤੇ ਆਖ਼ਿਰਕਾਰ ਇਜ਼ਰਾਈਲੀ ਕਬਜ਼ੇ ਦਾ ਹਿੱਸਾ ਬਣ ਗਈ। ਇਸ ਦੌਰਾਨ ਇਜ਼ਰਾਈਲ ਬੇਰੋਕ-ਟੋਕ ਹਮਲੇ ਤੇ ਕਤਲੇਆਮ ਕਰਦਾ ਰਿਹਾ। ਔਰਤਾਂ ਤੇ ਬੱਚਿਆਂ ਸਮੇਤ ਹਜ਼ਾਰਾਂ ਫ਼ਲਸਤੀਨੀ ਲੋਕਾਂ ਨੂੰ ਜੇਲ੍ਹਾਂ ਵਿਚ ਡੱਕਦਾ ਰਿਹਾ। 'ਗੱਲਬਾਤ' ਅਤੇ 'ਸ਼ਾਂਤੀ ਪ੍ਰਕਿਰਿਆ' ਦੇ ਨਾਂ 'ਤੇ ਇਜ਼ਰਾਈਲ ਨੇ 1967 ਤੋਂ ਬਾਅਦ ਫ਼ਲਸਤੀਨੀ ਜ਼ਮੀਨ ਉੱਪਰ ਸਭ ਤੋਂ ਵੱਡੇ ਕਬਜ਼ੇ ਨੂੰ ਅੰਜਾਮ ਦਿੱਤਾ। ਇਸਨੇ ਪੂਰਬੀ ਯੇਰੂਸ਼ਲਮ, ਪੱਛਮੀ ਕੰਢੇ ਅਤੇ ਗਾਜ਼ਾ ਦੀ ਜ਼ਮੀਨ 'ਤੇ ਕਬਜ਼ਾ ਪੱਕਾ ਕੀਤਾ। ਇਜ਼ਰਾਈਲ ਅਤੇ ਪੀ.ਏ. ਨੇ ਮਿਲ ਕੇ ਪੱਛਮੀ ਕੰਢੇ ਦੇ ਸ਼ਹਿਰਾਂ (ਜੇਨਿਨ, ਤੁਲਕਾਰਮ, ਨੇਬਲਸ) ਵਿਚ ਫ਼ਲਸਤੀਨੀ ਟਾਕਰੇ ਨੂੰ ਤਾਂ ਕੁਚਲ ਦਿੱਤਾ, ਪਰ ਹਥਿਆਰਬੰਦ ਟਾਕਰੇ ਦੀ ਮਜ਼ਬੂਤ ਪਰੰਪਰਾ ਵਾਲੇ ਗਾਜ਼ਾ ਨੂੰ ਉਹ ਕੁਚਲ ਨਹੀਂ ਸਕੇ।

2006 'ਚ ਜਦੋਂ ਹਮਾਸ ਨੇ ਚੋਣਾਂ 'ਚ ਬਹੁਮਤ ਹਾਸਲ ਕਰਕੇ ਅਤੇ ਹਥਿਆਰਬੰਦ ਤਾਕਤ ਨਾਲ ਸੱਤਾਧਾਰੀ 'ਫ਼ਤਾਹ' ਪਾਰਟੀ ਨੂੰ ਖਦੇੜ ਕੇ ਗਾਜ਼ਾ ਦਾ ਕੰਟਰੋਲ ਆਪਣੇ ਹੱਥ 'ਚ ਲੈ ਲਿਆ ਤਾਂ ਇਜ਼ਰਾਈਲ ਤੇ ਫ਼ਲਸਤੀਨੀ ਅਥਾਰਟੀ ਨੇ ਮਿਲ ਕੇ ਉਸ ਵਿਰੁੱਧ ਪੂਰੀ ਤਾਕਤ ਝੋਕ ਦਿੱਤੀ। ਗਾਜ਼ਾ ਨੂੰ 2008 ਤੋਂ ਲੈ ਕੇ ਲਗਾਤਾਰ ਇਜ਼ਰਾਈਲੀ ਯੁੱਧਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੌਰਾਨ ਦਹਿ-ਹਜ਼ਾਰ ਲੋਕ ਮਾਰੇ ਗਏ ਜਾਂ ਜ਼ਖ਼ਮੀ ਹੋਏ, ਪਰ ਗਾਜ਼ਾ ਨੇ ਵੱਡੇ ਸੰਕਟ ਦੇ ਬਾਵਜੂਦ ਗੋਡੇ ਨਹੀਂ ਟੇਕੇ ਅਤੇ ਉਹ ਫ਼ਲਸਤੀਨੀ ਸਿਰੜ ਦੀ ਮਿਸਾਲ ਬਣ ਗਿਆ। 7 ਅਕਤੂਬਰ 2023 ਦੇ ਹਮਲੇ ਨੇ ਨੇਤਨਯਾਹੂ ਦੇ 'ਮੁਕੰਮਲ ਜਿੱਤ' ਦੇ ਸੁਪਨੇ ਦੀ ਫੂਕ ਕੱਢ ਦਿੱਤੀ। ਜਿਸ ਤੋਂ ਬੁਖਲਾ ਕੇ ਅਮਰੀਕੀ-ਇਜ਼ਰਾਈਲੀ ਹਾਕਮਾਂ ਨੇ ਗਾਜ਼ਾ ਪੱਟੀ ਵਿਚ ਵਿਆਪਕ ਨਸਲਕੁਸ਼ੀ ਵਿੱਢ ਦਿੱਤੀ। ਅਰਬ ਤਾਨਾਸ਼ਾਹ ਵੀ ਭੈਭੀਤ ਸਨ ਕਿ ਲਿਬਨਾਨ ਅਤੇ ਯਮਨ ਵਿਚਲੇ ਹਥਿਆਰਬੰਦ ਗਰੁੱਪਾਂ ਨਾਲ ਹਮਾਸ ਦੇ ਗੱਠਜੋੜ ਦੀ ਇਹ ਅੱਗ ਕਿਤੇ ਪੂਰੇ ਮੱਧ-ਪੂਰਬ ਵਿਚ ਨਾ ਫੈਲ ਜਾਵੇ। ਇਸੇ ਵਿਚੋਂ ਇਜ਼ਰਾਈਲ ਨੇ ਅਮਰੀਕਾ ਦੀ ਸਿੱਧੀ ਹਿੱਸੇਦਾਰੀ ਅਤੇ ਪੱਛਮੀ ਤਾਕਤਾਂ ਤੇ ਅਰਬ ਤਾਨਾਸ਼ਾਹਾਂ ਦੀ ਅਸਿੱਧੀ ਮੱਦਦ ਨਾਲ ਦੋ ਸਾਲ ਤੱਕ ਲੱਖਾਂ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਤੇ ਗਾਜ਼ਾ ਦੀ ਤਬਾਹੀ ਕੀਤੀ। ਆਖ਼ਿਰਕਾਰ ਇਸ ਮਾਨਵਤਾ ਵਿਰੋਧੀ ਗੱਠਜੋੜ ਨੂੰ ਦੁਨੀਆ ਭਰ 'ਚ ਹੋ ਰਹੇ ਵਿਆਪਕ ਵਿਰੋਧ ਦੇ ਦਬਾਅ ਹੇਠ ਮੌਜੂਦਾ 'ਸ਼ਾਂਤੀ ਪ੍ਰਕਿਰਿਆ' ਪੇਸ਼ ਕਰਨੀ ਹੈ। ਟਰੰਪ ਨੇ ਮੱਧ ਪੂਰਬ ਵਿਚ ਆਪਣੇ ਹਿਤ ਪੂਰਤੀ ਯਕੀਨੀ ਬਣਾ ਕੇ ਹੀ ਵੀਹ-ਨੁਕਾਤੀ 'ਸ਼ਾਂਤੀ ਯੋਜਨਾ' ਪੇਸ਼ ਕੀਤੀ ਹੈ ਜੋ ਕੌਮਾਂਤਰੀ ਤੌਰ 'ਤੇ ਅਲੱਗ-ਥਲੱਗ ਹੋਏ ਨੇਤਨਯਾਹੂ ਨੇ ਕਬੂਲ ਕਰ ਲਈ ਹੈ। ਜਦੋਂ ਵੀ ਅਮਰੀਕਾ, ਇਜ਼ਰਾਈਲ ਆਦਿ 'ਸੰਵਾਦ' ਜਾਂ 'ਸ਼ਾਂਤੀ' ਦੀ ਗੱਲ ਕਰਦੇ ਹਨ ਤਾਂ ਉਸਦੇ ਪਿੱਛੇ ਹਮੇਸ਼ਾ ਇਜ਼ਰਾਈਲੀ ਕਬਜ਼ੇ ਅਤੇ ਅਮਰੀਕੀ ਸਾਮਰਾਜੀ ਹਿਤਾਂ ਦੇ ਖ਼ਤਰਨਾਕ ਮਨਸੂਬੇ ਕੰਮ ਕਰ ਰਹੇ ਹੁੰਦੇ ਹਨ। ਜੰਗਬਾਜ਼ ਨੇਤਨਯਾਹੂ ਅਕਤੂਬਰ 2023 ਤੋਂ ਲੈ ਕੇ ਵਾਰ-ਵਾਰ ਦੁਹਰਾ ਰਿਹਾ ਸੀ ਕਿ ਉਹ ਹਮਾਸ ਦਾ ਨਾਮੋ-ਨਿਸ਼ਾਨ ਮਿਟਾ ਕੇ ਹੀ ਯੁੱਧ ਬੰਦ ਕਰੇਗਾ। ਹੁਣ ਟਰੰਪ ਦੀ ਯੋਜਨਾ ਨਾਲ ਨੇਤਨਯਾਹੂ ਵੱਲੋਂ ਪ੍ਰਗਟਾਈ ਸਹਿਮਤੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜੇਕਰ ਟਰੰਪ/ਅਮਰੀਕਾ ਹਾਕਮ ਚਾਹੁੰਦੇ ਤਾਂ ਯੁੱਧ ਬਹੁਤ ਪਹਿਲਾਂ ਬੰਦ ਕੀਤਾ ਜਾ ਸਕਦਾ ਸੀ ਪਰ ਉਹ ਤਾਂ ਗਾਜ਼ਾ ਨੂੰ ਤਬਾਹ ਕਰਕੇ ਫ਼ਲਸਤੀਨੀ ਟਾਕਰੇ ਨੂੰ ਫ਼ਨਾਹ ਕਰਨਾ ਚਾਹੁੰਦੇ ਸਨ।

ਬੇਸ਼ੱਕ ਇਜ਼ਰਾਈਲੀ ਫ਼ੌਜਾਂ ਨੇ ਗਾਜ਼ਾ ਨੂੰ ਲਾਸ਼ਾਂ ਅਤੇ ਮਲ਼ਬੇ ਦਾ ਢੇਰ ਬਣਾ ਦਿੱਤਾ ਹੈ, ਪਰ ਗਾਜ਼ਾ ਦੇ ਲੋਕਾਂ ਦੇ ਸਿਦਕ ਅਤੇ ਸਿਰੜ ਨੇ ਜੰਗਬਾਜ਼ ਇਜ਼ਰਾਈਲੀ ਹਾਕਮਾਂ ਨੂੰ ਉਨ੍ਹਾਂ ਦੀ ਔਕਾਤ ਦਿਖਾ ਦਿੱਤੀ ਹੈ। ਅੱਜ ਸਾਰੇ ਜਾਬਰ ਪੱਖ— ਇਜ਼ਰਾਈਲ, ਅਮਰੀਕਾ, ਪੱਛਮੀ ਤਾਕਤਾਂ ਅਤੇ ਅਰਬ ਸਹਿਯੋਗੀ— ਇਸ ਗਹਿਰੇ ਡਰ ਵਿਚ ਜੀ ਰਹੇ ਹਨ ਕਿ ਗਾਜ਼ਾ ਵਿਚ ਇਜ਼ਰਾਈਲ ਦੀ ਹਾਰ ਪੂਰੇ ਮੱਧ ਪੂਰਬ ਦੇ ਤਾਕਤਾਂ ਦੇ ਤੋਲ ਉੱਪਰ ਅਸਰ-ਅੰਦਾਜ਼ ਹੋ ਸਕਦੀ ਹੈ। ਫ਼ਲਸਤੀਨੀਆਂ ਨੇ ਨਾ ਸਿਰਫ਼ ਆਪਣੀ ਰਾਜਨੀਤਿਕ ਸਰਗਰਮੀ ਅਤੇ ਸਵੈਨਿਰਣੇ ਦੀ ਭਾਵਨਾ ਮੁੜ ਸਥਾਪਤ ਕੀਤੀ ਹੈ ਸਗੋਂ ਇਹ ਵੀ ਸਾਬਤ ਕੀਤਾ ਹੈ ਕਿ ਇਜ਼ਰਾਈਲੀ ਬਸਤੀਵਾਦ ਅਤੇ ਅਮਰੀਕੀ-ਪੱਛਮੀ ਸਾਮਰਾਜਵਾਦ ਦੇ ਵਿਰੁੱਧ ਹਰ ਰੂਪ 'ਚ ਟਾਕਰਾ ਜਾਇਜ਼ ਅਤੇ ਅਸਰਦਾਇਕ ਯੁੱਧਨੀਤੀ ਹੈ।

ਨੇਤਨਯਾਹੂ ਦੀ ਅਗਵਾਈ ਹੇਠ ਇਜ਼ਰਾਈਲੀ ਜ਼ਿਓਨਵਾਦ ਦੀ ਇਖ਼ਲਾਕੀ ਹਾਰ ਦੀ ਤੁਲਨਾ 'ਚ ਗਾਜ਼ਾ ਵਿਚ ਭਿਆਨਕ ਨਸਲਕੁਸ਼ੀ ਤੇ ਤਬਾਹੀ ਦੇ ਬਾਵਜੂਦ ਫ਼ਲਸਤੀਨ ਦੀ ਇਖ਼ਲਾਕੀ ਜਿੱਤ ਬਹੁਤ ਵੱਡਾ ਹਾਸਲ ਹੈ। ਇਹ ਫ਼ਲਸਤੀਨੀ ਲੋਕਾਂ ਦੀ ਅਣਥੱਕ ਭਾਵਨਾ, ਉਨ੍ਹਾਂ ਦੀ ਅਟੁੱਟ ਇਕਜੁੱਟਤਾ, ਅਤੇ ਉਨ੍ਹਾਂ ਦੇ ਡੂੰਘੀਆਂ ਜੜਾਂ ਵਾਲੇ ਟਾਕਰੇ ਦੀ ਰਵਾਇਤ ਦੀ ਗੂੰਜਵੀਂ ਜਿੱਤ ਹੈ— ਜੋ ਕਿਸੇ ਇਕ ਧੜੇ, ਵਿਚਾਰਧਾਰਾ ਜਾਂ ਰਾਜਨੀਤੀ ਤੋਂ ਕਿਤੇ ਵੱਡੀ ਹੈ।

ਅਮਰੀਕਾ ਅਤੇ ਉਸਦੇ ਪੱਛਮੀ ਤੇ ਅਰਬ ਸੰਗੀ ਭਾਵੇਂ ਆਪਣੇ ਦਲਾਲ ਮਹਿਮੂਦ ਅੱਬਾਸ ਅਤੇ ਉਸਦੇ 'ਓਸਲੋ ਮਾਡਲ' ਨੂੰ ਫ਼ਲਸਤੀਨੀਆਂ ਲਈ ਵਾਹਦ 'ਬਦਲ' ਵਜੋਂ ਦੁਬਾਰਾ ਜ਼ਿੰਦਾ ਕਰਨ ਦੀ ਕੋਸ਼ਿਸ਼ ਕਰਦੇ ਰਹਿਣ, ਪਰ ਇਸ ਯੁੱਧ ਦੇ ਚਿਰਕਾਲੀ ਪ੍ਰਭਾਵ ਬਿਲਕੁਲ ਹੀ ਵੱਖਰੀ ਹਕੀਕਤ ਉਜਾਗਰ ਕਰਨਗੇ ਕਿਉਂਕਿ ਓਸਲੋ ਸਮਝੌਤੇ ਅਤੇ ਉਸ ਨਾਲ ਜੁੜਿਆ ਭ੍ਰਿਸ਼ਟ ਪ੍ਰਬੰਧ ਫ਼ਲਸਤੀਨੀ ਲੋਕਾਂ ਨੂੰ ਮਨਜ਼ੂਰ ਨਹੀਂ ਹੈ।

ਅਮਰੀਕੀ ਸਾਮਰਾਜੀ ਨੀਤੀਆਂ ਅਤੇ ਟਰੰਪ ਦੀ ਧੌਂਸਬਾਜ਼ੀ ਨੂੰ ਦੇਖਦਿਆਂ ਕਿਸੇ ਨੂੰ ਵੀ ਭਰਮ ਨਹੀਂ ਪਾਲਣਾ ਚਾਹੀਦਾ ਕਿ ਗਾਜ਼ਾ ਵਿਚ ਮੌਜੂਦਾ ਯੁੱਧਬੰਦੀ ਕਿਸੇ ਵੀ ਤਰੀਕੇ ਨਾਲ 'ਸ਼ਾਂਤੀ ਯੋਜਨਾ' ਹੈ। ਇਹ ਸਿਰਫ਼ ਕਤਲੇਆਮ ਨੂੰ ਆਰਜ਼ੀ ਤੌਰ 'ਤੇ ਰੋਕਣਾ ਹੈ। 9 ਅਕਤੂਬਰ ਨੂੰ ਟਰੰਪ ਨੇ ਖ਼ੁਦ ਮੰਨਿਆ ਕਿ 'ਮੈਂ ਇਹ ਗਾਰੰਟੀ ਨਹੀਂ ਦੇ ਸਕਦਾ ਕਿ ਇਸ ਤੋਂ ਬਾਅਦ ਨੇਤਨਯਾਹੂ ਗਾਜ਼ਾ ਵਿਚ ਕਾਰਵਾਈ ਨਹੀਂ ਕਰੇਗਾ।' ਫ਼ਲਸਤੀਨ ਉੱਪਰ ਫ਼ਲਸਤੀਨੀ ਲੋਕਾਂ ਦੇ ਵਾਹਦ ਹੱਕ ਨੂੰ ਮੰਨਣ ਅਤੇ ਨੇਤਨਯਾਹੂ ਤੇ ਉਸਦੀ ਸਰਕਾਰ ਨੂੰ ਜੰਗੀ ਜੁਰਮਾਂ ਦਾ ਦੋਸ਼ੀ ਕਰਾਰ ਦੇਣ ਨਾਲ ਹੀ ਸੱਚੇ ਅਮਨ ਦਾ ਰਾਹ ਖੁੱਲ੍ਹ ਸਕਦਾ ਹੈ। ਇਸ ਦੀ ਅਣਹੋਂਦ 'ਚ 'ਸ਼ਾਂਤੀ ਯੋਜਨਾ' ਅਗਲੇ ਇਜ਼ਰਾਈਲੀ ਹਮਲੇ ਤੋਂ ਪਹਿਲੀ ਖ਼ਾਮੋਸ਼ੀ ਤੋਂ ਸਿਵਾਏ ਕੁਝ ਨਹੀਂ ਹੈ। ਸੁਚੇਤ ਲੋਕ ਜਾਣਦੇ ਹਨ ਕਿ ਯੁੱਧਬੰਦੀ ਨਾਮਨਿਹਾਦ ਹੈ ਕਿਉਂਕਿ ਜਦੋਂ ਤੱਕ ਇਜ਼ਰਾਈਲੀ ਪਸਾਰਵਾਦ ਨੂੰ ਅਮਰੀਕੀ-ਪੱਛਮੀ ਸਾਮਰਾਜੀ ਥਾਪੜਾ ਹੈ, ਮੱਧ ਪੂਰਬ ਵਿਚ ਸਥਾਈ ਸ਼ਾਂਤੀ ਨਹੀਂ ਹੋ ਸਕਦੀ ਜਿਸਦੇ ਦਾਅਵੇ ਟਰੰਪ ਕਰ ਰਿਹਾ ਹੈ। ਜਦੋਂ ਤੱਕ ਫ਼ਲਸਤੀਨ, ਇਜ਼ਰਾਈਲੀ ਕਬਜ਼ੇ 'ਚੋਂ ਆਜ਼ਾਦ ਨਹੀਂ ਹੁੰਦਾ, ਕਥਿਤ ਸ਼ਾਂਤੀ ਕੋਈ ਮਾਇਨੇ ਨਹੀਂ ਰੱਖਦੀ। ਟਰੰਪ ਅਤੇ ਕਾਰਪੋਰੇਟ ਗਿਰਝਾਂ ਦੀ ਹਾਬੜੀ ਨਜ਼ਰ ਹੁਣ ਗਾਜ਼ਾ ਦੀ ਮੁੜ-ਉਸਾਰੀ ਵਿਚੋਂ ਮੁਨਾਫ਼ੇ ਬਟੋਰਨ ਅਤੇ ਇੱਥੇ ਆਪਣੇ ਧਾੜਵੀ ਕਾਰੋਬਾਰੀ ਹਿਤਾਂ ਨੂੰ ਅੱਗੇ ਵਧਾਉਣ ਉੱਪਰ ਹੈ। ਅਮਰੀਕੀ ਸਾਮਰਾਜ ਹੁਣ ਗਾਜ਼ਾ ਯੁੱਧ ਅਤੇ ਨਸਲਕੁਸ਼ੀ ਵਿਚ ਕੀਤੇ 'ਪੂੰਜੀ-ਨਿਵੇਸ਼' ਵਿਚੋਂ ਇਰਾਕ ਦੀ 'ਮੁੜ-ਉਸਾਰੀ' ਦੇ ਨਮੂਨੇ 'ਤੇ ਵੱਧ ਤੋਂ ਵੱਧ ਕਮਾਈ ਕਰੇਗਾ।

ਖ਼ੁਦ ਇਜ਼ਰਾਈਲ ਦੇ ਅੰਦਰ ਵੀ ਟਰੰਪ ਦੀ ਯੋਜਨਾ ਨੂੰ ਲੈ ਕੇ ਬਹੁਤੀ ਸੰਤੁਸ਼ਟੀ ਨਹੀਂ ਹੈ। ਇਜ਼ਰਾਈਲ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਅਖ਼ਬਾਰ 'ਇਜ਼ਰਾਈਲ ਹੇਯੋਮ', ਜੋ ਮਰਹੂਮ ਕੈਸੀਨੋ ਧਨਾਢ ਸ਼ੈਲਡਨ ਐਡਲਸਨ ਵੱਲੋਂ ਨੇਤਨਯਾਹੂ ਦੇ ਬੁਲਾਰੇ ਦੀ ਭੂਮਿਕਾ ਨਿਭਾਉਣ ਅਤੇ ਜ਼ਿਓਨਵਾਦ ਨੂੰ ਪ੍ਰਚਾਰਨ ਲਈ ਸਥਾਪਤ ਕੀਤਾ ਗਿਆ ਸੀ, ਨੇ ਆਪਣੇ ਪਾਠਕਾਂ ਨੂੰ ਨਸੀਹਤ ਦਿੱਤੀ ਹੈ ਕਿ ਉਹ ਟਰੰਪ ਦੀ ਯੋਜਨਾ ਬਾਰੇ ਫ਼ਿਕਰਮੰਦ ਨਾ ਹੋਣ— ਕਿਉਂਕਿ ਇਹ ਸਿਰਫ਼ 'ਲਫਾਜ਼ੀ' ਹੀ ਹੈ।

ਆਉਣ ਵਾਲੇ ਸਮੇਂ 'ਚ, ਖ਼ਾਸ ਕਰਕੇ ਪੱਛਮੀ ਕੰਢੇ ਅਤੇ ਪੂਰੇ ਖੇਤਰ ਵਿਚ ਜੋ ਕੁਝ ਹੋਵੇਗਾ, ਉਹੀ ਤੈਅ ਕਰੇਗਾ ਕਿ ਇੱਥੇ ਕਿਸ ਤਰ੍ਹਾਂ ਦਾ ਅਮਨ-ਅਮਾਨ ਹੋਵੇਗਾ ਜਾਂ ਇੱਥੇ ਸੰਘਰਸ਼ ਦਾ ਅਗਲਾ ਪੜਾਅ ਕਿਸ ਰੂਪ 'ਚ ਤੇ ਕਦੋਂ ਵਾਪਰੇਗਾ। ਇਜ਼ਰਾਈਲ ਅਤੇ ਅਮਰੀਕੀ ਹਾਕਮ ਜਮਾਤ ਦੀ ਵਿਸ਼ਵਾਸਘਾਤੀ ਧਾੜਵੀ ਖ਼ਸਲਤ ਨੂੰ ਦੇਖਦਿਆਂ ਇਸ ਆਰਜ਼ੀ ਯੁੱਧਬੰਦੀ ਦੇ ਅਮਨ-ਚੈਨ 'ਚ ਸਾਕਾਰ ਹੋਣ ਦੀ ਜ਼ਿਆਦਾ ਸੰਭਾਵਨਾ ਚਾਹੇ ਨਹੀਂ ਹੈ, ਪਰ ਦਿਨ-ਰਾਤ ਕਤਲੇਆਮ ਝੱਲ ਰਹੇ ਫ਼ਲਸਤੀਨੀ ਲੋਕਾਂ ਲਈ ਕਤਲੇਆਮ 'ਤੋਂ ਮਾਮੂਲੀ ਰਾਹਤ ਵੀ ਮਹੱਤਵਪੂਰਨ ਹੈ।

# A & I Transport Inc.

A&I WATSONVILLE, CA.


123 E Lee Rd Watsonville, CA Ph: 831-763-7805

A&I WATSONVILLE, CA.




## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਬੰਦੀ ਛੋੜ ਦਿਵਸ ਅਤੇ ਪਵਿੱਤਰ ਤਿਓਹਾਰ ਦੀਵਾਲੀ ਦੀਆਂ

# ਲੱਖ ਲੱਖ ਵਧਾਈਆਂ



ਅਮੋਲਕ ਸਿੰਘ ਗਾਖਲ




ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ

ਰੌਸ਼ਨੀਆਂ ਦੇ ਵਾਰਿਸ ਜੋ ਅੰਧਕਾਰ ਜਿਨ੍ਹਾਂ ਤੋਂ ਡਰਦੇ ਨੇ
ਮੁਬਾਰਕ ਦੀਵਾਲੀ ਉਨ੍ਹਾਂ ਨੂੰ ਜੋ ਖ਼ੁਦ ਦੀਵੇ ਬਣ ਬਲਦੇ ਨੇ।




## ਕੁਲ ਲੋਕਾਈ ਨੂੰ ਬੰਦੀ ਛੋੜ ਦਿਵਸ ਅਤੇ ਰੌਸ਼ਨੀਆਂ ਦੇ ਤਿਓਹਾਰ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ।

ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਇਹ ਤਿਓਹਾਰ ਸਾਨੂੰ ਸਾਰਿਆਂ ਨੂੰ ਨੈਤਿਕਤਾ, ਚੰਗਿਆਈ ਅਤੇ ਨੇਕੀ ਦੇ ਮਾਰਗ ’ਤੇ ਚੱਲਣ ਲਈ ਪ੍ਰੇਰਿਤ ਕਰੇ।

ਵਲੋਂ: ਸ. ਚਰਨ ਸਿੰਘ ਛੀਨਾ ਅਤੇ ਪਿੰਦੀ ਜੰਡੀ
(ਪ੍ਰਧਾਨ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ)

# ਟੈਨਿਸ ਦਾ ਗਲੋਬਲ ਆਈਕੋਨ ਲੀਏਂਡਰ ਪੇਸ

ਵਿਸ਼ਵ ਦੇ ਮਹਾਨ ਖਿਡਾਰੀ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਲੀਏਂਡਰ ਐਂਡਰੀਅਨ ਪੇਸ ਭਾਰਤ ਦਾ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰੀ ਰਿਹਾ। ਉਹ 30 ਵਰ੍ਹੇ ਸਿਰੇ ਦੀ ਟੈਨਿਸ ਖੇਡਿਆ। ਉਸ ਨੂੰ ਟੈਨਿਸ ਦਾ ਗਲੋਬਲ ਆਈਕੋਨ ਕਿਹਾ ਜਾਂਦਾ ਸੀ। 1991 'ਚ ਪੇਸ਼ਾਵਰ ਖਿਡਾਰੀ ਬਣ ਕੇ ਉਹ 2020 ਵਿਚ ਰਿਟਾਇਰ ਹੋਇਆ। ਇੰਜ ਉਹ 30 ਸਾਲ ਟੈਨਿਸ ਦਾ ਸਟਾਰ ਖਿਡਾਰੀ ਬਣਿਆ ਰਿਹਾ। ਉਹਦੀ ਜੈ ਜੈ ਕਾਰ ਕੁਲ ਦੁਨੀਆ 'ਚ ਹੋਈ। ਉਸ ਨੇ 20 ਸਲੈਮ ਟਾਈਟਲ ਜਿੱਤੇ। ਉਹ ਬਾਰਸੀਲੋਨਾ-1992 ਦੀਆਂ ਓਲੰਪਿਕ ਖੇਡਾਂ ਤੋਂ ਰੀਓ-2016 ਦੀਆਂ ਓਲੰਪਿਕ ਖੇਡਾਂ ਤਕ 7 ਵਾਰ ਟੈਨਿਸ ਮੁਕਾਬਲਿਆਂ ਦਾ ਭਾਗੀਦਾਰ ਬਣਿਆ। ਟੋਕੀਓ-2020 ਦੀਆਂ ਓਲੰਪਿਕ ਖੇਡਾਂ ਵਿਚ ਉਹ ਅੱਠਵੀਂ ਵਾਰ ਭਾਗ ਲੈਣ ਲਈ ਵੀ ਤਿਆਰੀ ਕਰ ਰਿਹਾ ਸੀ ਪਰ ਕੋਵਿਡ ਕਾਰਨ ਓਲੰਪਿਕ ਖੇਡਾਂ ਮੁਲਤਵੀ ਹੋ ਗਈਆਂ। ਉਸ ਨੇ ਓਲੰਪਿਕ ਖੇਡਾਂ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿਚ ਸਿਰਫ ਭਾਗ ਹੀ ਨਹੀਂ ਲਿਆ ਬਲਕਿ ਉਨ੍ਹਾਂ ਵਿਚੋਂ 10 ਮੈਡਲ ਵੀ ਜਿੱਤੇ। 5 ਗੋਲਡ ਮੈਡਲ ਤੇ 5 ਬ੍ਰਾਂਜ਼ ਮੈਡਲ! ਕੀ ਕਿਹਾ ਜਾਏ ਅਜਿਹੇ ਅਫਲਾਤੂਨ ਖਿਡਾਰੀ ਬਾਰੇ?

ਉਹ ਨਾ ਸਿਰਫ਼ ਭਾਰਤ ਜਾਂ ਏਸ਼ੀਆ ਦਾ ਟੈਨਿਸ ਸਟਾਰ ਸੀ ਬਲਕਿ ਪੂਰੇ ਵਿਸ਼ਵ ਦਾ ਟੈਨਿਸ ਸਟਾਰ ਮੰਨਿਆ ਜਾਂਦਾ ਸੀ। ਜਿਵੇਂ ਕ੍ਰਿਕਟ ਵਿਚ ਸਚਿਨ ਤੇਂਦੁਲਕਰ ਦੀ ਤੂਤੀ ਬੋਲਦੀ ਰਹੀ ਉਵੇਂ ਟੈਨਿਸ ਵਿਚ ਲੀਏਂਡਰ ਪੇਸ ਦੀ ਗੁੱਡੀ ਚੜ੍ਹੀ ਰਹੀ। ਇਹ ਵੱਖਰੀ ਗੱਲ ਕਿ ਭਾਰਤ ਵਿਚ ਕ੍ਰਿਕਟ ਦਾ ਕਰੇਜ਼ ਟੈਨਿਸ ਨਾਲੋਂ ਵਧੇਰੇ ਹੋਣ ਕਰਕੇ ਸਚਿਨ ਦੀ ਮਹਿਮਾ ਲੀਏਂਡਰ ਨਾਲੋਂ ਵਧੇਰੇ ਹੋਈ। ਸਚਿਨ ਨੂੰ 'ਕ੍ਰਿਕਟ ਦਾ ਭਗਵਾਨ' ਕਿਹਾ ਗਿਆ ਤੇ ਭਾਰਤ ਦਾ ਸਰਬਉੱਚ ਸਨਮਾਨ 'ਭਾਰਤ ਰਤਨ' ਭਾਰਤ ਦੇ ਖਿਡਾਰੀਆਂ ਵਿਚੋਂ ਕੇਵਲ ਸਚਿਨ ਤੇਂਦੁਲਕਰ ਨੂੰ ਹੀ ਦਿੱਤਾ ਗਿਆ। ਫਰਕ ਇਹੋ ਰਿਹਾ ਕਿ ਦੋਹਾਂ ਸਮਕਾਲੀ ਖਿਡਾਰੀਆਂ 'ਚੋਂ ਇਕ ਨੇ ਵਧੇਰੇ ਵੇਖੀ ਜਾਣ ਵਾਲੀ ਖੇਡ ਕ੍ਰਿਕਟ ਚੁਣ ਲਈ ਤੇ ਦੂਜੇ ਨੇ ਘੱਟ ਵੇਖੀ ਜਾਣ ਵਾਲੀ ਟੈਨਿਸ। ਸ਼ੁਕਰ ਹੈ ਕਿਤੇ ਆਪਣੇ ਬਾਪ ਵੇਸ ਵਾਂਗ ਹਾਕੀ ਨਹੀਂ ਸੀ ਚੁਣ ਬੈਠਾ। ਫੇਰ ਤਾਂ ਬਾਪ ਵਾਂਗ ਅਸਲੋਂ ਹੀ ਅਣਗੌਲੇ ਰਹਿ ਜਾਣਾ ਸੀ!

ਲੀਏਂਡਰ ਕੇਵਲ 17 ਸਾਲਾਂ ਦਾ ਸੀ ਜਦੋਂ ਵਿੰਬਲਡਨ ਜੂਨੀਅਰ ਦਾ ਖ਼ਿਤਾਬ ਜਿੱਤਿਆ। ਉਸ ਦੀ ਇਸ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ ਉਸ ਨੂੰ ਖੇਡਾਂ ਦਾ ਨਾਮੀ ਪੁਰਸਕਾਰ 'ਅਰਜਨਾ ਅਵਾਰਡ' ਦੇ ਦਿੱਤਾ। ਛੋਟੀ ਉਮਰ ਵਿਚ ਹੀ ਵੱਡਾ ਅਵਾਰਡ ਮਿਲਣ ਨਾਲ ਸੁਭਾਵਿਕ ਸੀ ਉਹਦਾ ਹੌਂਸਲਾ ਹੋਰ ਵਧ ਗਿਆ। 1992 'ਚ ਉਹ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ ਲਈ ਭਾਰਤੀ ਟੀਮ 'ਚ ਚੁਣਿਆ ਗਿਆ। ਓਲੰਪਿਕ ਖੇਡਾਂ ਵਿਚ ਉਸ ਨੇ ਕਾਫੀ ਚੰਗੀ ਕਾਰਗੁਜ਼ਾਰੀ ਵਿਖਾਈ। ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ ਵਿਚ ਉਹ ਦੂਜੀ ਵਾਰ ਗਿਆ ਤਾਂ ਵਿਕਟਰੀ ਸਟੈਂਡ ਉਤੇ ਚੜ੍ਹਨ ਵਿਚ ਕਾਮਯਾਬ ਹੋ ਗਿਆ। ਉਥੇ ਉਸ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਉਸ ਤੋਂ ਪਹਿਲਾਂ ਭਾਰਤ ਦਾ ਕੇਵਲ ਇਕੋ ਖਿਡਾਰੀ ਕੇ.ਡੀ. ਯਾਦਵ ਸੀ ਜੋ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਹੈਲਸਿੰਕੀ-1952 ਦੀਆਂ ਖੇਡਾਂ ਵਿਚੋਂ ਕਿਸੇ ਵਿਅਕਤੀਗਤ ਖੇਡ 'ਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਭਾਰਤ ਸਰਕਾਰ ਵੱਲੋਂ ਉਸ ਨੂੰ 1996-97 ਦਾ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਦਿੱਤਾ ਗਿਆ।

ਫਿਰ ਉਸ ਨੇ ਵਿਸ਼ਵ ਪੱਧਰ 'ਤੇ ਏਨੀਆਂ ਜਿੱਤਾਂ ਜਿੱਤੀਆਂ ਕਿ ਚਾਰੇ ਗ੍ਰੈਂਡ ਸਲੈਮ ਟੂਰਨਾਮੈਂਟਾਂ ਵਿਚ 'ਬਹਿਜਾ ਬਹਿਜਾ' ਕਰਵਾ ਦਿੱਤੀ। 2001 ਵਿਚ ਭਾਰਤ ਸਰਕਾਰ ਵੱਲੋਂ ਉਸ ਨੂੰ 'ਪਦਮ ਸ੍ਰੀ' ਪੁਰਸਕਾਰ ਨਾਲ ਨਿਵਾਜਿਆ ਗਿਆ। ਹੋਰ ਜਿੱਤਾਂ ਹਾਸਲ ਕੀਤੀਆਂ ਤਾਂ 2014 ਵਿਚ ਲੀਏਂਡਰ ਪੇਸ ਨੂੰ 'ਪਦਮ ਭੂਸ਼ਨ' ਪੁਰਸਕਾਰ ਭੇਟ ਕੀਤਾ ਗਿਆ। ਉਸ ਨੇ ਟੈਨਿਸ ਦੇ ਮੁਕਾਬਲਿਆਂ ਵਿਚ ਭਾਗ ਲੈਂਦਿਆਂ, ਲਗਭਗ ਸਾਰੀ ਦੁਨੀਆ ਗਾਹੀ ਤੇ ਵਿਸ਼ਵ ਨਾਗ੍ਰਿਕ ਬਣਿਆ। 2020 ਵਿਚ ਉਸ ਨੂੰ ਨੈਲਸਨ ਮੰਡੇਲਾ 'ਨੋਬੇਲ ਸ਼ਾਂਤੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।

ਲੀਏਂਡਰ ਪੇਸ ਦਾ ਜਨਮ 17 ਜੂਨ 1973 ਨੂੰ ਪੱਛਮੀ ਬੰਗਾਲ ਦੇ ਸ਼ਹਿਰ ਕੋਲਕਾਤਾ ਵਿਚ ਹੋਇਆ। ਉਸ ਦਾ ਪਿਤਾ ਵੇਸ ਪੇਸ ਹਾਕੀ ਦਾ ਅੰਤਰਰਾਸ਼ਟਰੀ ਖਿਡਾਰੀ ਸੀ। ਉਸ ਨੇ ਮਿਊਨਿਖ ਦੀਆਂ ਓਲੰਪਿਕ ਖੇਡਾਂ 'ਚ ਭਾਰਤੀ ਹਾਕੀ ਟੀਮ ਵੱਲੋਂ ਭਾਗ ਲਿਆ ਸੀ ਜਿਥੇ ਭਾਰਤੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਲੀਏਂਡਰ ਦੀ ਮਾਤਾ ਜੈਨੀਫਰ ਪੇਸ ਭਾਰਤੀ ਬਾਸਕਟਬਾਲ ਟੀਮ ਵੱਲੋਂ ਖੇਡਦੀ ਸੀ। 1980 ਵਿਚ ਉਹ ਏਸ਼ੀਆ ਬਾਸਕਟਬਾਲ ਚੈਂਪੀਅਨਸ਼ਿਪ ਵਿਚ ਭਾਰਤੀ ਬਾਸਕਟਬਾਲ ਟੀਮ ਦੀ ਕਪਤਾਨ ਸੀ। ਜੈਨੀਫਰ ਦਾ ਬਾਪ ਮਾਈਕਲ ਮਧੂਸੂਦਨ ਦੱਤਾ ਬੰਗਾਲੀ ਦਾ ਪ੍ਰਸਿੱਧ ਕਵੀ ਸੀ। ਉਨ੍ਹਾਂ ਦਾ ਪਰਿਵਾਰ ਧਰਮਾਂ ਦਾ ਮਿਲਗੋਭਾ ਪਰਿਵਾਰ ਹੈ ਜਿਵੇਂ ਭਾਰਤ ਦਾ ਸੈਕੂਲਰ ਸੰਵਿਧਾਨ ਹੈ।

ਖਿਡਾਰੀ ਪਰਿਵਾਰ ਦਾ ਜੰਮਪਲ ਹੋਣਾ ਲੀਏਂਡਰ ਪੇਸ ਦੇ ਏਨਾ ਰਾਸ ਆਇਆ ਕਿ ਉਸ ਨੇ ਨਾ ਸਿਰਫ਼ ਭਾਰਤ ਤੇ ਏਸ਼ੀਆ ਵਿਚ ਹੀ ਨਾਮਣਾ ਖੱਟਿਆ ਬਲਕਿ ਵਿਸ਼ਵ ਪੱਧਰ 'ਤੇ ਵੀ ਬੜਾ ਮਾਣ-ਸਨਮਾਨ ਹਾਸਲ ਕੀਤਾ। ਉਸ ਦੀਆਂ ਡਬਲਜ਼ ਤੇ ਮਿਕਸਡ ਡਬਲਜ਼ ਦੀਆਂ ਏਨੀਆਂ ਜਿੱਤਾਂ ਹਨ ਕਿ ਉਹ ਵਿਸ਼ਵ ਦਾ ਪਹਿਲੀ ਕਤਾਰ ਦਾ ਟੈਨਿਸ ਖਿਡਾਰੀ ਮੰਨਿਆ ਜਾਂਦਾ ਰਿਹਾ। 2024 ਵਿਚ ਉਸ ਦਾ ਨਾਮ ਇੰਟਰਨੈਸ਼ਨਲ ਟੈਨਿਸ ਦੇ ਹਾਲ ਆਫ਼ ਫੇਮ ਵਿਚ ਸਥਾਪਿਤ ਕੀਤਾ ਗਿਆ।

ਉਸ ਨੂੰ ਟੈਨਿਸ ਦੀ ਗੁੜ੍ਹਤੀ ਮਿਲੀ ਸੀ। ਜਦੋਂ ਪੰਜ ਸਾਲਾਂ ਦਾ ਹੋਇਆ ਤਾਂ ਰੈਕਟ ਫੜ ਕੇ ਟੈਨਿਸ ਖੇਡਣ ਵੀ ਲੱਗ ਪਿਆ। ਸ਼ੌਕੀਆ ਟੈਨਿਸ ਖੇਡਣੀ ਭਾਵੇਂ ਉਸ ਨੇ ਕਲਕੱਤੇ ਤੋਂ ਸ਼ੁਰੂ ਕੀਤੀ ਸੀ ਪਰ ਵਧੀਆ ਕੋਚਿੰਗ ਲੈਣ ਲਈ ਉਸ ਨੂੰ ਕੋਲਕਾਤਾ ਛੱਡਣਾ ਪਿਆ। 1985 ਵਿਚ ਉਸ ਨੂੰ ਗੋਆ ਦੀ ਬਰਤਾਨੀਆ ਅੰਮ੍ਰਿਤ ਰਾਜ ਟੈਨਿਸ ਅਕੈਡਮੀ ਵਿਚ ਦਾਖਲ ਕਰਾ ਦਿੱਤਾ ਗਿਆ। ਉਥੇ ਉਸ ਦੇ ਕੋਚ ਡੇਵ ਓ ਮੀਰਾ ਨੇ ਉਹਦਾ ਖੇਡ ਕੈਰੀਅਰ ਬਣਾਉਣ ਵਿਚ ਵਿਸ਼ੇਸ਼ ਰੋਲ ਨਿਭਾਇਆ। ਬੇਸ਼ੱਕ ਟੈਨਿਸ ਦੀ ਖੇਡ ਉਸ ਦਾ ਕਾਫੀ ਸਮਾਂ ਲੈ ਲੈਂਦੀ ਸੀ ਪਰ ਲੀਏਂਡਰ ਪੜ੍ਹਨ ਵਿਚ ਵੀ ਪੂਰਾ ਹੁਸ਼ਿਆਰ ਰਿਹਾ। ਮੁੱਢਲੀ ਪੜ੍ਹਾਈ ਉਸ ਨੇ ਕੋਲਕਾਤਾ ਦੇ ਮਾਰਟੀਨੀਅਰ ਸਕੂਲ ਤੋਂ ਹਾਸਲ ਕੀਤੀ ਸੀ ਪਰ ਅਗਲੀ ਪੜ੍ਹਾਈ ਮਦਰਾਸ ਦੇ ਕ੍ਰਿਸ਼ਚੀਅਨ ਹਾਇਰ ਸੈਕੰਡਰੀ ਸਕੂਲ ਤੋਂ ਕੀਤੀ। ਫਿਰ ਉਚੇਰੀ ਪੜ੍ਹਾਈ ਲਈ ਉਹ ਕਲਕੱਤਾ ਯੂਨੀਵਰਸਿਟੀ ਦੇ ਸੇਂਟ ਜ਼ੇਵੀਅਰ ਕਾਲਜ ਵਿਚ ਦਾਖਲ ਹੋਇਆ। ਉਚੇਰੀ ਪੜ੍ਹਾਈ ਕਰਨ ਦੇ ਨਾਲ ਨਾਲ ਉਸ ਨੇ ਟੈਨਿਸ ਖੇਡਣੀ ਵੀ ਜਾਰੀ ਰੱਖੀ।

ਲੀਏਂਡਰ ਤੇ ਸਚਿਨ ਨੇ 1989-90 ਵਿਚ ਹੀ ਆਪੋ ਆਪਣੀ ਖੇਡ 'ਚ ਨਾਮਣਾ ਖੱਟਣਾ ਸ਼ੁਰੂ ਕਰ ਲਿਆ ਸੀ। ਫਿਰ ਭਾਰਤ ਦੇ ਇਹ ਦੋਹੇਂ ਮਹਾਨ ਖਿਡਾਰੀ ਆਪੋ ਆਪਣੀ ਖੇਡ ਦੀਆਂ ਲੰਮੀਆਂ ਪਾਰੀਆਂ ਖੇਡੇ। ਲੀਏਂਡਰ ਨੇ ਲਗਭਗ 30 ਸਾਲ ਅੰਤਰਰਾਸ਼ਟਰੀ ਟੈਨਿਸ ਮੁਕਾਬਲਿਆਂ ਵਿਚ ਭਾਗ ਲਿਆ। ਉਹ ਟੈਨਿਸ ਦੀ ਮੈਰਾਥਨ ਦੌੜ ਦਾ ਮਹਾਰਥੀ ਹੋ ਨਿਬੜਿਆ। 1990 ਵਿਚ ਉਹ ਟੈਨਿਸ ਦਾ ਪ੍ਰੋਫੈਸ਼ਨਲ ਖਿਡਾਰੀ ਬਣਿਆ ਸੀ। ਉਸ ਦੀ ਪਹਿਲੀ ਵੱਡੀ ਛਾਲ 17 ਸਾਲ ਦੀ ਉਮਰੇ ਵਿੰਬਲਡਨ ਦਾ ਜੂਨੀਅਰ ਖ਼ਿਤਾਬ ਜਿੱਤਣਾ ਸੀ। 1990 ਵਿਚ ਉਹ ਇੰਡੀਅਨ ਡੇਵਿਸ ਕੱਪ ਟੀਮ ਵਿਚ ਸ਼ਾਮਲ ਹੋਇਆ ਤੇ ਫਿਰ ਚੱਲ ਸੋ ਚੱਲ ਹੋ ਗਈ। ਉਹ ਸਿੰਗਲ ਵੀ ਖੇਡਦਾ ਰਿਹਾ ਤੇ ਡਬਲਜ਼ ਵੀ। ਦੁਨੀਆ ਦਾ ਸ਼ਾਇਦ ਹੀ ਕੋਈ ਵੱਡਾ ਵੱਕਾਰੀ ਟੈਨਿਸ ਟੂਰਨਾਮੈਂਟ ਹੋਵੇ ਜੋ



ਉਹ ਖੇਡਿਆ ਨਾ ਹੋਵੇ। ਮਸਲਨ ਗ੍ਰੈਂਡ ਸਲੈਮ, ਵਰਲਡ ਟੂਰ ਫਾਈਨਲਜ਼, ਵਰਲਡ ਟੂਰ ਮਾਸਟਰਜ਼, ਏਟੀਪੀ ਚੈਲੇਂਜਰਜ਼, ਵਰਲਡ ਟੂਰ ਸੀਰੀਜ਼, ਡੇਵਿਸ ਕੱਪ, ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਓਲੰਪਿਕ ਖੇਡਾਂ। ਉਸ ਨੇ ਡੇਵਿਸ ਕੱਪ ਵਿਚ ਭਾਰਤੀ ਟੀਮਾਂ ਦੀ ਕਪਤਾਨੀ ਕੀਤੀ ਜਿਨ੍ਹਾਂ 'ਚ ਡੇਵਿਸ ਕੱਪ ਡਬਲਜ਼ ਦੇ 43 ਮੈਚ ਜਿੱਤੇ ਜੋ ਸਭ ਤੋਂ ਵੱਧ ਸਨ।

ਲੀਏਂਡਰ ਨੇ ਚਾਰੇ ਗ੍ਰੈਂਡ ਸਲੈਮ ਖੇਡਦਿਆਂ ਬੇਸ਼ਕ ਮਰਦਾਂ ਦੇ ਸਿੰਗਲਜ਼ ਮੁਕਾਬਲਿਆਂ 'ਚੋਂ ਕੋਈ ਖ਼ਿਤਾਬ ਨਹੀਂ ਜਿੱਤਿਆ ਪਰ ਭਾਰਤੀ ਟੈਨਿਸ ਨੂੰ ਵਿਸ਼ਵ ਪੱਧਰ ਤਕ ਪੁਚਾ ਦਿੱਤਾ। ਮਰਦਾਂ ਦੇ ਸਿੰਗਲਜ਼ ਮੁਕਾਬਲਿਆਂ ਵਿਚ ਭਾਗ ਲੈਂਦਿਆਂ ਉਹ ਆਸਟ੍ਰੇਲੀਅਨ ਓਪਨ ਵਿਚ 1997 ਤੇ 2000 ਦੇ ਦੂਜੇ ਗੇੜ ਵਿਚ ਪਹੁੰਚ ਗਿਆ ਸੀ। ਫ੍ਰੈਂਚ ਓਪਨ ਦੇ 1997 ਅਤੇ ਵਿੰਬਲਡਨ 2001 ਦੇ ਦੂਜੇ ਰਾਊਂਡ ਵਿਚ ਪਹੁੰਚ ਗਿਆ ਸੀ ਤੇ 2001 ਵਿਚ ਯੂ ਐਸ ਓਪਨ ਟੂਰਨਾਮੈਂਟ ਦੌਰਾਨ ਤੀਜੇ ਗੇੜ ਵਿਚ ਆਪਣੀ ਥਾਂ ਬਣਾ ਲਈ ਸੀ। ਉਸ ਦੇ ਸਿੰਗਲਜ਼ ਟੈਨਿਸ ਕੈਰੀਅਰ ਦੀ ਸਭ ਤੋਂ ਵੱਡੀ ਪ੍ਰਾਪਤੀ ਅਗਸਤ 1998 ਵਿਚ ਨਿਊ ਪੋਟ ਅਮਰੀਕਾ ਵਿਖੇ ਆਪਣਾ ਏਟੀਪੀ ਸਿੰਗਲਜ਼ ਖ਼ਿਤਾਬ ਜਿੱਤਣ ਨਾਲ ਹੋਈ ਸੀ। ਉਸ ਦੀ ਦੂਜੀ ਵੱਡੀ ਪ੍ਰਾਪਤੀ ਨਿਊ ਹੈਵਨ ਏਟੀਪੀ ਟੂਰਨਾਮੈਂਟ, ਪੇਨ ਪਾਈਲਟ ਇੰਟਰਨੈਸ਼ਨਲ ਸਿੰਗਲਜ਼ ਮੁਕਾਬਲੇ ਦੇ ਤੀਜੇ ਗੇੜ ਵਿਚ ਹੋਈ ਜੋ ਵਿੰਬਲਡਨ ਚੈਂਪੀਅਨ ਪੀਟ ਸੈਂਪਰਾਸ ਨੂੰ 6-3 ਤੇ 6-4 ਨਾਲ ਮਾਤ ਦੇ ਕੇ ਹਾਸਲ ਕੀਤੀ। ਇਸੇ ਤਰ੍ਹਾਂ 2000 ਵਿਚ ਇੰਡੀਅਨ ਵੇਲਜ਼ ਮਾਸਟਰਜ਼ ਸਿੰਗਲਜ਼ ਟੈਨਿਸ ਟੂਰਨਾਮੈਂਟ ਦੌਰਾਨ ਉਹ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰੀ ਰੌਜਰ ਫੈਡਰਰ ਨੂੰ ਹਰਾ ਕੇ ਲੋਹੜਾ ਮਾਰ ਚੁੱਕਾ ਸੀ।

ਡਬਲਜ਼ ਤੇ ਮਿਕਸਡ ਡਬਲਜ਼ ਮੁਕਾਬਲਿਆਂ ਵਿਚ ਲੀਏਂਡਰ ਪੇਸ ਨੇ ਜੋ ਜਿੱਤਾਂ ਹਾਸਲ ਕੀਤੀਆਂ ਉਹ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਦਿਵਾਉਣ ਵਾਲੀਆਂ ਸਨ। ਉਸ ਦੀ ਤੇਜ਼ੀ, ਫੁਰਤੀ ਤੇ 'ਵਾਲੀ-ਪਲੇਅ' ਨੇ ਉਸ ਨੂੰ ਡਬਲਜ਼ ਟੈਨਿਸ ਦਾ ਬੇਮਿਸਾਲ ਖਿਡਾਰੀ ਬਣਾ ਦਿੱਤਾ ਸੀ। ਉਸ ਦੀ ਖੇਡ ਸ਼ੈਲੀ ਨਿਆਰੀ ਸੀ। ਲੀਏਂਡਰ ਨੂੰ 'ਨੈੱਟ ਪਲੇਅ' ਦਾ ਮਾਹਿਰ ਮੰਨਿਆ ਜਾਂਦਾ ਸੀ। ਉਸ ਦਾ ਜੋਸ਼, ਤੇਜ਼ ਰਫਤਾਰੀ, ਸ਼ਾਰਪ ਵੌਲੀ 'ਤੇ ਚੜ੍ਹ ਕੇ ਖੇਡਣਾ ਬੜੇ ਰੁਮਾਂਚਿਕ ਤੇ ਦਿਲਚਸਪ ਲੱਗੇ ਸਨ।

ਗ੍ਰੈਂਡ ਸਲੈਮ ਡਬਲਜ਼ ਮੁਕਾਬਲਿਆਂ ਦਾ ਉਹ ਸਭ ਤੋਂ ਸਫਲ ਖਿਡਾਰੀ ਰਿਹਾ। ਉਸ ਨੇ ਫਰੈਂਚ ਓਪਨ ਵਿਚ 1999, 2001 ਤੇ 2009 ਦੇ ਖ਼ਿਤਾਬ ਆਪਣੇ ਨਾਂ ਕਰ ਕੇ ਭਾਰਤ ਦਾ ਨਾਂ ਟੈਨਿਸ ਜਗਤ ਵਿਚ ਹੋਰ ਰੌਸ਼ਨ ਕੀਤਾ। ਉਸ ਨੇ ਯੂ ਐਸ ਓਪਨ ਖੇਡਦਿਆਂ 2006, 2009 ਤੇ 2013 ਵਿਚ ਵੀ ਜਿੱਤਾਂ ਹਾਸਲ ਕੀਤੀਆਂ। 2012 ਵਿਚ ਆਸਟ੍ਰੇਲੀਆ ਓਪਨ ਦਾ ਚੈਂਪੀਅਨ ਬਣਿਆ। ਟੈਨਿਸ ਦਾ ਸਭ ਤੋਂ ਵੱਕਾਰੀ ਟੂਰਨਾਮੈਂਟ ਵਿੰਬਲਡਨ ਜਿੱਤਣਾ ਵੀ ਉਹਦੇ ਹਿੱਸੇ ਆਇਆ। ਡਬਲਜ਼ ਵਿਚ ਉਸ ਦੀ ਦਰਜਾਬੰਦੀ ਕਈ ਵਾਰ ਅੱਵਲ ਨੰਬਰ ਰਹੀ।

ਉਸ ਦਾ ਗ੍ਰੈਂਡ ਸਲੈਮ ਮਿਕਸਡ ਡਬਲਜ਼ ਦਾ ਸਫ਼ਰ ਵੀ ਰੌਚਿਕ ਰਿਹਾ। ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਮਿਕਸਡ ਡਬਲਜ਼ ਦੀ ਸ਼ੁਰੂਆਤ 2000 ਵਿਚ ਕੀਤੀ। 2003 ਵਿਚ ਵਿਸ਼ਵ ਦੀ ਤਜਰਬੇਕਾਰ ਟੈਨਿਸ ਖਿਡਾਰਨ ਮਾਰਟੀਨਾ ਨਵਰਾਤੀਲੋਵਾ ਨਾਲ ਆਸਟ੍ਰੇਲੀਅਨ ਓਪਨ ਅਤੇ ਵਿੰਬਲਡਨ ਜਿੱਤਿਆ। ਏਧਰ ਏਸ਼ਿਆਈ ਖੇਡਾਂ ਵਿਚ ਭਾਰਤ ਦੀ ਨਾਮਵਰ ਖਿਡਾਰਨ ਸਾਨੀਆ ਮਿਰਜ਼ਾ ਨਾਲ ਜੋੜੀ ਬਣਾ ਕੇ ਸੋਨ ਮੈਡਲ ਭਾਰਤ ਦੀ ਝੋਲੀ ਪਾਇਆ। ਫਿਰ ਉਸ ਨੇ 2009 ਵਿਚ ਲੁਕਾਸ ਡਲੋਹੀ ਨਾਲ ਮਿਲ ਕੇ ਖੇਡਦਿਆਂ ਫ੍ਰੈਂਚ ਤੇ ਯੂ ਐਸ ਓਪਨ ਦੇ ਖ਼ਿਤਾਬ ਆਪਣੇ ਨਾਂ ਕੀਤੇ। 2010 ਵੀ ਉਹਦੇ ਲਈ ਕਰਮਾਂ ਵਾਲਾ ਰਿਹਾ। ਉਸ ਨੇ ਕਾਰਾ ਬਲੈਕ ਨਾਲ ਮਿਲ ਕੇ ਆਸਟ੍ਰੇਲੀਅਨ ਓਪਨ ਮਿਕਸਡ ਡਬਲਜ਼ ਦਾ ਖ਼ਿਤਾਬ ਜਿੱਤਿਆ। ਫਿਰ ਉਸ ਨੇ ਰਾਡੇਕ ਸਟੇਪਨੇਕ ਨਾਲ ਭਾਈਵਾਲੀ ਕੀਤੀ ਤੇ ਉਸ ਜੋੜੀ ਨੇ 2013 ਵਿਚ ਯੂ ਐਸ ਓਪਨ ਟੂਰਨਾਮੈਂਟ ਜਿੱਤਿਆ। 2016 ਵਿਚ ਉਸ ਨੇ ਕਰੀਅਰ ਸਲੈਮ ਹਾਸਲ ਕੀਤਾ। ਉਦੋਂ ਉਸ ਨੇ ਵਿਸ਼ਵ ਦੀ ਪ੍ਰਸਿੱਧ ਟੈਨਿਸ ਖਿਡਾਰਨ ਮਾਰਟੀਨਾ ਹਿੰਗਜ਼ ਨਾਲ ਫ੍ਰੈਂਚ ਓਪਨ ਟੂਰਨਾਮੈਂਟ ਜਿੱਤਿਆ।

ਲੀਏਂਡਰ ਪੇਸ ਦੇ ਟੈਨਿਸ ਸਫਰ ਵਿਚ ਬੜੇ ਪਾਰਟਨਰ ਰਹੇ। ਜੇ ਸਾਰੇ ਗਿਣਨ ਲੱਗੀਏ ਤਾਂ ਗਿਣਤੀ 100 ਤੋਂ ਵੀ ਟੱਪ ਜਾਵੇਗੀ। ਪਰ ਜੋ ਜੋੜੀ ਮਹੇਸ਼ ਭੂਪਤੀ ਨਾਲ ਬਣੀ ਉਹ ਸਭ ਤੋਂ ਵੱਧ ਨਿਭੀ। ਉਸ ਜੋੜੀ ਨੇ ਭਾਰਤੀ ਟੈਨਿਸ ਨੂੰ ਤਕੜਾ ਹੁਲਾਰਾ ਦਿੱਤਾ। ਪੇਸ-ਭੂਪਤੀ ਜੋੜੀ ਦਾ ਨਾਂ ਡੇਵਿਸ ਕੱਪ ਮੈੱਨ ਡਬਲਜ਼ ਦੇ ਮੁਕਾਬਲਿਆਂ 'ਚ 24 ਸਾਲ ਗੂੰਜਦਾ ਰਿਹਾ। ਪੇਸ ਤੇ ਭੂਪਤੀ ਦੀ ਜੋੜੀ ਨੇ 1994 ਵਿਚ ਡਬਲਜ਼ ਦੀ ਸ਼ੁਰੂਆਤ ਕੀਤੀ ਸੀ ਤੇ ਜੋੜੀ ਦਾ ਨਾਂ 'ਇੰਡੀਅਨ ਐਕਸਪ੍ਰੈਸ' ਪੈ ਗਿਆ ਸੀ। 1997-1998 ਵਿਚ 'ਇੰਡੀਅਨ ਐਕਸਪ੍ਰੈਸ' ਨੇ ਏਟੀਪੀ ਪ੍ਰੋਫੈਸ਼ਨਲਜ਼ ਦੇ 6 ਟੂਰਨਾਮੈਂਟ ਜਿੱਤ ਕੇ ਟੈਨਿਸ ਜਗਤ ਵਿਚ ਸਨਸਨੀ ਫੈਲਾਅ ਦਿੱਤੀ ਸੀ। ਉਦੋਂ ਉਹ 8 ਟੂਰਨਾਮੈਂਟਾਂ ਦੇ ਫਾਈਨਲ ਖੇਡੇ ਸਨ। 1999 ਵਿਚ ਉਹੀ ਜੋੜੀ ਚਾਰੇ ਗ੍ਰੈਂਡ ਸਲੈਮ ਡਬਲਜ਼ ਟੂਰਨਾਮੈਂਟਾਂ ਦੇ ਫਾਈਨਲ ਵਿਚ ਜਾ ਪੁੱਜੀ ਸੀ। ਓਸੇ ਸਾਲ ਉਸ ਜੋੜੀ ਨੇ ਏਟੀਪੀ ਡਬਲਜ਼ ਰੈਂਕਿੰਗ ਦਾ ਪਹਿਲਾ ਸਥਾਨ ਹਾਸਲ ਕੀਤਾ ਸੀ।

2001 ਵਿਚ ਵੀ ਪੇਸ-ਭੂਪਤੀ ਜੋੜੀ ਨੇ ਫ੍ਰੈਂਚ ਓਪਨ ਡਬਲਜ਼ ਦਾ ਟਾਈਟਲ ਵੀ ਆਪਣੇ ਨਾਂ ਕੀਤਾ ਤੇ 2002 ਦੀਆਂ ਏਸ਼ਿਆਈ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ। ਫਿਰ ਉਨ੍ਹਾਂ ਵਿਚਕਾਰ ਮੱਤ-ਭੇਦ ਪੈਦਾ ਹੋ ਗਏ ਤੇ ਜੋੜੀ ਭੰਗ ਹੋ ਗਈ। ਫਿਰ ਦੇਸ਼ ਹਿੱਤ 2008 ਵਿਚ ਉਹ ਬੀਜਿੰਗ ਦੀਆਂ ਓਲੰਪਿਕ ਖੇਡਾਂ 'ਚ ਮੁੜ ਜੋੜੀ ਬਣਾ ਕੇ ਖੇਡੇ। ਪਰ ਪਹਿਲਾਂ ਵਾਲੀ ਗੱਲ ਨਾ ਬਣੀ ਅਤੇ ਕੁਆਟਰ ਫਾਈਨਲ ਵਿਚ ਰੋਜਰ ਫੈਡਰਰ ਤੇ ਸਟੈਨਿਸਲਾਸ ਵਾਵਰਿੰਕਾ ਦੀ ਜੋੜੀ ਤੋਂ ਹਾਰ ਕੇ ਮੁਕਾਬਲੇ 'ਚੋਂ ਬਾਹਰ ਹੋ ਗਏ। ਖੇਤਰ ਕੋਈ ਹੋਵੇ ਮੱਤ-ਭੇਦ ਵੱਡਿਆਂ-ਵੱਡਿਆਂ ਨੂੰ ਲੈ ਬਹਿੰਦੇ ਹਨ। ਫਿਰ ਵੀ ਲੰਮਾ ਸਮਾਂ ਖੇਡਣ ਵਾਲੇ ਲਿਏਂਡਰ ਤੇ ਭੂਪਤੀ ਜੋੜੀ ਨੂੰ ਸਲਾਮ ਹੈ।

ਲੀਏਂਡਰ ਪੇਸ ਅੱਜ-ਕੱਲ੍ਹ ਮੁੰਬਈ ਦਾ ਵਾਸੀ ਹੈ ਤੇ ਬੰਗਾਲ ਟੈਨਿਸ ਐਸੋਸੀਏਸ਼ਨ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਹੈ। ਮਹੇਸ਼ ਭੂਪਤੀ, ਰੋਹਨ ਬੋਪੰਨਾ ਤੇ ਸਾਨੀਆ ਮਿਰਜ਼ਾ ਉਹਦੇ ਸਮਕਾਲੀ ਖਿਡਾਰੀ ਰਹੇ ਹਨ। ਉਸ ਦਾ ਕੱਦ 5 ਫੁੱਟ 10 ਇੰਚ ਹੈ ਅਤੇ ਵਜ਼ਨ ਸਰਗਰਮ ਖੇਡ ਵੇਲੇ ਵੀ ਸਾਵਾਂ ਸੀ ਤੇ ਹੁਣ ਵੀ ਸਾਵਾਂ ਹੈ। ਨੈਣ ਨਕਸ਼ ਤਿੱਖੇ ਤੇ ਰੰਗ ਮੇਘਲਾ ਹੈ। ਉਸ ਦੀ ਪ੍ਰਾਈਜ਼ ਮਨੀ 8,587,586 ਡਾਲਰ ਹੈ। ਜਿਥੋਂ ਤਕ ਮੰਗਣਿਆਂ ਤੇ ਵਿਆਹ ਮੁਕਲਾਵਿਆਂ ਦੀ ਗੱਲ ਹੈ ਉਹ ਵੀ ਕਈ ਹੋਰਨਾਂ ਖਿਡਾਰੀਆਂ ਵਰਗਾ ਹੀ ਹੈ। ਵਿਆਹਿਆ ਵੀ ਗਿਆ ਤੇ ਸਮੇਂ-ਸਮੇਂ ਪਾਰਟਨਰਾਂ ਵੀ ਬਣਦੀਆਂ ਗਈਆਂ। 2021 ਵਿਚ ਜ਼ੀ5 ਨੇ ਪੇਸ ਤੇ ਭੂਪਤੀ ਦੇ ਬਣਦੇ ਵਿਗੜਦੇ ਸੰਬੰਧਾਂ ਬਾਰੇ ਡਾਕੂਮੈਂਟਰੀ ਬਣਾਈ। ਲੀਏਂਡਰ ਪੇਸ ਨੇ ਅਸ਼ੋਕ ਕੋਹਲੀ ਨਾਲ ਮਿਲ ਕੇ 'ਸੋਸ਼ਿਓ-ਪੁਲੀਟੀਕਲ' ਫਿਲਮ 'ਰਾਜਧਾਨੀ ਐਕਸਪ੍ਰੈਸ' ਵੀ ਬਣਾਈ ਜਿਸ ਵਿਚ ਉਸ ਨੇ ਕੇਸ਼ਵ ਦਾ ਰੋਲ ਅਦਾ ਕੀਤਾ। ਗੀਤਾ ਸੇਠੀ ਤੇ ਪ੍ਰਕਾਸ਼ ਪਾਡੂਕੋਨੇ ਵੱਲੋਂ ਸਥਾਪਿਤ 'ਓਲੰਪਿਕ ਗੋਲਡ ਕੁਇਸਟ' ਨਾਂ ਦੀ ਫਾਊਂਡੇਸ਼ਨ, ਜੋ ਭਾਰਤ ਦੇ ਹੋਣਹਾਰ ਖਿਡਾਰੀਆਂ ਨੂੰ ਸਪੋਰਟ ਕਰਦੀ ਹੈ, 2010 ਤੋਂ ਲੀਏਂਡਰ ਵੀ ਉਹਦਾ ਡਾਇਰੈਕਟਰ ਹੈ। ਹਾਲੇ ਉਹ 52 ਸਾਲਾਂ ਦਾ ਹੋਇਐ ਤੇ ਉਸ ਤੋਂ ਹੋਰ ਵੀ ਵੱਡੀਆਂ ਆਸਾਂ ਹਨ। ਜੁਗ ਜੁਗ ਜੀਵੇ ਟੈਨਿਸ ਦਾ ਆਈਕੋਨਿਕ ਖਿਡਾਰੀ ਲੀਏਂਡਰ ਪੇਸ।

## ਸੰਪਾਦਕ ਦੀ ਡਾਕ

## ਨਕਸਲੀ ਆਗੂ ਹਰਭਜਨ ਸਿੰਘ ਸੋਹੀ ਨੂੰ ਯਾਦ ਕਰਦਿਆਂ...

***ਭਾਵੇਂ ਮੇਰੀਆਂ ਲਿਖਤਾਂ ਬਹੁਤ ਸਾਲਾਂ ਤੋਂ 'ਪੰਜਾਬ ਟਾਈਮਜ਼' ਵਿਚ ਕਿਸੇ ਨਾ ਕਿਸੇ ਰੂਪ ਵਿਚ ਛਪਦੀਆਂ ਰਹਿੰਦੀਆਂ ਹਨ ਅਤੇ ਮੈਂ ਲਗਾਤਾਰ ਇਸ ਹਫ਼ਤਾਵਾਰੀ ਅਖ਼ਬਾਰ ਵਿਚ ਛਪਦੀਆਂ ਹਰੇਕ ਵਿਧਾ ਦੀਆਂ ਬਹੁਮੁੱਲੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਤ ਹਾਂ, ਪਰ 'ਸੰਪਾਦਕ ਦੇ ਨਾਂ ਖਤ' ਪਹਿਲੀ ਵਾਰ ਲਿਖ ਰਿਹਾ ਹਾਂ।***

### ਸਤਿਕਾਰਯੋਗ ਸੰਪਾਦਕ ਜੀਓ,

ਮੈਨੂੰ ਲਗਦਾ ਹੈ ਕਿ ਵਿਦੇਸ਼ਾਂ ਵਿਚੋਂ ਨਿਕਲਦੇ ਪੰਜਾਬੀ ਅਖ਼ਬਾਰਾਂ ਵਿਚੋਂ ਗੁਣਾਤਮਕ ਪੱਖੋਂ 'ਪੰਜਾਬ ਟਾਈਮਜ਼' ਸਭ ਤੋਂ ਉੱਪਰ ਹੈ। ਬਾਈ ਅਮੋਲਕ ਸਿੰਘ ਜੰਮੂ ਇੱਕ ਸਾਹਿਤਕ ਖਜ਼ਾਨਾ ਸਨ। ਮੈਨੂੰ ਇਹ ਮਾਣ ਹੈ ਕਿ ਸਿਰਫ਼ ਲਿਖਤਾਂ ਰਾਹੀਂ ਹੀ ਮਿਲਣ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣੀ ਵਿਸ਼ੇਸ਼ ਲਿਖਤ 'ਕਮਲਿਆਂ ਦਾ ਟੱਬਰ' ਬਾਰੇ ਮੇਰੀ ਰਾਏ ਪੁੱਛੀ ਸੀ। ਉਨ੍ਹਾਂ ਦੇ ਜਵਾਨੀ ਵਾਲੇ ਜੀਵਨ ਦੇ ਇੱਕ ਹਿੱਸੇ ਦੀ ਬੇਬਾਕੀ ਨਾਲ਼ ਲਿਖੀ ਲਿਖਤ ਪੜ੍ਹ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ ਸਾਂ। ਉਨ੍ਹਾਂ ਦੁਆਰਾ ਬੀਜੇ ਬੀਜ਼ ਤੋਂ ਉੱਗੇ ਪੌਦੇ ਨੂੰ ਭੈਣ ਜਸਪ੍ਰੀਤ ਤੇ ਬਾਕੀ ਸਹਿਯੋਗੀ ਲਗਾਤਾਰ ਪਾਲ਼ ਰਹੇ ਹਨ ਅਤੇ ਬਹੁਤ ਵਾਰ ਅਜਿਹੀਆਂ ਮਹੱਤਵਪੂਰਨ ਲਿਖਤਾਂ ਸਾਡੇ ਸਨਮੁਖ ਕਰਦੇ ਹਨ ਜਿਨ੍ਹਾਂ ਬਾਰੇ ਪਹਿਲਾਂ ਪਤਾ ਹੀ ਨਹੀਂ ਹੁੰਦਾ, ਜਾਂ ਇੰਝ ਕਹਿ ਲਵੋ ਕਿ ਬਹੁਤ ਘੱਟ ਗਿਆਨ ਹੁੰਦਾ ਹੈ। ਪਿਛਲੇ ਸੱਤ ਅੰਕਾਂ ਵਿਚ ਸੱਤ ਕਿਸ਼ਤਾਂ ਵਿਚ ਇਕ ਸਮਰੱਥ ਸਾਹਿਤਕਾਰ ਅਤਰਜੀਤ ਦੁਆਰਾ ਲਿਖਿਆ ਇੱਕ ਇਤਿਹਾਸਿਕ ਦਸਤਾਵੇਜ਼ 'ਚੇਤਿਆਂ 'ਚ ਵੱਸਿਆ ਹਰਭਜਨ ਸੋਹੀ ਅਤੇ ਇਨਕਲਾਬੀ ਨਕਸਲੀ ਲਹਿਰ ਦਾ ਰੁਮਾਂਸ' ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਔਜੜੇ ਪਈ ਕਮਿਊਨਿਸਟ ਲਹਿਰ ਵਿਚ ਇੱਕ ਦਰੁਸਤ ਲਾਈਨ ਦੀ ਸਥਾਪਤੀ ਕਰਨ ਦੇ ਬਹੁਤ ਕਠਿਨ ਘੋਲ਼ ਦੀ ਉਸ ਦੁਆਰਾ ਹੱਡੀਂ ਹੰਢਾਈ ਕਹਾਣੀ ਹੈ, ਜਿਸ ਨੂੰ ਹਰਭਜਨ ਸੋਹੀ ਅਤੇ ਉਸਦੇ ਅਤਰਜੀਤ ਵਰਗੇ ਹੋਰ ਸਾਥੀ ਲਗਾਤਾਰ ਰਵਾਨਗੀ ਦਿੰਦੇ ਰਹੇ। ਸਰਕਾਰ ਵੱਲੋਂ ਤਸ਼ੱਦਦ ਤੇ ਲਹਿਰ 'ਤੇ ਵਿੱਢੇ ਮਾਰੂ ਹਮਲਿਆਂ ਦੇ ਨਾਲ ਤਾਂ ਟਾਕਰਾ ਕਰਨਾ ਹੀ ਸੀ ਸਗੋਂ ਚੱਕਵੇਂ ਤੇ ਇਨਕਲਾਬ ਨੂੰ 'ਆਹ ਵੱਟ 'ਤੇ ਪਿਆ' ਦੇਖਣ ਵਾਲੇ ਇਨਕਲਾਬੀਆਂ ਵੱਲੋਂ ਧਮਕੀਆਂ ਤੇ ਜਾਰੀ ਹੁੰਦੇ ਫੁਰਮਾਨਾਂ ਦਾ ਵੀ ਸਾਹਮਣਾ ਕਰਨਾ ਪਿਆ। ਲਿਖਤ ਪੜ੍ਹ ਕੇ ਇਹ ਅਹਿਸਾਸ ਹੋਇਆ ਕਿ ਐਨੀਆਂ ਔਖੀਆਂ ਹਾਲਤਾਂ ਵਿਚ ਵੀ ਸਿਰੜ ਨਾਲ ਦਰੁਸਤ ਸਮਝ ਦੀ ਰਾਖੀ ਕਰਨਾ ਇਕ ਪਰਪੱਕ ਕਮਿਊਨਿਸਟ ਵਿਚਾਰਧਾਰਾ ਦੀ ਨਿਸ਼ਾਨੀ ਹੈ। ਜਿੱਥੇ ਇਨਕਲਾਬੀ ਇਤਿਹਾਸ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਸਾਰਥਕ ਰੂਪ ਵਿਚ ਪੇਸ਼ ਕਰਨ ਲਈ ਅਤਰਜੀਤ ਵਧਾਈ ਦਾ ਪਾਤਰ ਹੈ, ਓਥੇ ਉਹ ਓਸ ਸਮੇਂ ਦੇ ਨੌਜਵਾਨ-ਬੁੱਧੀਜੀਵੀਆਂ ਦੁਆਰਾ ਪਟਿਆਲੇ ਵਸਾਏ 'ਭੂਤਵਾੜੇ' ਦੇ ਖੁੱਲ੍ਹੇ ਮਹੌਲ ਵਿਚ ਵਿਚਰਦੇ ਸਾਥੀਆਂ ਨੂੰ ਮਾਰਕਸੀ ਚਿੰਤਨ ਵਿਚ ਨਿਪੁੰਨ ਟੀਮ ਦਾ ਖ਼ਿਤਾਬ ਵੀ ਦਿੰਦਾ ਹੈ। ਉਹ ਇਹ ਵੀ ਜ਼ਿਕਰ ਕਰਦਾ ਹੈ ਕਿ ਸੋਹੀ ਨਾ਼ਲ ਖੜ੍ਹੇ ਨੌਜਵਾਨ ਕਾਲਜਾਂ ਯੂਨੀਵਰਸਿਟੀਆਂ ਦੀ ਕਰੀਮ ਸਨ। ਅਤਰਜੀਤ ਪੁਲੀਸ ਤਸ਼ੱਦਦ ਦੌਰਾਨ ਹਰਭਜਨ ਸੋਹੀ ਦੀ ਦ੍ਰਿੜ੍ਹਤਾ ਅਤੇ ਖੁਦ ਉਸ ਸਮੇਤ ਹੋਰ ਕੈਦੀਆਂ ਦਾ ਮਨੋਬਲ ਵਧਾਉਣ ਦੀ ਕਲਾ ਦੀ ਸਿਫ਼ਤ ਕਰਦਾ ਹੈ।

ਅਤਰਜੀਤ ਅਨੁਸਾਰ 'ਸੋਨੇ ਦੇ ਤਵੀਤਾਂ ਵਰਗੇ' ਹਰਭਜਨ ਦਾ ਸੰਬੰਧ ਬਾਬਾ ਬੂਝਾ ਸਿੰਘ ਤੋਂ ਲੈ ਕੇ ਓਸ ਸਮੇਂ ਦੇ ਨਾਮਵਰ ਬੁਧੀਜੀਵੀਆਂ ਨਾਲ ਰਿਹਾ, ਜਿਨ੍ਹਾਂ ਵਿਚ ਸੁਰਜੀਤ ਲੀ, ਪ੍ਰੋ. ਮੇਘ ਰਾਜ, ਯੱਸ਼ ਪਾਲ, ਚਮਨ ਲਾਲ ਪ੍ਰਭਾਕਰ, ਸੁਰਿੰਦਰ ਹੇਮ ਜਯੋਤੀ, ਹਰਭਜਨ ਹਲਵਾਰਵੀ, ਬਲਵੰਤ, ਠਾਣਾ, ਅਮਰਜੀਤ ਚੰਦਨ ਅਤੇ ਕਿੰਨੇ ਹੀ ਹੋਰ ਸ਼ਾਮਿਲ ਹਨ। ਆਖਰੀ ਕਿਸ਼ਤ ਵਿਚ ਉਸਨੇ ਫਰਾਂਸੀਸੀ ਨਾਵਲਕਾਰ ਫਲਾ ਬੇਅਰ ਦੇ ਜਗਤ ਪ੍ਰਸਿਧ ਨਾਵਲ 'ਮਾਦਾਮ ਬਾਵਾਰੀ' ਦੀ ਸਾਰਥਕ ਪੜਚੋਲ ਦਾ ਜ਼ਿਕਰ ਵੀ ਕੀਤਾ ਹੈ।

ਅਖੀਰ ਵਿਚ ਮੈਂ ਅਤਰਜੀਤ ਦੇ ਹਰਭਜਨ ਸੋਹੀ ਦੀ ਸਿਧਾਂਤਕ ਸੂਝ ਵਿਚ ਭਰੋਸੇਯੋਗਤਾ ਬਾਰੇ ਲਿਖੇ ਕੁੱਝ ਸ਼ਬਦ ਜ਼ਰੂਰ ਸਾਂਝੇ ਕਰਨਾ ਚਾਹਾਂਗਾ:


'ਉਸਦੀ ਸਿਧਾਂਤਕ ਸੂਝ ਨਾਲ ਇੱਕ-ਸੁਰ ਸਾਥੀਆਂ ਦੀ ਪਹੁੰਚ ਨਾ਼ਲ ਉਸਰਿਆ ਜਨਤਕ ਉਭਾਰ, ਉਹ ਆਪ ਵੇਖਣ ਤਾਂ ਨਹੀਂ ਆਵੇਗਾ ਪਰ ਉਸਦੇ ਉਸ ਸਿਧਾਂਤ ਦੀ ਮਹਿਕ ਫ਼ਿਜ਼ਾ ਨੂੰ ਮਹਿਕਾਉਂਦੀ ਰਹੇਗੀ। ਪਿੱਛੇ ਰਹਿ ਗਏ ਉਸ ਦੇ ਸਾਥੀ ਉਸ ਵੱਲੋਂ ਰਹਿ ਗਿਆ ਪਾੜਾ ਵੀ ਮੇਟ ਲੈਣਗੇ। ਪਰ ਹਰਭਜਨ ਆਪਣੇ ਚਾਹੁਣ ਵਾਲਿਆਂ ਦੇ ਸੀਨਿਆਂ ਵਿਚ ਧੜਕਦਾ ਰਹੇਗਾ'

'ਬਰਫਾਂ ਬਣੀਆਂ ਸੋਚਾਂ ਤਾਈਂ, ਸੂਰਜ ਉਹ ਗਰਮਾਵਣ'

ਸੋਚਾਂ ਦੀਆਂ ਹੁਣ ਉੱਗਣ ਫਸਲਾਂ, ਹਰ ਬੰਨੇ ਲਹਿਰਾਵਣ।'

'ਪੰਜਾਬ ਟਾਈਮਜ਼' ਦਾ ਅਤਰਜੀਤ ਦੀ ਅਜਿਹੀ ਬਹੁਮੁੱਲੀ ਲਿਖਤ ਨੂੰ ਥਾਂ ਦੇਣ ਲਈ ਬਹੁਤ ਬਹੁਤ ਧੰਨਵਾਦ। ਅਗੇ ਤੋਂ ਵੀ ਅਜਿਹੀਆਂ ਲਿਖਤਾਂ ਦੀ ਉਡੀਕ ਰਹੇਗੀ।...ਧੰਨਵਾਦ

***-ਜਗਮੀਤ ਸਿੰਘ ਪੰਧੇਰ, ਕੈਲਗਰੀ***
***ਫੋਨ: +1 403 439 2008***




ਅਟੱਲ ਪਰਿਵਾਰ ਵਲੋਂ ਆਪ ਸਭ ਨੂੰ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ!

ਸਾਡੇ ਪਰਿਵਾਰ ਵਲੋਂ ਬੰਦੀ ਛੋੜ ਦਿਵਸ ਅਤੇ ਦੀਵਾਲੀ ਨੂੰ ਸਮਰਪਿਤ ਕੀਰਤਨ ਅਤੇ ਲੰਗਰ ਗੁਰਦੁਆਰਾ ਪੈਲਾਟਾਈਨ ਵਿਖੇ
21 ਅਕਤੂਬਰ, ਦਿਨ ਮੰਗਲਵਾਰ ਨੂੰ ਸ਼ਾਮ 6:30 ਵਜੇ
ਕਰਵਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਕੀਰਤਨ ਦਰਬਾਰ ਵਿਚ ਹਾਜ਼ਰੀਆਂ ਭਰੋ ਅਤੇ ਦੀਵਾਲੀ ਦੇ ਪਵਿੱਤਰ ਤਿਉਹਾਰ 'ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਵੱਲੋਂ: ਸ. ਸਵੀ ਸਿੰਘ ਅਟੱਲ ਅਤੇ ਸਮੂਹ ਅਟੱਲ ਪਰਿਵਾਰ।



ਮੇਰੇ ਵਲੋਂ ਆਪ ਸਭ ਨੂੰ ਪਵਿੱਤਰ ਤਿਓਹਾਰ ਦੀਵਾਲੀ ਦੀਆਂ ਲੱਖ ਲੱਖ ਮੁਬਾਰਕਾਂ!!

ਆਓ ਇਸ ਦੀਵਾਲੀ 'ਤੇ ਆਪਣੀ ਕਿਸੇ ਇਕ ਖਾਹਿਸ਼ 'ਤੇ ਰੋਕ ਲਗਾ ਕੇ ਕਿਸੇ ਲੋੜਵੰਦ ਦੀ ਜ਼ਰੂਰਤ ਪੂਰੀ ਕਰੀਏ ਕਿਉਂਕਿ ਖਾਹਿਸ਼ਾਂ ਕਦੀ ਵੀ ਪੂਰੀਆਂ ਨਹੀਂ ਹੁੰਦੀਆਂ, ਪਰ ਕਿਸੇ ਦੀ ਜ਼ਰੂਰਤ ਪੂਰੀ ਕੀਤੀ ਜਾ ਸਕਦੀ ਹੈ।

ਵੱਲੋਂ: ਰੂਪੀ ਕੌਰ (ਰੀਅਲ ਅਸਟੇਟ ਬਰੋਕਰ)



# 'ਧੀਆਂ' - ਸੁਪਰੀਮ ਕੋਰਟ ਦੀ ਜੱਜ ਨਾਗਰਤਨਾ ਨੇ ਦੁਖਦੀ ਰਗ 'ਤੇ ਰੱਖਿਆ ਹੱਥ

ਸੁਪਰੀਮ ਕੋਰਟ ਦੀ ਇਕਲੌਤੀ ਮਹਿਲਾ ਜੱਜ ਜਸਟਿਸ ਬੀ.ਵੀ. ਨਾਗਰਤਨਾ ਨੇ ਦੇਸ਼ ਵਿਚ ਬਾਲੜੀਆਂ ਨੂੰ ਦਰਪੇਸ਼ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਦੁਖਦੀ ਰਗ 'ਤੇ ਹੱਥ ਰੱਖਿਆ ਹੈ।

ਯੂਨੀਸੈਫ ਅਤੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਸੁਪਰੀਮ ਕੋਰਟ ਦੀ ਕਿਸ਼ੋਰ ਨਿਆਂ ਕਮੇਟੀ ਵਲੋਂ ਕਰਵਾਏ ਗਏ 'ਕੁੜੀਆਂ ਦੀ ਸੁਰੱਖਿਆ-ਭਾਰਤ ਵਿਚ ਉਨ੍ਹਾਂ ਲਈ ਸੁਰੱਖਿਅਤ ਅਤੇ ਸਮਰੱਥ ਵਾਤਾਵਰਨ ਵੱਲ' ਵਿਸ਼ੇ 'ਤੇ ਦੋ-ਦਿਨਾਂ ਸਾਲਾਨਾ ਸਲਾਹ-ਮਸ਼ਵਰੇ ਦੇ ਸਮਾਗਮ ਮੌਕੇ ਸ਼ਨਿੱਚਰਵਾਰ ਨੂੰ ਜਸਟਿਸ ਨਾਗਰਤਨਾ, ਜੋ ਇਸ ਕਮੇਟੀ ਦੇ ਪ੍ਰਧਾਨ ਹਨ, ਨੇ ਕਿਹਾ ਕਿ 'ਦੇਸ਼ ਵਿਚ ਇੱਕ ਬੱਚੀ ਨੂੰ ਸਭ ਤੋਂ ਪਹਿਲੀ ਰੋਕ ਦਾ ਜੋ ਸਾਹਮਣਾ ਕਰਨਾ ਪੈਂਦੈ ਉਹ ਤਾਂ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਉਸ ਦਾ ਜਨਮ ਲੈਣਾ ਹੀ ਹੈ। ਇਹ ਬਦਕਿਸਮਤੀ ਵਾਲੀ ਵਾਸਤਵਿਕਤਾ ਹੈ ਕਿ ਕਈ ਪਰਿਵਾਰ ਤਾਂ ਇਹ ਸੁਣ ਕੇ ਕਿ ਜਨਮ ਲੈਣ ਵਾਲਾ ਬੱਚਾ ਲੜਕਾ ਨਹੀਂ ਸਗੋਂ ਲੜਕੀ ਹੈ ਨਿਰਾਸ਼ਾ ਜਾਂ ਸਹਿਮ ਜਿਹਾ ਮਹਿਸੂਸ ਕਰਦੇ ਹਨ'।

ਸਾਨੂੰ ਇਥੇ ਪੰਜਾਬੀ ਦੀਆਂ ਲੋਕ-ਗਾਥਾਈ ਗਾਇਕ ਭੈਣਾਂ ਸੁਰਿੰਦਰ ਕੌਰ ਅਤੇ ਪਰਕਾਸ਼ ਕੌਰ ਦੀ ਜੋੜੀ ਦਾ ਗਾਇਆ ਉਹ ਉਦਾਸਕੁਨ ਅਮਰ ਗੀਤ ਯਾਦ ਆ ਗਿਆ ਜਿਸ ਦੀਆਂ ਪਹਿਲੀਆਂ ਸਤਰਾਂ ਹਨ-'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ ਕੋਈ ਕਰਦੀਆਂ ਗਲੋੜੀਆਂ/ਨੀ ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ"।

ਬੇਸ਼ਕ ਅਜੋਕੇ ਦੌਰ ਵਿਚ ਧੀਆਂ, ਪੁੱਤਾਂ ਨਾਲੋਂ ਘੱਟ ਨਹੀਂ ਅਤੇ ਕੁੜੀਆਂ ਹਰ ਖੇਤਰ ਵਿਚ ਮੱਲਾਂ ਮਾਰ ਰਹੀਆਂ ਹਨ ਪਰ ਸਾਡੀ 'ਪੁੱਤਰ-ਪਹਿਲ' ਦੀ ਮਾਨਸਿਕਤਾ ਬਹੁਤੀ ਨਹੀਂ ਬਦਲੀ। ਲਗਭਗ ਹਰ ਦੰਪਤੀ ਦੀ ਪ੍ਰਾਥਮਿਕਤਾ ਪੁੱਤਰ-ਪ੍ਰਾਪਤੀ ਹੁੰਦੀ ਹੈ। ਪੁੱਤਰ ਉਪਰੰਤ ਧੀ ਜਨਮ ਲੈ ਲਵੇ ਤਾਂ ਬਹੁਤਾ 'ਮਾਈਂਡ' ਨਹੀਂ ਕੀਤਾ ਜਾਂਦਾ। ਕਈ ਦੰਪਤੀ ਤਾਂ 'ਜੋੜੀਆਂ' ਬਣਾਉਂਦੇ ਹਨ, ਜਿਵੇਂ ਉਨ੍ਹਾਂ ਨੂੰ ਹਲੀਂ ਜੋੜਨਾ ਹੋਵੇ। ਧੀ ਬੇਸ਼ਕ ਮੋਹ-ਮੁਹੱਬਤ ਹੀ ਵੰਡਦੀ ਐ ਤੇ ਕਈ ਪੁੱਤਰ ਭਾਵੇਂ ਹਿੱਕ ਤੇ ਚੜ੍ਹ ਕੇ ਮੂੰਗ ਹੀ ਦਲਣ, ਪਰ ਸਾਡੀ ਮਾਨਸਿਕਤਾ ਵਿਚ ਤਿੜਕੇ ਤਵੇ 'ਚ ਫਸੀ ਸੂਈ ਵਾਂਗ 'ਪੁੱਤਰ-ਮੋਹ' ਅੜਿਆ ਹੋਇਐ। ਇਸੇ ਗੱਲ ਵਲ ਹੀ ਜਸਟਿਸ ਨਾਗਰਤਨਾ ਨੇ ਸਾਡਾ ਧਿਆਨ ਕੇਂਦਰਤ ਕੀਤਾ ਹੈ।

ਆਪਣੇ ਸੰਬੋਧਨ ਨੂੰ ਅਗੇ ਤੋਰਦਿਆਂ ਉਨ੍ਹਾਂ ਕਿਹਾ ਕਿ 'ਭਾਰਤ ਵਿਚ ਇਕ ਯੁਵਤੀ ਸੱਚਮੁਚ ਉਦੋਂ ਹੀ ਬਰਾਬਰ ਦੀ ਨਾਗਰਿਕ ਸਮਝੀ ਜਾਵੇਗੀ ਜਦੋਂ ਉਹ ਕਿਸੇ ਉਸ ਗੱਲ ਨੂੰ ਹਾਸਲ ਕਰਨ ਲਈ ਆਜ਼ਾਦਾਨਾ ਤੌਰ 'ਤੇ ਚਾਹ/ਉਮੰਗ ਰਖ ਸਕੇਗੀ ਅਤੇ ਉਹ, ਬਿਨਾ ਲਿੰਗ ਭੇਦ-ਭਾਵ ਦੇ, ਉਸ ਕਿਸਮ ਦੀ ਸਹਾਇਤਾ ਅਤੇ ਸਰੋਤ ਪ੍ਰਾਪਤ ਕਰ ਸਕੇਗੀ, ਜੋ ਉਸ ਦੇ ਬਰਾਬਰ ਦਾ ਯੁਵਕ ਹਾਸਲ ਕਰ ਸਕਦੈ'।

ਉਨ੍ਹਾਂ ਹੋਰ ਕਿਹਾ, "ਜੇ ਮੈਂ ਆਪਣੀ ਗੱਲ ਨੂੰ ਜ਼ਰਾ ਵੱਖਰੇ ਰੂਪ 'ਚ ਕਹਾਂ ਤਾਂ ਬਾਲੜੀ ਦੇ ਜੰਮਣ ਵੇਲੇ ਦੀ ਬਿਖਮਤਾ,ਸਹੀ ਪੌਸ਼ਟਿਕਤਾ, ਦੇਖ-ਭਾਲ, ਸਿੱਖਿਆ ਅਤੇ ਪਦਾਰਥਕ ਸਰੋਤਾਂ, ਇੱਕ ਸੁਰੱਖਿਅਤ-ਸਲਾਮਤੀ ਵਾਲਾ ਵਾਤਾਵਰਨ ਮਿਲਣਾ, ਆਪਣੀ ਵਿਸ਼ੇਸ਼ ਪਛਾਣ ਵਿਕਸਤ ਕਰਨਾ ਅਤੇ ਉਹ ਕੁਝ ਪ੍ਰਾਪਤ ਕਰਨਾ ਜੋ ਉਹ ਚਾਹੁੰਦੀ ਹੈ ਅਤੇ ਜੋ ਇਸ ਦੇਸ਼ ਵਿਚ ਜਨਮ ਲੈਣ ਵਾਲਾ ਲੜਕਾ ਹਾਸਲ ਕਰ ਸਕਦਾ ਹੈ ਉਸ ਦੇ ਬਰਾਬਰ ਹਾਸਲ ਕਰਨਾ' ਬਾਲੜੀ ਲਈ ਇਕ ਚੁਣੌਤੀ ਹੈ।


ਉਨ੍ਹਾਂ ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ ਵਾਂਗ ਕਿਹਾ, 'ਉਹ (ਬਾਲੜੀ) ਸਿਰਫ ਬਚੇ/ਜੀਵਤ ('ਸਰਵਾਇਵ') ਹੀ ਨਾ ਰਹੇ ਸਗੋਂ ਪ੍ਰਭਾਵਸ਼ਾਲੀ/ ਕਿਰਿਆਸ਼ੀਲ ਢੰਗ ਨਾਲ ਪ੍ਰਫੁੱਲਤ ਹੋਵੇ/ਫਲੇ-ਫੁਲੇ ('ਥਰਾਇਵ')"!

ਇਸ ਸਮਾਗਮ ਵਿਚ ਦੇਸ਼ ਦੀ ਸਰਵਉੱਚ ਅਦਾਲਤ ਦੇ ਚੀਫ਼ ਜਸਟਿਸ ਬੀ.ਆਰ. ਗਵਈ, ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਅੰਨਪੂਰਨਾ ਦੇਵੀ, ਸੁਪਰੀਮ ਕੋਰਟ ਦੇ ਜੱਜ ਜਸਟਿਸ ਜੇ.ਬੀ. ਪਾਰਦੀਵਾਲਾ, ਜੋ ਕਿਸ਼ੋਰ ਨਿਆਂ ਕਮੇਟੀ ਦੇ ਮੈਂਬਰ ਹਨ, ਅਤੇ ਹੋਰ ਜੱਜ ਸ਼ਾਮਲ ਸਨ।

ਉਨ੍ਹਾਂ ਦੀ ਹਾਜ਼ਰੀ ਵਿਚ ਆਪਣੀ ਗੱਲ ਅਗੇ ਤੋਰਦਿਆਂ ਜਸਟਿਸ ਨਾਗਰਤਨਾ ਨੇ ਦੇਸ਼ ਵਿਚ ਲਿੰਗ ਅਨੁਪਾਤ ਵਿਚਲੇ ਖੱਪੇ ਉਪਰ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਕੁਝ ਰਾਜਾਂ ਵਿਚ ਸੰਭਾਵੀ ਭਰੂਣ ਹੱਤਿਆ ਅਤੇ ਬਾਲੜੀ ਹੱਤਿਆ ਕਾਰਨ ਲਿੰਗ ਅਨੁਪਾਤ ਵਿਗੜ ਰਿਹਾ ਹੈ ਤੇ ਲੜਕੀ-ਲੜਕੇ ਦੇ ਅਨੁਪਾਤ ਵਿਚ ਗਿਰਾਵਟ ਆ ਰਹੀ ਹੈ। ਉਨ੍ਹਾਂ ਮੰਨਿਆ ਕਿ ਦੇਸ਼ ਵਿਚ ਲਿੰਗ ਅਨੁਪਾਤ (0-6 ਉਮਰ ਗਰੁੱਪ) 'ਚ ਮਾਮੂਲੀ ਸੁਧਾਰ ਹੋਇਆ ਤੇ ਇਹ 2011 ਦੀ ਮਰਦਮਸ਼ੁਮਾਰੀ ਵੇਲੇ ਦੇ 1000 ਮੁੰਡਿਆਂ ਪਿਛੇ 914 ਕੁੜੀਆਂ ਤੋਂ ਹੁਣ 1000 ਲੜਕਿਆਂ ਪਿਛੇ 929 ਕੁੜੀਆਂ ਹੋਇਐ ਤੇ ਇਹ 'ਅੰਕੜਾ ਰਾਸ਼ਟਰੀ ਪਰਿਵਾਰਿਕ ਸਿਹਤ ਸਰਵੇਖਣ-5' ਉੱਪਰ ਅਧਾਰਤ ਹੈ। ਪਰ ਨਾਲ ਹੀ ਕੁਝ ਰਾਜਾਂ 'ਚ ਇਹ ਅਨੁਪਾਤ ਹੋਰ ਘਟਣ ਦੀਆਂ ਚਿੰਤਾਜਨਕ ਰਿਪੋਰਟਾਂ ਵੀ ਆਈਆਂ ਹਨ, ਜਿਸ ਦਾ ਕਾਰਨ ਸੰਭਾਵੀ ਭਰੂਣ ਹੱਤਿਆ ਅਤੇ ਬਾਲੜੀ ਹੱਤਿਆ ਹੋ ਸਕਦੈ ਪਰ ਕਈ ਹੋਰ ਰਾਜਾਂ 'ਚ ਇਸ ਸਬੰਧੀ ਸੁਧਾਰ ਵੀ ਹੋਇਐ ਜਿਸ ਦੀ ਉਨ੍ਹਾਂ ਸ਼ਲਾਘਾ ਕੀਤੀ।

ਉਨ੍ਹਾਂ ਨੇ ਬਾਲੜੀ ਲਈ ਸਹੀ ਪੌਸ਼ਟਿਕ ਖੁਰਾਕ ਨਾਲ ਦੇਖ-ਭਾਲ ਕੀਤੇ ਜਾਣ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਪੌਸ਼ਟਿਕ ਖੁਰਾਕ ਬਿਨਾ ਬਾਲੜੀ ਨੂੰ ਉੱਚਾ ਚੁੱਕਣ/ਉੱਨਤੀ ਦੀਆਂ ਸਭ ਕੋਸ਼ਿਸ਼ਾਂ ਨਿਹਫਲ ਹੋ ਜਾਣਗੀਆਂ।

ਉਨ੍ਹਾਂ ਨੇ ਬਾਲ-ਵਿਆਹ ਦੇ ਮਾਮਲਿਆਂ 'ਚ ਇਕਸਾਰ ਗਿਰਾਵਟ ਆਉਣ ਸਬੰਧੀ ਸਰਵੇਖਣ ਵਿਚਲੇ ਰਚਨਾਤਮਕ ਰੁਝਾਨਾਂ ਦੀ ਚਰਚਾ ਵੀ ਕੀਤੀ।



*ਭਾਰਤ ਵਿਚ ਲੜਕੀਆਂ ਦੀ ਹਾਲਤ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਜਸਟਿਸ ਬੀ.ਵੀ. ਨਾਗਰਤਨਾ।*

ਜਸਟਿਸ ਨਾਗਰਤਨਾ ਦੀ ਧੀਆਂ ਬਾਰੇ ਪ੍ਰਗਟਾਈ ਚਿੰਤਾ ਤੋਂ ਸਾਨੂੰ ਸਭ ਨੂੰ ਚਿੰਤਾਤੁਰ ਵੀ ਹੋਣਾ ਚਾਹੀਦੈ ਤੇ ਸੁਚੇਤ ਵੀ ਅਤੇ ਧੀਆਂ ਦੇ ਜਨਮ ਸਮੇਂ ਸੋਗਵਾਰ ਹੋਣ ਦੀ ਬਜਾਏ ਉਨ੍ਹਾਂ ਨੂੰ ਬਰਾਬਰ ਦੀ ਸੰਤਾਨ ਦਾ ਵਰਦਾਨ ਮੰਨ ਕੇ ਉਨ੍ਹਾਂ ਦੇ ਪਾਲਣ-ਪੋਸ਼ਣ, ਪੜ੍ਹਾਈ-ਲਿਖਾਈ ਅਤੇ ਜੀਵਨ ਵਿਚ ਕੁਝ ਪ੍ਰਾਪਤ ਕਰ ਸਕਣ ਦੇ ਸਮਰੱਥ ਬਣਾਉਣ ਲਈ ਹਰ ਸਾਰਥਕ ਉਪਰਾਲਾ ਕਰਨਾ ਚਾਹੀਦੈ।

ਇਸੇ ਹੀ ਸਮਾਗਮ ਦੇ ਉਦਘਾਟਨੀ ਭਾਸ਼ਣ ਵਿਚ ਸੁਪਰੀਮ ਕੋਰਟ ਦੇ ਮੁੱਖ ਨਿਆਂਇਧੀਸ਼ ਜਸਟਿਸ ਬੀ.ਆਰ.ਗਵਈ ਨੇ ਲੜਕੀਆਂ ਨੂੰ ਦਰਪੇਸ਼ ਡਿਜੀਟਲ ਦੌਰ ਦੀਆਂ ਚੁਣੌਤੀਆਂ ਤੇ ਖ਼ਤਰਿਆਂ ਦੀ ਵਿਸਥਾਰ ਨਾਲ ਚਰਚਾ ਕੀਤੀ।

ਉਨ੍ਹਾਂ ਕਿਹਾ ਕਿ ਡਿਜੀਟਲ ਯੁਗ ਵਿਚ ਲੜਕੀਆਂ ਸਭ ਤੋਂ ਵੱਧ ਅਸੁਰੱਖਿਅਤ ਹਨ। ਉਨ੍ਹਾਂ ਆਨਲਾਈਨ ਤੰਗ ਕਰਨ, ਸਾਈਬਰ ਧਮਕੀਆਂ, ਡਿਜੀਟਲ ਸਟਾਕਿੰਗ, ਨਿੱਜੀ ਡੇਟਾ ਦੀ ਦੁਰਵਰਤੋਂ ਅਤੇ ਡੀਪਫੇਕ ਤਸਵੀਰਾਂ ਕਾਰਨ ਲੜਕੀਆਂ ਨੂੰ ਹੋ ਰਹੀਆਂ ਪ੍ਰੇਸ਼ਾਨੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਜ਼ੋਰ ਦਿਤਾ ਕਿ ਨੀਤੀ ਨਿਰਧਾਰਕਾਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਵਿਸ਼ੇਸ਼ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਤੇ ਵਿਸ਼ੇਸ਼ ਸਿਖਲਾਈ ਦਿਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਸ ਗੱਲ ਉਪਰ ਚਿੰਤਾ ਪ੍ਰਗਟਾਈ ਕਿ ਲੜਕੀਆਂ ਨੂੰ ਸੰਵਿਧਾਨਕ ਗਰੰਟੀ ਦੇ ਬਾਵਜੂਦ ਮੁਢਲੇ ਹੱਕਾਂ ਲਈ ਜੂਝਣਾ ਪੈਂਦਾ ਹੈ ਅਤੇ ਇਨ੍ਹਾਂ ਹੱਕਾਂ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ।

ਜਸਟਿਸ ਗਵਈ ਨੇ ਕਿਹਾ,'ਬਾਲੜੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਿਰਫ ਉਨ੍ਹਾਂ ਦੇ ਸਰੀਰ ਦੀ ਰੱਖਿਆ ਕਰਨਾ ਨਹੀਂ ਸਗੋਂ ਉਸ ਦੀ ਆਤਮਾ ਨੂੰ ਆਜ਼ਾਦ ਕਰਨਾ ਹੈ। ਇਕ ਅਜਿਹਾ ਸਮਾਜ ਬਣਾਉਣਾ ਹੈ ਜਿਥੇ ਉਹ ਸਨਮਾਨ ਨਾਲ ਆਪਣਾ ਸਿਰ ਉੱਚਾ ਰੱਖ ਸਕੇ ਅਤੇ ਉਸ ਦੀਆਂ ਖ਼ਾਹਿਸ਼ਾਂ ਸਿੱਖਿਆ ਅਤੇ ਬਰਾਬਰੀ ਨਾਲ ਪੂਰੀਆਂ ਹੋਣ। ਸਾਨੂੰ ਮਰਦ-ਪ੍ਰਧਾਨ ਰੀਤੀ-ਰਿਵਾਜਾਂ ਦਾ ਸਾਹਮਣਾ ਕਰਨਾ ਹੋਵੇਗਾ ਅਤੇ ਉਨ੍ਹਾਂ 'ਤੇ ਜਿੱਤ ਹਾਸਲ ਕਰ ਕੇ ਲੜਕੀਆਂ ਨੂੰ ਢੁਕਵਾਂ ਸਥਾਨ ਦੇਣਾ ਪਵੇਗਾ"।

ਉਨ੍ਹਾਂ ਨੇ ਮਸ਼ਹੂਰ ਸਾਹਿਤਕਾਰ ਰਬਿੰਦਰਨਾਥ ਟੈਗੋਰ ਦੀ ਪ੍ਰਸਿਧ ਕਵਿਤਾ 'ਜਿਥੇ ਮਨ ਭੈਅ-ਮੁਕਤ ਹੋਵੇ' (ਵੇਅਰ ਦਿ ਮਾਈਂਡ ਇਜ਼ ਵਿਦਾਊਟ ਫੀਅਰ' ਨੂੰ ਯਾਦ ਕਰਦਿਆਂ ਕਿਹਾ ਕਿ ਇਸ ਕਵਿਤਾ ਵਿਚ ਉਸ ਹਰ ਗਲ ਦਾ ਸਾਰ ਹੈ ਜੋ ਬਾਲੜੀਆਂ ਦੀ ਸੁਰੱਖਿਆ ਹਾਸਲ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਸ਼ਾਂ 'ਚ ਹੈ। ਉਨ੍ਹਾਂ ਕਿਹਾ ਕਿ ਇਹ ਸੁਪਨਾ ਉਦੋਂ ਤਕ ਅਧੂਰਾ ਰਹੇਗਾ ਜਦੋਂ ਤਕ ਦੇਸ਼ 'ਚ ਕੋਈ ਵੀ ਲੜਕੀ ਡਰ ਦੇ ਮਾਹੌਲ 'ਚ ਰਹੇਗੀ।

ਜਸਟਿਸ ਗਵਈ ਨੇ ਇਸ ਗੱਲ 'ਤੇ ਜ਼ੋਰ ਦਿਤਾ ਕਿ ਪੁਲਿਸ ਅਧਿਕਾਰੀਆਂ, ਸਿਹਤ ਮਾਹਿਰਾਂ ਅਤੇ ਸਥਾਨਕ ਪ੍ਰਸ਼ਾਸਨਾਂ ਲਈ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਲੜਕੀਆਂ ਦੀਆਂ ਮੁਸ਼ਕਲਾਂ ਦਾ ਸੰਜੀਦਗੀ ਨਾਲ ਹੱਲ ਕੱਢ ਸਕਣ।

ਜਸਟਿਸ ਜੇ.ਬੀ. ਪਾਰਦੀਵਾਲਾ ਨੇ ਕਿਹਾ ਕਿ ਲੜਕੀਆਂ ਦੀ ਸੁਰੱਖਿਆ ਦਾ ਮਤਲਬ ਇਹ ਯਕੀਨੀ ਬਣਾਉਣਾ ਹੈ ਕਿ ਹਰ ਲੜਕੀ ਨੂੰ ਆਪਣੀ ਮਰਜ਼ੀ ਨਾਲ ਜੀਊਣ, ਸਿੱਖਣ ਅਤੇ ਵਧਣ-ਫੁਲਣ ਦਾ ਅਧਿਕਾਰ ਮਿਲੇ।

ਇਸ ਸਮਾਗਮ ਸਮੇਂ ਸੁਪਰੀਮ ਕੋਰਟ ਦੇ ਸਨਮਾਨਯੋਗ ਜੱਜਾਂ, ਸਮੇਤ ਮੁੱਖ ਨਿਆਂਇਧੀਸ਼ ਦੇ, ਨੇ ਬੜੀਆਂ ਸਾਰਥਕ ਗੱਲਾਂ ਕੀਤੀਆਂ। ਸਾਨੂੰ ਸਭ ਨੂੰ ਬਾਲੜੀ-ਬਰਾਬਰਤਾ ਅਤੇ ਬਾਲੜੀ ਦੇ ਸੁਲੱਖਣੇ ਜਨਮ, ਸੁਹਣੇ ਜੀਵਨ ਅਤੇ ਸੁਹਿਰਦ ਜੀਵਨ-ਜਾਚ ਸਮੇਂ ਉਸ ਨੂੰ ਸਮਰੱਥ ਬਣਾਉਣ ਲਈ ਸਹਿਯੋਗ ਕਰਨਾ ਚਾਹੀਦਾ ਹੈ।

ਐਵੇਂ ਤਾਂ ਨਹੀਂ ਕਹਿੰਦੇ- 'ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਂਦੀਆਂ ਨੇ'!

# ਭਾਊਆਂ ਦੇ ਨਾਨਕੇ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਬਤੌਰ ਡਰਾਈਵਰ ਸਾਡੀ ਰੇਲ ਜਦੋਂ ਵੀ ਫਾਟਕ ਕੋਲ ਬਣੇ ਉਸ ਫਾਰਮ ਹਾਊਸ ਕੋਲ ਅੱਪੜਦੀ ਤਾਂ ਖੁਸ਼ੀ ਵਿਚ ਨੱਚਦੇ ਹੋਏ ਕਿੰਨੇ ਸਾਰੇ ਨਿਆਣੇ ਵੇਖ ਮੇਰਾ ਮਨ ਖਿੜ ਜਾਇਆ ਕਰਦਾ..!

ਮੈਂ ਵੀ ਕੋਲੇ ਵਾਲੇ ਇੰਜਣ ਦੀ ਲੰਮੀ ਸੀਟੀ ਵਜਾ ਕੇ ਓਹਨਾਂ ਦੀ ਖੁਸ਼ੀ ਵਿਚ ਸ਼ਾਮਿਲ ਹੋ ਜਾਇਆ ਕਰਦਾ..!

ਇੱਕ ਵੇਰ ਇੰਜਣ ਐਨ ਓਥੇ ਖਰਾਬ ਹੋ ਗਿਆ..!

ਮਕੈਨਿਕ ਅੰਮ੍ਰਿਤਸਰੋਂ ਆਉਣੇ ਸਨ..ਘੜੀ ਲੱਗ ਜਾਣੀ ਸੀ..ਮੈਂ ਹੇਠਾਂ ਉੱਤਰ ਓਸੇ ਘਰ ਚਲਾ ਗਿਆ...ਬੜੀ ਸੇਵਾ ਕੀਤੀ...ਗੱਲਾਂ ਗੱਲਾਂ ਵਿਚ ਨਾਨਕੇ ਰਿਸ਼ਤੇਦਾਰੀ ਵੀ ਨਿੱਕਲ ਆਈ...!

ਮਗਰੋਂ ਸਾਰੇ ਮਹਿਕਮੇਂ ਵਿਚ ਵੀ ਉਹ ਘਰ "ਭਾਊ ਦੇ ਨਾਨਕੇ" ਕਰਕੇ ਮਸ਼ਹੂਰ ਹੋ ਗਿਆ...!

ਕੋਟ ਖਾਲਸਾ ਦਾ ਹੋਣ ਕਰਕੇ ਸਾਰੇ ਮੈਨੂੰ ਭਾਉ ਆਖ ਸੱਦਿਆ ਕਰਦੇ ਸਨ...ਚੁਰਾਸੀ ਪਚਾਸੀ ਵੇਲੇ ਵੇਖਦਾ ਉਹ ਘਰ ਅਕਸਰ ਹੀ ਪੁਲਿਸ, ਸੀ.ਆਰ.ਪੀ. ਨੇ ਘੇਰਿਆ ਹੁੰਦਾ...ਸ਼ਾਇਦ ਕੌਮੀ ਸੇਵਾ ਵਿਚ ਲੱਗਿਆ ਕੋਈ ਰੂਪੋਸ਼ ਹੋ ਗਿਆ ਸਰਕਾਰ ਨੂੰ ਲੁੜੀਂਦਾ ਸੀ!

ਇੱਕ ਦਿਨ ਯੂਨੀਅਨ ਦੇ ਇੱਕ ਡਰਾਈਵਰ ਨੇ ਦੱਸਿਆ ਕਿ ਦਿਨ ਢਲੇ ਓਸੇ ਘਰ ਗੋਲੀ ਚਲ ਰਹੀ ਸੀ...ਦੂਰ ਪਟੜੀ ਤੱਕ ਪੁਲਿਸ ਹੀ ਪੁਲਿਸ ਸੀ...!

ਨਾਲ ਹੀ ਟਿਚਕਰ ਜਿਹੀ ਵੀ ਕੀਤੀ...ਜਿਸ ਹਿਸਾਬ ਨਾਲ ਘੇਰਾ ਏ...ਲੱਗਦਾ "ਭਾਊ ਦੇ ਨਾਨਕੇ" ਅੱਜ ਉੱਜੜ ਜਾਣੇ...!

ਮੈਂ ਰੋਹ ਵਿਚ ਆ ਗਿਆ...ਆਖਿਆ ਜਿੰਨੀ ਦੇਰ ਦਸਮ ਪਿਤਾ...ਬਾਬਾ ਦੀਪ ਸਿੰਘ ਅਤੇ ਤੀਰ ਵਾਲੇ ਦੀ ਮੇਹਰ ਏ..."ਭਾਊਆਂ ਦੇ ਨਾਨਕੇ" ਕਦੇ ਨਹੀਂ ਉੱਜੜ ਸਕਦੇ...!

ਛੇਤੀ ਮਗਰੋਂ ਹੀ ਮੇਰੀ ਬਦਲੀ ਅੰਬਾਲੇ ਡਿਵੀਜ਼ਨ ਹੋ ਗਈ...ਮੇਰਾ ਪਰਿਵਾਰ ਵੀ ਚੰਡੀਗੜ੍ਹ ਸ਼ਿਫਟ ਹੋ ਗਿਆ...ਫੇਰ ਮਗਰੋਂ ਓਥੋਂ ਹੀ ਰਿਟਾਇਰਮੈਂਟ ਵੀ ਹੋ ਗਈ!

ਕੁਝ ਵਰ੍ਹਿਆਂ ਮਗਰੋਂ ਕਨੇਡਾ ਆਉਣ ਕਰਕੇ ਸਾਰਾ ਕੁਝ ਹੀ ਬਦਲ ਜਿਹਾ ਗਿਆ...!

ਕਈ ਵੇਰ ਮੇਰਾ ਅਤੀਤ ਸੁਫਨਾ ਬਣ ਮੇਰੇ ਸਾਮਣੇ ਆਣ ਖਲੋਂਦਾ ਤੇ ਜੀ ਕਰਦਾ ਉੱਡ ਕੇ ਮਾਝੇ ਦੇ ਓਸੇ ਇਲਾਕੇ ਵਿਚ ਅੱਪੜ ਜਾਵਾਂ!



ਕਿੰਨੇ ਵਰ੍ਹਿਆਂ ਬਾਅਦ ਦੰਦ ਲਵਾਉਣ ਅਤੇ ਹੋਰ ਨਿੱਕੇ ਮੋਟੇ ਕੰਮ ਕਰਾਉਣ ਕੱਲ੍ਹੇ ਨੂੰ ਹੀ ਏਧਰ ਆਉਣਾ ਪਿਆ...ਕਾਰ ਡਰਾਈਵਰ ਦਾ ਪੱਕਾ ਬੰਦੋਬਸਤ ਕਰ ਦਿੱਤਾ ਗਿਆ ਸੀ...!

ਅੰਮ੍ਰਿਤਸਰ ਦਾ ਬਦਲਿਆ ਹੋਇਆ ਮੁਹਾਂਦਰਾਂ ਵੇਖ ਹੌਲ ਜਿਹਾ ਪਿਆ...ਡਰਾਈਵਰ ਨੂੰ ਆਖਿਆ ਗੱਡੀ ਬਟਾਲੇ ਸ਼ਹਿਰ ਵੱਲ ਨੂੰ ਮੋੜ ਲਵੇ...ਓਥੇ ਵੀ ਕੁਝ ਵੇਖਣਾ!

ਓਥੇ ਅੱਪੜੇ...ਕਿੰਨਾ ਕੁਝ ਬਦਲ ਗਿਆ ਸੀ...ਮਾਹੌਲ, ਰਹਿਣ-ਸਹਿਣ, ਗੱਡੀਆਂ, ਖੇਤ, ਟਿਊਬਵੈੱਲਾਂ ਦਾ ਮੂੰਹ ਮੁਹਾਂਦਰਾ...ਸਭ ਕੁਝ!

ਝੰਡੇ ਪਿੰਡ ਰੇਲ ਫਾਟਕ ਕੋਲ ਕਾਰ ਰੁਕਵਾ ਲਈ...ਪਟੜੀ ਦੇ ਨਾਲ ਨਾਲ ਕੱਲਾ ਹੀ ਤੁਰਨ ਲੱਗ ਪਿਆ...ਇੱਕਦਮ ਠੇਡਾ ਲੱਗਾ ਤੇ ਮਸੀਂ ਸੰਭਲ ਕੁਝ ਕਦਮ ਹੋਰ ਤੁਰਿਆ...ਅਖੀਰ ਪੈਰ ਇੱਕ ਜਗ੍ਹਾ ਰੁਕ ਜਿਹੇ ਗਏ...ਵੱਡੀ ਸਾਰੀ ਫੈਕਟਰੀ ਕੋਲ ਇੱਕ ਆਲੀਸ਼ਾਨ ਦਫਤਰ ਬਣਿਆ ਹੋਇਆ ਸੀ...!

ਕਿਸੇ ਪੁਰਾਣੇ ਘਰ ਦੀ ਇਮਾਰਤ ਲੱਭਦਿਆਂ ਖਿਆਲ ਆਇਆ ਕਿ ਪੈਂਤੀ ਸਾਲ ਥੋੜ੍ਹਾ ਅਰਸਾ ਤੇ ਨਹੀਂ ਹੁੰਦਾ...ਦੋ ਪੀੜ੍ਹੀਆਂ ਦਾ ਸਫ਼ਰ...ਜ਼ਰੂਰ ਭੁਲੇਖਾ ਲੱਗ ਗਿਆ ਹੋਣਾ...ਪਰ ਅਗਲੇ ਹੀ ਪਲ ਦਰਖਤਾਂ ਦੇ ਝੁੰਡ ਵਿਚੋਂ ਕਿਸੇ ਤਰ੍ਹਾਂ ਬਚ ਗਏ ਇੱਕ ਮੋਟੇ ਸਾਰੇ ਬੋਹੜ ਨੇ ਸਾਰੀ ਕਹਾਣੀ ਸਾਫ ਕਰ ਦਿੱਤੀ...!

ਇਸੇ ਹੇਠ ਖਲੋ ਕੇ ਹੀ ਤਾਂ ਨਿੱਕੇ-ਨਿੱਕੇ ਕਿੰਨੇ ਸਾਰੇ ਜਿਊਣ ਜੋਗੇ ਲੰਘਦੀ ਗੱਡੀ ਵੱਲ ਵੇਖ ਟਾ-ਟਾ ਕਰਦੇ ਹੋਏ ਰੌਲਾ ਪਾਇਆ ਕਰਦੇ ਸਨ...!

ਅਤੀਤ ਦੇ ਘੋੜੇ 'ਤੇ ਚੜ੍ਹੇ ਹੋਏ ਦੀਆਂ ਅੱਖੀਆਂ ਕਦੋਂ ਗਿੱਲੀਆਂ ਹੋ ਗਈਆਂ...ਪਤਾ ਹੀ ਨਹੀਂ ਲੱਗਾ!

ਮਗਰ ਤੁਰੇ ਆਉਂਦੇ ਡਰਾਈਵਰ ਨੇ ਪੁੱਛ ਲਿਆ ਬਾਬਾ ਜੀ ਕੀ ਗੱਲ ਹੋਈ...ਅੱਖੀਆਂ ਕਿਓਂ ਪੂੰਝੀ ਜਾਂਦੇ ਓ?

ਆਖਿਆ ਕੁਝ ਨੀ ਪੁੱਤਰ ਬੱਸ "ਭਾਊਆਂ ਦੇ ਨਾਨਕੇ" ਚੇਤੇ ਆ ਗਏ...ਲੱਗਦਾ ਬਦਲਿਆ ਹੋਇਆ ਮਾਹੌਲ ਅਤੇ ਆਹ ਫੈਕਟਰੀ ਹੀ ਉਸਨੂੰ ਖਾ ਗਈ ਏ...!

"ਕਿਹੜੇ ਭਾਊਆਂ ਦੇ ਨਾਨਕੇ"?


ਇਸਤੋਂ ਪਹਿਲਾਂ ਕਿ ਜੁਆਬ ਦੇ ਸਕਦਾ...ਕੋਲੋਂ ਲੰਘਦੀ ਤੇਜ਼ ਰਫਤਾਰ ਗੱਡੀ ਦੀ ਉੱਚੀ ਸਾਰੀ ਅਵਾਜ਼, ਡਰਾਈਵਰ ਦਾ ਕੀਤਾ ਸਵਾਲ ਅਤੇ ਮੇਰਾ ਜਵਾਬ ਦੋਵੇਂ ਹੀ ਨਿਗਲ ਗਈ!

ਫੇਰ ਬਿੜਕ ਜਿਹੀ ਹੋਈ...ਇੰਝ ਲੱਗਾ ਇੱਕ ਜਥਾ ਏਨੀ ਗੱਲ ਆਖ ਕੋਲ ਕਮਾਦ ਅੰਦਰ ਵੜ ਕਿਧਰੇ ਗਾਇਬ ਹੋ ਗਿਆ ਸੀ ਕਿ ਬਾਬਾ...ਭਾਊਆਂ ਦੇ ਨਾਨਕੇ ਤਾਂ ਸਦੀਆਂ ਤੋਂ ਹੀ ਉੱਜੜਦੇ ਆਏ ਨੇ...ਕਦੇ ਆਪਣਿਆਂ ਹੱਥੋਂ ਤੇ ਕਦੀ ਬੇਗਾਨਿਆਂ ਹੱਥੋਂ...ਤੂੰ ਐਵੇਂ ਨਾ ਦਿਲ ਹੌਲਾ ਕਰਿਆ ਕਰ...ਬੱਸ ਕਦੇ ਕਦੇ ਹਾਲ-ਚਾਲ ਪੁੱਛਣ ਆ ਜਾਇਆ ਕਰ...ਅਸੀਂ ਏਧਰ ਹੀ ਹੁੰਨੇ ਹਾਂ...ਕਮਾਦਾਂ, ਜੂਹਾਂ ਤੇ ਬਾਕੀ ਬਚੀਆਂ ਕੱਸੀਆਂ ਦੇ ਕੰਢੇ...ਕੋਲੋਂ ਲੰਘਦੀ ਰੇਲ ਦੇ ਹਰੇਕ ਇੰਝਣ ਵੱਲ ਵੇਖਦੇ ਹੋਏ...!

# ਅਲਵਿਦਾ ਪਿਆਰੇ ਰਾਜਵੀਰ!



ਡਾ. ਆਤਮਜੀਤ
atamjitplaywright@gmail.com



ਉਹਦੀ ਸੂਰਤ ਸੱਚਮੁੱਚ ਸੁਹਣੀ ਸੀ, ਉਹਦੀ ਸੀਰਤ ਸਾਫ਼ ਤੇ ਸੁਥਰੀ ਸੀ, ਉਹਦੀ ਗਾਇਕੀ ਸ਼ਹਿਦ 'ਚ ਗੁੰਨ੍ਹੀ ਹੋਈ ਸੀ ਅਤੇ ਉਸਦੇ ਗੀਤ ਪਾਕੀਜ਼ਗੀ ਦੇ ਪਹਿਰੇਦਾਰ ਸਨ। ਉਹ ਛੋਟੀ ਉਮਰ ਵਾਲਾ ਵੱਡਾ ਗਾਇਕ ਸੀ ਜੋ 37 ਸਾਲਾਂ ਦੀ ਉਮਰੇ ਸਰੀਰਕ ਤੌਰ 'ਤੇ ਸਾਥੋਂ ਵਿਦਾ ਹੋ ਗਿਆ। ਉਹਦੀ ਕਿਸਮਤ ਫ਼ਿੱਕੀ ਸੀ ਪਰ ਪਛਾਣ ਗੂੜ੍ਹੀ ਸੀ। ਉਸਦੀ ਮੌਤ ਇਕ ਹਾਦਸੇ ਵਿਚ ਹੋਈ ਪਰ ਇਹ ਹਾਦਸਾ ਸਿਰਫ਼ ਨਿਜੀ ਜਾਂ ਪਰਿਵਾਰਕ ਨਹੀਂ ਹੈ, ਸਾਡੇ ਸਭਿਆਚਾਰ, ਪਰੰਪਰਾ ਅਤੇ ਲੋਕ-ਵਿਸ਼ਵਾਸ ਨਾਲ ਵੀ ਹੋਇਆ ਹੈ। ਉਹ ਇਸ ਮਿਥਿਆ ਨੂੰ ਪੂਰੀ ਤਰ੍ਹਾਂ ਤੋੜ ਰਿਹਾ ਸੀ ਕਿ ਪੰਜਾਬੀ ਗਾਇਕੀ ਸ਼ੋਰ, ਦਾਰੂ, ਜੱਟ, ਬੰਦੂਕ, ਨੰਗੇਜ਼ ਅਤੇ ਹਿੰਸਾ ਦੇ ਆਸਰੇ ਹੀ ਚੱਲ ਸਕਦੀ ਹੈ। ਇਹ ਮੰਨ ਲਿਆ ਗਿਆ ਸੀ ਕਿ ਜੇਕਰ ਕਮਰਸ਼ੀਅਲ ਤੌਰ 'ਤੇ ਹਿੱਟ ਹੋਣਾ ਹੈ ਤਾਂ ਇਨ੍ਹਾਂ ਗੱਲਾਂ ਦਾ ਆਸਰਾ ਲੈਣਾ ਹੀ ਪਵੇਗਾ, ਨਹੀਂ ਤਾਂ ਤੁਸੀਂ ਪਹਿਲੇ ਦਰਜੇ ਦੇ ਕਮਰਸ਼ੀਅਲ ਗਾਇਕ ਨਹੀਂ ਬਣ ਸਕਦੇ। ਉਹ ਆਪਣੀ ਗਾਇਕੀ ਨਾਲ ਪੰਜਾਬੀ ਦੀ ਅਜੋਕੀ ਗੀਤ-ਸੰਗੀਤ ਇੰਡਸਟਰੀ ਨੂੰ ਇਕ ਨਵੀਂ ਆਸ ਦੇ ਰਿਹਾ ਸੀ। ਸ਼ੁੱਧ ਰੂਪ ਵਿਚ ਲੋਕ-ਗਾਇਕ ਨਾ ਹੁੰਦਿਆਂ ਅਤੇ ਗਾਇਕੀ ਦੇ ਆਧੁਨਿਕ ਅੰਦਾਜ਼ ਵਿਚ ਵਿਚਰਦਿਆਂ ਵੀ ਉਹ ਪਾਪੂਲਰ ਹੋਣ ਦੀ ਜਾਚ ਦਸ ਰਿਹਾ ਸੀ। ਉਹ ਚੁਪ-ਚਪੀਤੇ ਸਾਬਤ ਕਰ ਰਿਹਾ ਸੀ ਕਿ ਸਾਫ਼-ਸੁਥਰੀ ਗਾਇਕੀ ਦਾ ਵੀ ਵੱਡਾ ਮੁੱਲ ਹੁੰਦਾ ਹੈ। ਪਰ ਲੋਕ-ਮਨਾਂ ਤਕ ਪਹੁੰਚਣ ਵਾਸਤੇ ਗੀਤ ਵਿਚ ਸਾਫ਼-ਸੁਥਰਾ ਹੁੰਦਾ ਕੀ ਹੈ, ਇਹ ਵੱਡਾ ਸਵਾਲ ਹੈ। ਜਵੰਦਾ ਇਸ ਦੀ ਵੀ ਬੜੀ ਸਪਸ਼ਟ ਪਰਿਭਾਸ਼ਾ ਸਿਰਜ ਚੁੱਕਾ ਸੀ। ਜੇਕਰ ਉਸਦੇ ਗਾਣੇ ਸੌ ਮਿਲੀਅਨ ਭਾਵ ਦਸ ਕਰੋੜ ਦਰਸ਼ਕਾਂ ਦੀ ਗਿਣਤੀ ਨੂੰ ਛੂਹਣ ਲੱਗ ਪਏ ਸਨ ਤਾਂ ਇਸ ਭੇਦ ਨੂੰ ਸਮਝਣ-ਸਮਝਾਉਣ ਦੀ ਬਹੁਤ ਲੋੜ ਹੈ। ਪੁੱਤਰਾਂ ਜੇਹੇ ਰਾਜਵੀਰ ਨੂੰ ਸ਼ਰਧਾਂਜਲੀ ਦੇਂਦਿਆਂ ਅਸੀਂ ਇਸੇ ਗੱਲ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਾਂਗੇ।

ਗਾਇਕ ਦੀ ਸਫ਼ਲਤਾ ਦਾ ਪਹਿਲਾ ਪੈਮਾਨਾ ਤਾਂ ਉਸਦੀ ਗਾਇਕੀ ਹੀ ਹੈ ਜਿਸ ਵਿਚ ਸੁਰ ਦੀ ਸ਼ੁੱਧਤਾ ਅਤੇ ਤਾਲ ਦੀ ਸਮਝ ਮੁੱਢਲੀਆਂ ਸ਼ਰਤਾਂ ਹਨ। ਬਹੁਤ ਸਾਰੇ ਗਾਇਕਾਂ ਕੋਲ ਇਹ ਗੁਣ ਹੁੰਦੇ ਹਨ। ਉਂਜ ਇਸ ਗੁਣ ਤੋਂ ਬਿਨਾਂ ਵੀ ਗਾਇਕੀ ਹੋ ਰਹੀ ਹੈ, ਕੰਪੋਜ਼ੀਸ਼ਨਾਂ ਨੂੰ ਬਹੁਤ ਸਿੱਧ-ਪਧਰਾ ਰੱਖ ਕੇ ਜਾਂ ਕੰਪਿਊਟਰੀ ਸੋਧਾਂ ਕਰਕੇ। ਪਰ ਅੱਜ ਗੱਲ ਰਾਜਵੀਰ ਦੀ ਕਰਨੀ ਹੈ ਜੋ ਸੁਰ ਅਤੇ ਤਾਲ ਵਿਚ ਬੱਝ ਕੇ ਤਾਰ ਸਪਤਕ ਵਿਚ ਜਾ ਕੇ ਵੀ ਆਸਾਨੀ ਨਾਲ ਗਾ ਸਕਦਾ ਸੀ, ਉਸੇ ਤਰ੍ਹਾਂ ਜਿਵੇਂ ਰਣਜੀਤ ਬਾਵਾ, ਕੁਲਵਿੰਦਰ ਬਿੱਲਾ ਅਤੇ ਨਿੰਜਾ ਵਰਗੇ ਪ੍ਰਮੁੱਖ ਗਾਇਕ ਗਾਉਂਦੇ ਹਨ। ਉਸਦੀ ਆਵਾਜ਼ ਵਿਚ ਦਮ ਵੀ ਸੀ ਅਤੇ ਰਸ ਵੀ। ਮੈਨੂੰ ਨਹੀਂ ਪਤਾ ਕਿ ਉਸਨੇ ਇਹ ਗਾਇਕੀ ਕਿਸ ਕੋਲੋਂ ਸਿੱਖੀ। ਖ਼ਬਰਾਂ ਤਾਂ ਏਹੋ ਦੱਸਦੀਆਂ ਹਨ ਕਿ ਪੁਲੀਸ-ਕਰਮੀ ਪਿਤਾ ਬਚਪਨ ਵਿਚ ਉਹਨੂੰ ਮੇਲਿਆਂ-ਮੁਸਾਵਿਆਂ ਵਿਚ ਲਿਜਾਂਦਾ ਹੁੰਦਾ ਸੀ; ਉੱਥੋਂ ਹੀ ਰਾਜਵੀਰ ਨੂੰ ਚੇਟਕ ਲੱਗੀ। ਪਰ ਇਹ ਗੱਲ ਤੈਅ ਹੈ ਕਿ ਉਸਦੀ ਸ਼ਖ਼ਸੀਅਤ ਵਿਚ ਵੀ ਸਰੋਦ ਸੀ। ਉਸਦੇ ਵਰਤਾਰੇ ਵਿਚ ਲੈਅ ਸੀ ਜੋ ਕੁਦਰਤ ਦੀ ਬਖ਼ਸ਼ਿਸ਼ ਸੀ। ਉਸਦੀ ਆਵਾਜ਼ ਘੱਗੀ ਜਾਂ ਖਰਖਰੀ ਨਹੀਂ ਸੀ, ਉਸਦੀ ਟੋਨ ਵਿਚ ਸਵੱਛਤਾ ਸੀ। ਉਸ ਕੋਲ ਇਸ ਤੋਂ ਵੀ ਵੱਡੀ ਦੌਲਤ ਇਹ ਸੀ ਕਿ ਉਹ ਆਪਣੇ ਸੁਰ, ਤਾਲ ਅਤੇ ਆਵਾਜ਼ ਦੀ ਬੜੇ ਸਹਿਜ ਨਾਲ ਗਲਵਕੜੀ ਪਵਾ ਦੇਂਦਾ ਸੀ। ਜਦੋਂ ਉਹ ਮਿਰਜ਼ੇ ਦੀ ਤਰਜ਼ 'ਤੇ ਬੰਦਾ ਬਹਾਦਰ ਦੀ ਵਾਰ ਗਾਉਂਦਾ ਹੈ ਜਾਂ 'ਨੀ ਇਕ ਬੱਲੀਏ ਜਨੂੰਨ ਪਿਆਰ ਦਾ, ਦੂਜੀ ਕਰੇ ਸਰਦਾਰੀ ਗੱਭਰੂ' ਗਾਉਂਦਾ ਹੈ ਤਾਂ ਤਾਲ ਦੀ ਪਾਬੰਧੀ, ਸੁਰ ਦੀ ਸ਼ੁੱਧਤਾ ਤੇ ਬੁਲੰਦੀ ਅਤੇ ਗਲੇ ਵਿਚ ਘੁਲੇ ਹੋਏ ਸ਼ਹਿਦ ਦਾ ਸਹਿਜ-ਮਿਸ਼ਰਣ ਸੁਣਨ ਵਾਲੇ ਨੂੰ ਧੁਰ ਅੰਦਰ ਤਕ ਟੁੰਬਦਾ ਹੈ।

ਮੈਨੂੰ ਉਸਦਾ ਗਾਇਆ ਇਕ ਵੀ ਸ਼ਬਦ ਅਜਿਹਾ ਨਹੀਂ ਮਿਲਿਆ ਜਿਸ ਵਿਚੋਂ ਕਾਮੁਕਤਾ ਦਿਸਦੀ ਹੋਵੇ। ਉਹ ਪਿਆਰ ਦੇ ਸੱਚੇ-ਸੁੱਚੇ ਅਹਿਸਾਸ ਨੂੰ ਪ੍ਰਗਟਾਉਣ ਵਾਲਾ ਗਾਇਕ ਸੀ। ਉਹ ਮਰਦ ਦੀਆਂ ਔਰਤ ਵਾਸਤੇ ਖਿੱਚ ਦੀਆਂ ਭਾਵਨਾਵਾਂ ਨੂੰ ਬਹੁਤ ਸੰਭਲ ਕੇ ਪੇਸ਼ ਕਰਦਾ ਹੈ। ਇਸ ਪੇਸ਼ਕਾਰੀ ਵਿਚੋਂ ਪਿਆਰ ਪੁੰਗਰਦਾ ਹੈ, ਹਵਸ ਦੀ ਹਵਾੜ ਨਹੀਂ ਉੱਠਦੀ। ਉਸਦਾ ਵੱਧ ਤੋਂ ਵੱਧ ਖੁਲ੍ਹਾ ਗੀਤ ਹੈ 'ਮੈਂ ਪੱਟਿਆ ਨੀ ਪੱਟਿਆ ਨੀ; ਗੋਰੇ ਚਿੱਟੇ ਰੰਗ ਨੇ'। ਇਸ ਵਿਚ ਉਹ ਕੁੜੀ ਦੇ ਗੋਰੇ-ਚਿੱਟੇ ਰੰਗ, ਕੱਦ ਦੇ ਅੰਦਾਜ਼ੇ, ਗੱਲ੍ਹਾਂ ਦੇ ਟੋਇਆਂ, ਨੈਣਾਂ, ਜ਼ੁਲਫ਼ਾਂ ਆਦਿ ਦੀ ਗੱਲ ਕਰਦਾ ਹੈ। ਪਤਲੇ ਲੱਕ ਦੀ ਗੱਲ ਕਰਦਿਆਂ ਨਸੀਹਤ ਦੇਂਦਾ ਹੈ ਕਿ ਉਹ ਤੰਗ ਸੂਟ ਨਾ ਪਾਇਆ ਕਰੇ। ਦੂਜੇ ਪਾਸੇ ਦਿਲਜੀਤ ਅਤੇ ਹਨੀ ਸਿੰਘ ਦਾ ਗੀਤ ਕੁੜੀ ਦੇ ਲੱਕ ਦਾ ਪੂਰਾ-ਪੂਰਾ ਮੇਚਾ ਦੱਸਣਾ ਸ਼ੁਰੂ ਕਰ ਦੇਂਦਾ ਹੈ ਅਤੇ ਉਸਦੇ ਭਾਰ ਦੀ ਗੱਲ ਕਰਦਿਆਂ ਕਹਿੰਦਾ ਹੈ ਕਿ ਮੈਂ ਹੁਣ ਵੇਟ ਕਿਵੇਂ ਕਰਾਂ। ਇਹ ਫ਼ਰਕ ਹੈ ਸੁਹੱਪਣ ਅਤੇ ਕਾਮੁਕਤਾ ਦਾ ਚਿਤਰ ਖਿੱਚਣ ਦਾ। ਜਵੰਦਾ ਦਾ ਗੀਤ ਲੜਕੀ ਦੀ ਸੰਗ ਨੂੰ ਉਸਦੀ ਖ਼ੂਬਸੂਰਤੀ ਦਾ ਸਿਖ਼ਰ ਮੰਨਦਾ ਹੈ। ਇੰਜ ਜ਼ਾਹਰ ਹੁੰਦੀਆਂ ਹਨ ਉਸਦੇ ਗੀਤਾਂ ਅੰਦਰਲੀਆਂ ਕਦਰਾਂ-ਕੀਮਤਾਂ।

ਦਰਅਸਲ ਉਸਦੇ ਗੀਤ ਰਿਸ਼ਤਿਆਂ ਦੇ ਰਾਖੇ ਹਨ। ਉਹ ਆਪਣੇ-ਆਪ ਨੂੰ ਸੱਚੇ-ਸੁੱਚੇ ਨਾਤਿਆਂ ਦੇ ਅੰਦਰਵਾਰ ਰੱਖ ਕੇ ਹੀ ਗੀਤ ਗਾਉਂਦਾ ਸੀ। ਉਹ ਔਰਤ ਦੇ ਰੂਪ ਵਿਚ ਗਾਉਂਦਾ ਹੈ:

'ਮੇਰੀ ਰੂਹ ਦਿਆ ਪ੍ਰਾਹੁਣਿਆਂ, ਵੇ ਕੁੱਲ ਦੁਨੀਆਂ ਤੋਂ ਸੁਹਣਿਆਂ,
ਜੀਹਨੂੰ ਕਹਿੰਦੇ ਅੰਗਰੇਜ਼ੀ ਵਿਚ, ਮੂਨ ਰੱਖ ਦੇਵਾਂ;
ਮੇਰਾ ਦਿਲ ਕਰੇ, ਤੇਰਾ ਨਾਂ ਸਕੂਨ ਰੱਖ ਦੇਵਾਂ' (ਸਿੰਘਜੀਤ)

ਇਸ ਨਾਲ ਉਹ ਪਾਪੂਲਰ ਪੰਜਾਬੀ ਗਾਇਕੀ ਵਿਚ ਇਕ ਵੱਢ ਪਾਉਂਦਾ ਹੈ। ਉਹ ਸਰੀਰ ਦੇ ਅੰਗਾਂ ਉੱਤੇ ਛਟਪਟਾਉਂਦੀ ਸਾਡੀ ਗਾਇਕੀ ਨੂੰ ਰੂਹ ਵੱਲ ਤੋਰਦਾ ਹੈ। ਆਪਣੇ ਮਰਦ ਸਾਥੀ ਨੂੰ 'ਰੂਹ ਦਾ ਪ੍ਰਾਹੁਣਾ' ਕਹਿਣਾ ਵੀ ਲਾਜਵਾਬ ਹੈ ਅਤੇ ਉਸ ਨੂੰ ਉਸੇ ਰੰਗ ਵਿਚ ਗਾਉਣਾ ਉਸਤੋਂ ਵੀ ਵੱਡੀ ਗੱਲ ਹੈ। ਕੀ ਪਤਾ ਸੀ ਕਿ ਉਸਦਾ ਗਾਇਆ ਗੀਤ 'ਮਿੱਟੀ ਨਾ ਫ਼ਰੋਲ ਜੋਗੀਆ' ਉਸੇ ਦੀ ਮੌਤ ਦੀ ਸ਼ਰਧਾਂਜਲੀ ਬਣ ਜਾਵੇਗਾ! ਇਸ ਵਿਚ ਵੀ ਉਹ ਸੁੱਚੇ ਰਿਸ਼ਤਿਆਂ ਨੂੰ ਯਾਦ ਕਰਦਾ ਹੈ: 'ਮਾਪਿਆਂ ਨਾਲ ਸੰਘਣੀਆਂ ਛਾਵਾਂ, ਰੋਂਦੀਆਂ ਭੈਣਾਂ ਬਾਝ ਭਰਾਵਾਂ; ਪੁੱਤ ਮਰ ਗਏ ਮਾਵਾਂ ਦਾ ਮੰਦਾ ਹਾਲ।' ਉਸਦੇ ਗੀਤਾਂ ਵਿਚ ਇਕ ਜਾਦੂਮਈ ਓਹਲਾ ਹੈ। ਉਹ ਪਿਆਰ ਦਾ ਇਜ਼ਹਾਰ ਕਰਨ ਵਾਸਤੇ ਨਾਅਰੇ ਜਾਂ ਲਲਕਾਰੇ ਨਹੀਂ ਮਾਰਦੇ। ਪਿਆਰ ਨਾ ਤਾਂ ਤਜਾਰਤ ਹੁੰਦਾ ਹੈ, ਨਾ ਸਿਆਸਤ ਤੇ ਨਾ ਹਵਸ ਜਿਸ ਵਿਚ ਬੋਲੀ ਲਾਉਣੀ ਪਵੇ, ਭਾਸ਼ਨ ਦੀ ਲੋੜ ਹੋਵੇ ਜਾਂ ਫ਼ਿਰ ਨੰਗੇਜ਼ ਦਾ ਆਸਰਾ ਲਿਆ ਜਾਵੇ। ਜਦੋਂ ਔਰਤ ਦੇ ਦਿਲ ਦੀ ਰੀਝ ਪੂਰੀ ਹੋ ਜਾਂਦੀ ਹੈ ਤਾਂ ਉਹ ਬਹੁਤ ਹੀ ਖ਼ੂਬਸੂਰਤੀ ਨਾਲ ਔਰਤ ਵੱਲੋਂ ਗਾਉਂਦਾ ਹੈ:

'ਫ਼ੋਨ ਵਾਰ-ਵਾਰ ਫਿਰਾਂ ਵੇ ਮੈਂ ਚੁਮੰਦੀ,
ਭੇਜੀ ਤੂੰ ਜਦੋਂ ਹਾਂ ਲਿਖ ਕੇ;
ਵੇ ਮੈਂ ਸੁਹਣਿਆਂ ਬਣਾਉਣੀ ਦੇ'ਤੀ ਕੰਗਣੀ,
ਵੇ ਤੇਰਾ-ਮੇਰਾ ਨਾਂ ਲਿਖ ਕੇ।'

ਇਹ ਹੈ ਰਿਸ਼ਤੇ ਦੀ ਪਾਕੀਜ਼ਗੀ ਜਿਸਨੂੰ ਉਹ ਵੀਣੀ ਉੱਤੇ ਚੜ੍ਹਾ ਕੇ ਰੱਖਣਾ ਚਾਹੁੰਦੀ ਹੈ। ਇਹੋ ਹੈ ਰਿਸ਼ਤੇ ਦੀ ਮਜ਼ਬੂਤੀ ਦਾ ਵਿਸ਼ਵਾਸ। 'ਖੁਲ੍ਹੇ ਨਾਪੇ ਦਾ ਕੜਾ' ਗਭਰੂ ਦੇ ਕੱਦ-ਕਾਠ ਨੂੰ ਕਿੰਨੀ ਪ੍ਰਬਲਤਾ ਨਾਲ ਸਾਡੇ ਸਾਹਮਣੇ ਲੈ ਆਉਂਦਾ ਹੈ! ਇਸ ਤਰ੍ਹਾਂ ਸਭਿਆਚਾਰਕ ਇਸ਼ਾਰਿਆਂ ਨਾਲ ਹੀ ਉਹ ਪਿਆਰ ਦੀ ਮੋਹ-ਭਿੱਜੀ ਤਸਵੀਰ ਨੂੰ ਸਾਡੀਆਂ ਅੱਖਾਂ ਅੱਗੇ ਖੜ੍ਹਾ ਕਰ ਦੇਂਦਾ ਹੈ। ਆਪਣੀ ਕਲੀ ਵਿਚ ਉਹ ਇਕ ਪਾਸੇ ਦਾਦੀ ਦਾ ਪੋਤੀ ਨਾਲ ਤੇ ਦਾਦੇ ਦਾ ਪੋਤੇ ਨਾਲ ਪਿਆਰ ਪਰਿਭਾਸ਼ਿਤ ਕਰਦਾ ਹੈ ਦੂਜੇ ਪਾਸੇ ਕਾਵਾਂ ਤੇ ਘੁੱਗੀਆਂ ਦੇ ਰਿਸ਼ਤੇ ਦਾ ਜ਼ਿਕਰ ਕਰਕੇ ਸੱਤਾਵਾਨ ਤੇ ਬਲਹੀਣ ਲੋਕਾਂ ਦੇ ਸਮਾਜੀ ਅਤੇ ਰਾਜਸੀ ਰਿਸ਼ਤਿਆਂ ਦੀਆਂ ਪਰਤਾਂ ਖੋਲ੍ਹਦਾ ਹੈ। ਤੁਸੀਂ ਸਵਾਲ ਕਰੋਗੇ ਕਿ ਇਹ ਸਾਰੀਆਂ ਗੱਲਾਂ ਤਾਂ ਸਿੰਘਜੀਤ ਵਰਗੇ ਸੁਲਝੇ ਗੀਤਕਾਰ ਲਿਖ ਰਹੇ ਹਨ; ਇਸ ਵਿਚ ਜਵੰਦਾ ਦੀ ਕੀ ਦੇਣ ਹੈ? ਬਹੁਤ ਸਾਰੇ ਗਾਇਕ ਵੀ ਇਹ ਦਲੀਲ ਦੇਂਦੇ ਹਨ ਕਿ ਉਹ ਤਾਂ ਲਿਖਿਆ ਹੋਇਆ ਗਾਉਂਦੇ ਹਨ, ਉਨ੍ਹਾਂ ਦਾ ਕੀ ਕਸੂਰ? ਪਰ ਜਵੰਦਾ ਨੇ ਰਿਸ਼ਤਿਆਂ ਨੂੰ ਸਾਫ਼ ਰੱਖਣ ਵਾਲੇ ਗੀਤ ਚੁਣ ਕੇ ਇਸ ਦਲੀਲ ਦਾ ਗਲ ਘੁੱਟ ਦਿੱਤਾ ਹੈ। ਉਹ ਗੰਦੇ ਗੀਤਾਂ ਦੀ ਚੋਣ ਹੀ ਨਹੀਂ ਕਰਦਾ। ਉਸਦੀ ਗਾਇਕੀ ਗੀਤ ਦੇ ਸ਼ਬਦਾਂ ਦੀ ਗੁਲਾਮ ਨਹੀਂ ਸੀ; ਉਹ ਗੀਤ ਦੇ ਬੋਲਾਂ ਦਾ ਹਮਸਫ਼ਰ ਸੀ, ਜਿਸਦੀ ਉਹ ਖ਼ੁਦ ਚੋਣ ਕਰਦਾ ਸੀ। ਜੇ ਉਸਦੇ ਲਈ ਕੋਈ ਹੋਰ ਇਹ ਚੋਣ ਕਰਦਾ ਸੀ ਤਾਂ ਵੀ ਉਸਦੀ ਮਨਜ਼ੂਰੀ ਉਹ ਖ਼ੁਦ ਦੇਂਦਾ ਸੀ ਕਿਉਂਕਿ ਉਸਨੇ ਗੀਤਾਂ ਦੇ ਬੋਲਾਂ ਨੂੰ ਪੂਰੀ ਤਰ੍ਹਾਂ ਅਪਣਾ ਕੇ ਗਾਇਆ ਹੈ। ਉਸਦਾ ਆਤਮ-ਵਿਸ਼ਵਾਸ ਵੀ ਬਹੁਤ ਵੱਡਾ ਹੋਵੇਗਾ। ਉਹ ਇਕ ਇੰਟਰਵਿਊ ਵਿਚ ਦੱਸਦਾ ਹੈ ਕਿ ਉਸਨੇ ਇਸ ਰਾਏ ਨੂੰ ਸਵੀਕਾਰ ਕੀਤਾ ਕਿ ਸਫ਼ਲਤਾ ਦੀ ਚੋਟੀ ਵੱਲ ਹੌਲੀ-ਹੌਲੀ ਚੜ੍ਹਿਆ ਜਾਵੇ। ਉਹ ਆਪਣੇ ਕਦਮਾਂ ਨੂੰ ਹਮੇਸ਼ਾ ਮਜ਼ਬੂਤ ਰੱਖ ਕੇ ਚੱਲਦਾ ਰਿਹਾ। ਰਿਸ਼ਤਿਆਂ ਦੀ ਪਵਿੱਤਰਤਾ ਦੀ ਪਾਲਣਾ ਰਾਜਵੀਰ ਦੀ ਚੋਣ ਸੀ ਜਿਸ ਵਾਸਤੇ ਉਸਨੂੰ ਪ੍ਰਣਾਮ ਕਰਨਾ ਬਣਦਾ ਹੈ। ਉਹ ਆਪਣੇ ਹਾਣ ਦੇ ਗਾਇਕਾਂ ਦੀ ਭੀੜ ਤੋਂ ਹਟ ਕੇ ਖੜ੍ਹਨ ਦੀ ਜੁਰਅੱਤ ਰੱਖਦਾ ਸੀ। ਗੀਤ 'ਕਮਲਾ' ਵਿਚ ਤਾਂ ਉਸਨੇ ਕਮਾਲ ਹੀ ਕੀਤੀ ਹੋਈ ਹੈ। ਆਪਣੇ ਪਿਆਰ ਦੀ ਸੁੱਚਮਤਾ ਦੇ ਨਾਲ-ਨਾਲ ਜ਼ਮਾਨੇ ਦੇ ਕਰੂਰ ਨੂੰ ਜਿਸ ਤਰ੍ਹਾਂ ਉਸਨੇ ਗਾਇਆ ਹੈ, ਉਹ ਉਸਨੂੰ ਚੋਟੀ ਦੀ ਗਾਇਕੀ ਵਿਚ ਪੁਚਾ ਦੇਂਦਾ ਹੈ:

'ਅੱਜਕਲ੍ਹ ਕਮਲੇ ਨਹੀਂ ਲੱਭਦੇ, ਕਿ ਦੁਨੀਆਂ ਬਹੁਤ ਸਿਆਣੀ ਆਂ;
ਕਾਹਦਾ ਮਾਣ ਰਾਜਿਆਂ ਦਾ, ਬਦਲਦੇ ਨਿੱਤ ਹੀ ਰਾਣੀ ਆਂ।'

ਸਿੰਘਜੀਤ ਵਰਗੇ ਗੀਤਕਾਰਾਂ ਨਾਲ ਮਿਲ ਕੇ ਉਹ ਸਾਹਿਤਕ ਅਤੇ ਪਾਪੂਲਰ ਗੀਤਕਾਰੀ ਦੇ ਫ਼ਰਕ ਨੂੰ ਤਾਕਤ ਨਾਲ ਮਿਟਾ ਰਿਹਾ ਸੀ।

ਬਹੁਤ ਸਾਰੇ ਪੁਰਸ਼-ਗਾਇਕਾਂ ਨੇ ਔਰਤ ਵੱਲੋਂ ਬੋਲੇ ਜਾਂਦੇ ਸ਼ਬਦਾਂ ਨੂੰ ਗਾਇਆ ਹੈ। ਰਾਜਵੀਰ ਦੀ ਵੱਖਰੀ ਗੱਲ ਇਹ ਹੈ ਕਿ ਉਸਦੇ ਅਜਿਹੇ ਗੀਤਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਉਸਨੇ ਆਪਣੇ ਗੀਤਾਂ ਵਿਚ ਔਰਤ ਦੇ ਜਜ਼ਬਿਆਂ ਨੂੰ ਭਰਪੂਰ ਜ਼ੁਬਾਨ ਦਿੱਤੀ ਹੈ। ਅਸੀਂ ਉਸਦੇ ਗੀਤ 'ਸਕੂਨ' ਦੀ ਗੱਲ ਪਹਿਲਾਂ ਹੀ ਕਰ ਚੁੱਕੇ ਹਾਂ। 'ਕੰਗਣੀ' ਵੀ ਔਰਤ ਦਾ ਗੀਤ ਹੈ। ਇਵੇਂ ਹੀ ਉਸਦੇ ਗੀਤਾਂ ਵਿਚਲੀ ਔਰਤ ਕਹਿੰਦੀ ਹੈ:

'ਖ਼ੁਸ਼ ਰਿਹਾ ਕਰ, ਖ਼ੁਸ਼ ਰੱਖਿਆ ਕਰ;
ਛੱਡ ਦੇ ਆਦਤਾਂ ਰੁੱਸਣ ਦੀਆਂ।'

ਇਕ ਹੋਰ ਔਰਤ ਪਿਆਰ ਦੇ ਸਾੜੇ ਵਿਚ ਬੋਲਦੀ ਹੈ,

'ਰੱਬ ਕਰਕੇ ਉਹ ਮਰ ਜਾਣ,
ਜੋ ਤੇਰੇ 'ਤੇ ਮਰਦੀਆਂ ਨੇ।'

ਗੀਤ 'ਦਿਲ ਮੰਗਿਆ' ਵਿਚ ਉਸਨੇ ਇਕ ਤਕੜਾ ਸੁਨੇਹਾ ਘੜਿਆ ਹੈ ਕਿ ਜਦੋਂ ਮੁੰਡੇ ਦੀ ਟੋਨ ਬਦਮਾਸ਼ਾਂ ਵਾਲੀ ਹੁੰਦੀ ਹੈ ਤਾਂ ਅਕਸਰ ਉਹ ਕਿਸੇ ਇੱਜ਼ਤਦਾਰ ਕੁੜੀ ਦੀ ਪਸੰਦ ਨਹੀਂ ਰਹਿੰਦਾ। ਇਸ ਤਰ੍ਹਾਂ ਦੇ ਗੀਤਾਂ ਨੇ ਸਹਿਜ ਸੁਭਾਵਕ ਉਸਦੀ ਗਾਇਕੀ ਨੂੰ ਪਰਿਵਾਰਕ ਅਤੇ ਪਾਕੀਜ਼ਗੀ ਵਾਲਾ ਰੰਗ ਦੇ ਦਿੱਤਾ। ਉਸਦੇ ਦ੍ਰਿਸ਼ਟੀਕੋਣ ਨਾਲ ਕੋਈ ਸਹਿਮਤ ਹੋਵੇ ਜਾਂ ਨਾਂਹ, ਉਹ ਸਭਿਆਚਾਰਕ ਮੁੱਲਾਂ ਦੀ ਡਟ ਕੇ ਰਾਖੀ ਕਰਦਾ ਹੈ। ਉਹ ਸਿਰ 'ਤੇ ਦੁਪੱਟਾ ਰੱਖਣ ਅਤੇ ਗਲੇ ਦੀ ਕਟਾਈ ਦਾ ਧਿਆਨ ਰੱਖਣ ਦੀ ਗੱਲ ਕਰਦਾ ਹੈ। ਹਿੰਸਾ ਦਾ ਵਿਰੋਧੀ ਹੁੰਦਿਆਂ ਵੀ ਨਸ਼ਈਆਂ ਨੂੰ ਠੋਕਰਾਂ ਮਾਰਦਾ ਹੈ। ਗੱਲ ਉਸਦੇ ਬੋਲਾਂ 'ਤੇ ਹੀ ਖ਼ਤਮ ਨਹੀਂ ਹੁੰਦੀ; ਉਸਦੇ ਸੰਗੀਤ ਨੂੰ ਵੀ ਧਿਆਨ ਨਾਲ ਦੇਖੋ। ਕਿੰਨਾ ਸੰਜਮ ਅਤੇ ਠਹਿਰਾਉ ਹੈ ਉਸ ਵਿਚ! ਉਹ ਬੀਟ ਨੂੰ, ਗਾਣੇ ਨੂੰ ਸ਼ਿੰਗਾਰਨ ਵਾਸਤੇ ਵਰਤਦਾ ਹੈ, ਵਿਆਹ ਦੀ ਸਟੇਜ ਵਾਸਤੇ ਨਹੀਂ। ਉਸਦੇ ਸਾਜ਼ਾਂ ਦੀ ਚੋਣ ਵਿਚ ਸ਼ੋਰ ਨਹੀਂ ਹੈ, ਉਨ੍ਹਾਂ ਵਿਚ ਸੁਹਜ ਹੈ। ਇਹ ਠੀਕ ਹੈ ਕਿ ਉਸਦੇ ਸੰਗੀਤਕਾਰਾਂ ਨੇ ਆਪਣੇ ਇੰਟਰਲਿਊਡ ਸਿਰਜਣ ਵਾਸਤੇ ਪ੍ਰਚਲਿਤ ਫਿਲਮੀ ਧੁਨੀਆਂ ਦੇ ਨੇੜੇ ਹੋਣ ਦੀ ਕੋਸ਼ਿਸ਼ ਕੀਤੀ ਹੈ; ਪਰ ਜਿਵੇਂ ਉਹ ਤੰਤੀ ਸਾਜ਼ਾਂ ਨਾਲ ਮੈਲੋਡੀ ਪੈਦਾ ਕਰਦੇ ਹਨ ਉਹ ਜਵੰਦਾ ਦੇ ਗੀਤਾਂ ਨੂੰ ਬਹੁਤ ਸ਼ਿੰਗਾਰ ਜਾਂਦੇ ਹਨ। ਜਵੰਦੇ ਦੀ ਗਾਇਕੀ ਵਿਚ ਕੋਈ ਕਮਜ਼ੋਰੀਆਂ ਜਾਂ ਕਚਿਆਈਆਂ ਨਹੀਂ ਹਨ; ਇਸ ਲਈ ਸੰਗੀਤਕਾਰਾਂ ਨੂੰ ਉਨ੍ਹਾਂ ਨੂੰ ਲੁਕਾਉਣ ਦੀ ਕੋਸ਼ਿਸ਼ ਨਹੀਂ ਕਰਨੀ ਪਈ। ਉਨ੍ਹਾਂ ਨੇ ਸੰਜਮ ਵਿਚ ਰਹਿ ਕੇ ਉਸਦੀ ਗਾਇਕੀ ਨੂੰ ਉਭਾਰਿਆ ਹੈ। ਉਨ੍ਹਾਂ ਨੇ ਉਸਦੀ ਟੋਨ ਅਤੇ ਸੁਭਾਵਿਕਤਾ ਨੂੰ ਚੰਗੀ ਤਰ੍ਹਾਂ ਪੜ੍ਹਿਆ ਅਤੇ ਫੜਿਆ ਹੈ। ਇਸੇ ਤਰ੍ਹਾਂ ਗਾਇਕੀ, ਗੀਤਕਾਰੀ ਅਤੇ ਸੰਗੀਤ ਦੇ ਨਾਲ-ਨਾਲ ਗੀਤਾਂ ਦੇ ਫ਼ਿਲਮਾਂਕਣ ਵਿਚ ਵੀ ਉਹੀ ਸੰਜਮ ਅਤੇ ਠਹਿਰਾਉ ਦਿਸਦਾ ਹੈ। ਇਹ ਸਾਰਾ ਕੁਝ ਅਚਾਨਕ ਨਹੀਂ ਵਾਪਰਿਆ; ਇਹ ਸਿਰਫ਼ ਮੌਕਾ ਮੇਲ ਨਹੀਂ ਹੈ। ਸਾਡਾ ਪੱਕਾ ਵਿਸ਼ਵਾਸ ਹੈ ਕਿ ਇਹ ਜਵੰਦਾ ਦੀ ਆਪਣੀ ਚੋਣ ਹੈ ਜੋ ਗਾਇਕ ਦੇ ਰੂਪ ਵਿਚ ਉਸਦਾ ਕੱਦ ਵੱਡਾ ਕਰਦੀ ਹੈ। ਨਾਂ ਉਸਦਾ ਜਵੰਦਾ ਸੀ; ਆਪਣੇ ਗੀਤਾਂ ਵਿਚ ਉਹ ਹੁਣ ਵੀ 'ਜੀਵੰਦਾ' ਹੈ। ਪਰ ਇਸ ਤਰ੍ਹਾਂ ਦੇ ਗਾਇਕ ਦੇ ਬੇਵਕਤ ਤੁਰ ਜਾਣ ਉੱਤੇ ਕਿਸ ਪੰਜਾਬੀ ਦਾ ਰੁੱਗ ਨਹੀਂ ਭਰਿਆ ਜਾਵੇਗਾ? ਸੇਜਲ ਅੱਖਾਂ ਨਾਲ ਤੈਨੂੰ ਅਲਵਿਦਾ ਪੁੱਤਰਾ!

# ਜੱਟ, ਬ੍ਰਾਹਮਣ ਅਤੇ ਸ਼ੂਦਰ

ਗੁਰਦੇਵ ਸਿੰਘ

ਬ੍ਰਾਹਮਣ ਵਕੀਲ ਨੇ ਕੋਰਟ ਵਿਚ ਸ਼ੂਦਰ ਜੱਜ ਦੇ ਛਿੱਤਰ ਮਾਰੇ। ਯਾਦ ਰਹੇ ਉਹ ਮਾਰ ਸਕਦਾ, ਉਹ ਸਦੀਆਂ ਤੋਂ ਮਾਰਦਾ ਆ ਰਿਹਾ, ਉਸ ਦਾ ਹੱਥ ਖੁੱਲ੍ਹਾ ਕਿ ਉਹ ਛਿੱਤਰ ਮਾਰੇ, ਉਹ ਤਾਂ ਵਕੀਲ ਨੇ ਮਾਰੇ ਬ੍ਰਾਹਮਣ ਅਰਦਲੀ ਵੀ ਮਾਰ ਜਾਂਦਾ, ਤਾਂ ਵੀ ਕਿਸੇ ਨਹੀਂ ਸੀ ਪੁੱਛਣਾ, ਕਿਉਂਕਿ ਛਿੱਤਰ ਖਾਣ ਵਾਲੇ ਇਸ ਨੂੰ ਉਚਿਤ ਮੰਨਦੇ ਨੇ। ਜੇ ਨਾ ਮੰਨਦੇ ਹੁੰਦੇ, ਜਿੰਨੀ ਇਨ੍ਹਾਂ ਦੀ ਗਿਣਤੀ ਐ ਪੂਰੇ ਮੁਲਕ ਨੂੰ ਕੱਚਾ ਨਾ ਚੱਬ ਜਾਂਦੇ।

ਅੱਜ ਦੇ ਯੁੱਗ 'ਚ ਜੇ ਬ੍ਰਾਹਮਣ ਇਉਂ ਕਰ ਸਕਦਾ ਤਾਂ ਉਸ ਸਮੇਂ ਵਿਚ ਪੈਰ ਪਾ ਕੇ ਦੇਖੋ, ਓਦੋਂ ਕੀ ਨਹੀਂ ਕਰਦਾ ਰਿਹਾ ਹੋਵੇਗਾ 'ਸੋ ਕਾਲ' ਸ਼ੂਦਰ ਨਾਲ।

ਮੂੰਹਾਂ ਵਿਚ ਥੁੱਕਣ ਤੋਂ ਲੈ ਕੇ ਜ਼ਲੀਲ ਕਰਨ ਤੱਕ। ਮੌਰਾਂ ਪਿੱਛੇ ਮੋੜ੍ਹੀਆਂ ਬੰਨ੍ਹਣ ਤੋਂ ਲੈ ਕੇ ਸ਼ੂਦਰ ਔਰਤਾਂ ਦੀਆਂ ਛਾਤੀਆਂ ਨੰਗੀਆਂ ਰੱਖਣ ਤੱਕ।

ਪਰ ਸ਼ੂਦਰ ਹੁਣ ਤੱਕ ਜੇ ਨਹੀਂ ਉਠਿਆ ਤਾਂ ਇਸ ਦਾ ਜ਼ਲੀਲ ਹੋਣਾ ਜਮਾਂਦਰੂ ਹੱਕ ਐ। ਇਸ ਨੂੰ ਹੋਣਾ ਚਾਹੀਦਾ ਜ਼ਲੀਲ, ਜਿਹੜਾ ਹਾਲਾਂ ਵੀ ਤੀਜੇ ਦਿਨ ਹਾਲ ਪਾਹਰਿਆ ਕਰ ਰਿਹਾ ਹੁੰਦਾ ਕਿ ਮੈਨੂੰ ਮੰਦਰ ਨਹੀਂ ਵੜਨ ਦਿੱਤਾ ਪੰਡੀਏ ਨੇ।

ਕਦੇ ਸ਼ੂਦਰ ਨੇ ਹਿੱਕ ਤਾਣ ਕੇ ਕਿਹਾ ਹੋਵੇ ਕਿ ਮੈਂ ਮਕਾਣ ਨਹੀਂ ਜਾਂਦਾ ਮੰਦਰ ਵਾਲਿਆਂ ਦੀ ਨਾ ਅਜਿਹੇ ਭਗਵਾਨਾਂ ਦੀ ਜਿਨ੍ਹਾਂ ਮੇਰੇ ਵਡੇਰਿਆਂ ਦਾ ਖ਼ੁਦ ਹੱਥੀਂ ਸਿਰ ਵੱਢਿਆ, ਕਿਉਂਕਿ ਉਹ ਸ਼ੂਦਰ ਸੀ ਅਤੇ ਕਿਉਂਕਿ ਉਹ ਪੜ੍ਹਨਾ ਚਾਹੁੰਦਾ ਸੀ। ਉਲਟਾ ਦੀਵਾਲੀ 'ਤੇ ਦੇਖ ਲਇਓ ਉਸੇ ਸਿਰ ਵੱਢਣ ਵਾਲੇ ਰਾਮ ਬਾਰੇ ਸਭ ਤੋਂ ਜ਼ਿਆਦਾ ਅੱਤ ਸ਼ੂਦਰ ਨੇ ਹੀ ਚੁੱਕੀ ਹੁੰਦੀ ਹੈ।

ਵਕੀਲ ਨੇ ਤਾਂ ਯਾਦ ਹੀ ਕਰਾਇਆ, ਕਿਤੇ ਭੁੱਲ ਨਾ ਜਾਣ ਕਿ ਜੱਜ ਬਣ ਕੇ ਖੌਰੇ ਬ੍ਰਾਹਮਣ ਹੋ ਜਾਈਦਾ। ਹੈਰਾਨੀ ਇਸ ਗੱਲ ਦੀ ਕਿ ਵਕੀਲ ਵਾਲਾ ਪਾਸਾ ਉਸ ਨਾਲ ਡਟ ਕੇ ਖੜੋਤਾ ਪਰ ਜੱਜ ਵਾਲੇ ਪੰਜਾਬ 'ਚ ਹੀ ਜੱਟ-ਚੂਹੜਾ ਕਰੀ ਜਾਂਦੇ।

ਕੋਈ ਖੜੋਤਾ ਹੋਵੇ ਦੱਸਣਾ?

ਸ਼ੂਦਰ ਹਾਲਾਂ ਤੱਕ ਬ੍ਰਾਹਮਣ ਤੋਂ ਕਿਉਂ ਦਹਿਲਿਆ ਹੋਇਆ ਜਦਕਿ ਸਿਰਾਂ ਦੀ ਤਾਕਤ ਉਸ ਦੇ ਹੱਥ ਹੈ!

ਸਾਰੇ ਮੁਲਕ ਵਿਚ ਕੇਵਲ ਪੰਜਾਬ ਹੈ ਜਿਹੜਾ ਬ੍ਰਾਹਮਣ ਦੀ ਸਰਵਉਚਤਾ ਨੂੰ ਚੈਲੰਜ ਕਰਦਾ ਰਿਹਾ ਅਤੇ ਬ੍ਰਾਹਮਣ ਨੂੰ 'ਓਏ ਬਾਹਮਣਾ!' ਕਹਿਣ ਦੀ ਜੁਰੱਅਤ ਰੱਖਦਾ ਰਿਹਾ ਹੈ ਕਿਉਂਕਿ ਗੁਰਾਂ ਨੇ ਪੰਜਾਬ ਦੇ ਗਲੋਂ ਜਾਤੀ ਉਚਤਾ ਦਾ ਫਸਤਾ ਵੱਢ ਦਿੱਤਾ ਹੋਇਆ ਸੀ। ਸਮਾਂ ਪਾ ਕੇ ਸ਼ੂਦਰ ਨੇ ਖ਼ੁਦ ਹੀ ਹੀਣ-ਭਾਵਨਾ ਨੂੰ ਦੁਬਾਰਾ ਗਲ ਪਾ ਲਿਆ ਹੈ ਅਤੇ ਦੋਸ਼ ਦੂਜਿਆਂ ਨੂੰ ਦੇ ਰਿਹਾ ਹੈ।

ਹਰਾਸਿਆ ਹੋਇਆ ਸ਼ੂਦਰ ਬਦੀ ਦੀ ਜੜ੍ਹ ਬ੍ਰਾਹਮਣ ਨੂੰ ਫੜਨ ਦੀ ਬਜਾਇ ਜੱਟਾਂ ਨੂੰ ਫੜ ਕੇ ਬੈਠ ਗਿਆ। ਮੰਨੂੰ ਸਿਮਰਤੀ ਅੱਜ ਵੀ ਮੌਜੂਦ ਐ ਜਿਹੜੀ ਜੱਟ ਨੇ ਨਹੀਂ ਬ੍ਰਾਹਮਣ ਨੇ ਲਿਖੀ ਐ, ਜੋ ਸ਼ੂਦਰ ਨੂੰ ਕਾਂ ਕੁੱਤੇ ਅਤੇ ਕੀੜਿਆਂ ਬਰਾਬਰ ਰਖਦੀ ਆ ਰਹੀ ਹੈ।

ਸੋਚਦਾ ਹਾਂ ਕਿ ਸ਼ੂਦਰ ਦੇ ਹੋਰ ਛਿੱਤਰ ਪੈਣੇ ਚਾਹੀਦੇ ਨੇ, ਸ਼ਾਇਦ ਅੱਖ ਖੁੱਲ੍ਹ ਜਾਏ ਇਸ ਦੀ, ਪਰ ਫਿਰ ਤਰਸ ਆਉਣ ਲਗਦਾ ਕਿ ਇੰਨੀਆਂ ਸਦੀਆਂ ਜ਼ਲੀਲ ਹੋ ਕੇ ਅੱਖ ਨਹੀਂ ਖੁੱਲ੍ਹੀ ਹੁਣ ਖ਼ਾਕ ਖੁੱਲ੍ਹਣੀ ਹੈ।

ਪੰਜਾਬ ਦੀ ਸਰ ਜ਼ਮੀਨ ਉਪਰ ਗੁਰਾਂ ਹੇਠਲੀ ਉੱਤੇ ਕਰ ਮਾਰੀ ਅਤੇ ਬ੍ਰਾਹਮਣ ਦਾ ਆਖਿਆ ਜਾਂਦਾ ਸਭ ਚੂਹੜਾ-ਚਮਾਰ ਬਾਦਸ਼ਾਹ ਬਣਾ ਕੇ ਰੱਖ ਦਿੱਤਾ। ਸਮਾਂ ਪਾ ਕੇ ਉਸੇ ਬ੍ਰਾਹਮਣ ਦੀ ਖੱਡ ਵਿਚ ਖ਼ੁਦ ਜਾ ਡਿੱਗਾ। ਸ਼ੂਦਰ ਮੰਦਰਾਂ ਵਿਚ ਵੜਨ ਲਈ ਤਰਲੇ ਕਰਦਾ ਫਿਰਦਾ ਪਰ ਜਿਹੜੇ ਗੁਰੂ ਸਾਹਿਬਾਨ ਨੇ ਚੁਪੱਟ ਦਰਵਾਜ਼ੇ ਖੋਲ੍ਹ ਰੱਖੇ ਸਨ, ਉਸ ਦੇ ਦਰ ਦੇ ਪ੍ਰਸ਼ਾਦ ਨਾਲ ਵੀ ਨਫ਼ਰਤ ਕਰੀ ਬੈਠਾ। ਹੋਰ ਹੈਰਾਨੀ ਹੈ ਕਿ ਆਪਣੀ ਹੀਣ-ਭਾਵਨਾ ਦਾ ਦੋਸ਼ ਜੱਟਾਂ 'ਤੇ ਲਾ ਕੇ ਖ਼ੁਦ ਪਾਖੰਡੀ ਬਾਬੇ ਬਣੇ ਜੱਟਾਂ ਦੇ ਹੀ ਪੈਰਾਂ ਵਿਚ ਬੈਠਦਾ ਫਿਰਦਾ।

ਦਲਿਤਾਂ ਦਾ 'ਸੋ ਕਾਲਡ' ਸੁਕਰਾਤ ਗੁਰਨਾਮ ਸਿੰਘ ਮੁਕਤਸਰ ਵੀ ਮਰਨ ਲੱਗਿਆਂ ਕਹਿ ਗਿਆ ਕਿ 'ਜਿੱਥੇ ਮਰਜ਼ੀ ਭੱਜ ਲਓ ਸਿੱਖ ਹੋਏ ਬਿਨਾ ਬ੍ਰਾਹਮਣ ਨਾਲ ਲੜਿਆ ਨਹੀਂ ਜਾਣਾ ਥੋਤੋਂ।'

ਈਸਾਈ ਬਣ ਜਾਓ, ਬੁੱਧ ਬਣ ਜਾਓ, ਜੱਜ ਬਣ ਜਾਓ, ਬ੍ਰਾਹਮਣ ਦੀ ਨਿਗ੍ਹਾ ਵਿਚ ਉਹੀ ਪੁਰਾਣੇ ਸ਼ੂਦਰ ਹੀ ਰਹਿਣਾ ਜਿਨ੍ਹਾਂ ਨੂੰ ਉਹ ਹੁਣ ਤੱਕ ਥੜ੍ਹੇ ਨਹੀਂ ਚੜ੍ਹਨ ਦਿੰਦਾ। ਤੁਹਾਡੇ ਵਡੇਰਿਆਂ ਕੁੱਝ ਲਾਭਾਂ ਦੇ ਲੋਭਾਂ ਦੀ ਖ਼ਾਤਰ ਹੱਥੀਂ ਲਿਖ ਕੇ ਦੇ ਦਿੱਤਾ ਹੋਇਆ ਕਿ ਅਸੀਂ ਸ਼ੂਦਰ ਹਾਂ।

# ਗੀਤਕਾਰੀ ਤੇ ਗਾਇਕੀ ਦਾ ਸਿਰਨਾਵਾਂ ਕਰਨੈਲ ਸਿਵੀਆ

**ਸਰੂਪ ਸਿੰਘ**

ਧਿਆਣੇ ਜਿਲ੍ਹੇ ਦੇ ਪਿੰਡ ਉੱਪਲਾਂ 'ਚ ਜਨਮੇਂ ਕਰਨੈਲ ਸਿਵੀਆ ਦੀ ਕਲਮ ਨੇ ਆਪਣੇ ਸਮੇਂ ਗੀਤਕਾਰੀ ਦਾ ਸੁਨਹਿਰੀ ਇਤਿਹਾਸ ਸਿਰਜਿਆ ਹੈ। ਉਸ ਦੇ ਲਿਖੇ ਗੀਤਾਂ ਨੂੰ ਪੰਜਾਬ ਦੇ ਵੱਡੇ ਵੱਡੇ ਨਾਮੀਂ ਸਿੰਗਰਾਂ ਨੇ ਗਾ ਕੇ ਉੱਚਾ ਨਾਮਣਾ ਖੱਟਿਆ। ਜਿਨ੍ਹਾਂ ਵਿਚ ਸਤਵਿੰਦਰ ਬੁੱਗਾ, ਮਲਕੀਅਤ ਸਿੰਘ ਗੋਲਡ ਛਾਂ ਸਟਾਰ, ਬੁੱਲੀਵੁੱਡ ਸਿੰਗਰ ਬਾਲੀਸੱਗੂ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਯੁੱਧਵੀਰ ਮਾਣਕ, ਸਤਵਿੰਦਰ ਬਿੱਟੀ, ਹਰਜੀਤ ਹਰਮਨ ਅਤੇ ਗੁਰਬਖਸ਼ ਸ਼ੌਂਕੀ ਵਰਗੇ ਹੋਰ ਵੀ ਗਾਇਕਾਂ ਦੇ ਨਾਂ ਸ਼ਾਮਲ ਹਨ।



ਗੀਤਕਾਰੀ ਦੇ ਹਸਤਾਖ਼ਰ ਮੰਨੇ ਜਾਂਦੇ ਉੱਘੇ ਗੀਤਕਾਰ ਸਵ: ਦਲਜੀਤ ਸਿੰਘ ਦਰਦੀ ਨਾਲ ਉਸਤਾਦੀ ਸ਼ਾਗਿਰਦੀ ਕਰਕੇ ਉਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਚਲਦਿਆਂ ਸਿਵੀਆ ਨੇ ਗੀਤਕਾਰੀ ਦੀ ਪਿਰਤ ਨੂੰ ਅੱਗੇ ਤੋਰਦਿਆਂ ਆਪਣੀ ਕਲਮ 'ਚ ਅਜਿਹੇ ਸੁਨਹਿਰੇ ਹਰਫ਼ ਲਿਖੇ ਕਿ ਉਨ੍ਹਾਂ ਆਪਣੇ ਨਾਂ ਦੇ ਨਾਲ-ਨਾਲ ਆਪਣੇ ਉਸਤਾਦ ਜੀ ਦੇ ਨਾਂ ਨੂੰ ਵੀ ਗੀਤਕਾਰੀ ਵਿਚ ਹੋਰ ਰੁਸ਼ਨਾਇਆ।

ਉਹਦੇ ਲਿਖੇ ਅਨੇਕਾਂ ਹੀ ਸੁਪਰ ਡੁਪਰ ਹਿੱਟ ਗੀਤ ਉਸਦੀ ਕਲਮ ਦੀ ਦਾਦ ਦਿੰਦੇ ਹਨ ਜਿਵੇਂ ਕਿ- ਆਪਾਂ ਪਹਿਲਾਂ ਵੀ ਮਿਲੇ ਸੀ ਇਕ ਵਾਰ ਸੋਹਣੀਏ ਤੈਨੂੰ ਯਾਦ ਨੀਂ ਰਿਹਾ, ਬਿੱਲੋ ਬੋਤਲਾਂ ਸ਼ਰਾਬ ਦੀਆਂ ਅੱਖਾਂ ਤੇਰੀਆਂ ਕਾਤਲ ਕੋਕਾ ਕਾਤਿਲ ਕਰਾਦੂੰ, ਕੁਲਦੀਪ ਮਾਣਕ ਤੇ ਗੁਰਬਖਸ਼ ਸ਼ੌਂਕੀ ਦੀ ਵੱਖ ਵੱਖ ਆਵਾਜ਼ਾਂ ਚ ਰਿਕਾਰਡ ਹੋਇਆ ਮਿਰਜ਼ਾ ਅਤੇ ਕੁਲਦੀਪ ਮਾਣਕ ਤੇ ਯੁੱਧਵੀਰ ਮਾਣਕ ਦੀ ਆਵਾਜ਼ 'ਚ ਰਿਕਾਰਡ ਹੋਏ ਅਨੇਕਾਂ ਹੀ ਧਾਰਮਿਕ ਇਤਿਹਾਸਕ ਪ੍ਰਸੰਗ। ਤੜਕ-ਭੜਕ ਗਾਇਕੀ ਸੁਣ ਵਾਲੇ ਅਜੋਕੇ ਸਰੋਤਿਆਂ ਦੇ ਜ਼ਿਹਨ 'ਚ

ਭਾਵੇਂ ਕਰਨੈਲ ਸਿਵੀਆ ਦਾ ਨਾਂ ਨਾ ਹੋਵੇ ਪਰ ਅੱਜ ਤੋਂ ਪੰਦਰਾਂ ਵੀਹ ਸਾਲ ਪੁਰਾਤਨ ਗਾਇਕੀ ਦੇ ਸਰੋਤੇ ਉਸ ਦੇ ਨਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਸ ਦੇ ਸਦਾ ਬਹਾਰ ਸੱਭਿਆਚਾਰਕ ਗੀਤ ਉਸਦੀ ਸ਼ਾਹਕਾਰ ਕਲਮ ਦੀ ਗਵਾਹੀ ਭਰਦੇ ਹਨ।

ਮਾਛੀਵਾੜੇ ਸਾਹਿਬ ਦੀ ਚਰਨਛੋਹ ਪ੍ਰਾਪਤ ਧਰਤੀ ਦੇ ਨੇੜਲੇ ਪਿੰਡਾਂ ਦੀ ਧਰਤ ਤੇ ਜਨਮਿਆਂ ਕਰਨੈਲ ਸਿਵੀਆ ਸਪੁਰ ਪ੍ਰਸਿੱਧ ਗੀਤਕਾਰ ਸਵ: ਸਵਰਨ ਸਿਵੀਆ ਦਾ ਛੋਟਾ ਭਰਾ ਹੈ। ਜਿਸ ਦੀ ਕਲਮ 'ਚੋਂ ਸਿਰਜੇ ਗੀਤਾਂ ਨੂੰ ਗਾ ਕੇ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ਉੱਚਾ ਨਾਮਣਾ ਖੱਟਿਆ। ਸਵਰਗੀ ਅਮਰ ਸਿੰਘ ਚਮਕੀਲਾ ਦੀ ਆਵਾਜ਼ 'ਚ ਰਿਕਾਰਡ ਹੋਇਆ ਉਸ ਦਾ ਇੱਕੋ ਇੱਕ ਸ਼ਾਹਕਾਰ ਗੀਤ ''ਸਾਥੋਂ ਬਾਬਾ ਖੋਹ ਲਿਆ ਤੇਰਾ ਨਾਨਕਾਣਾ'' ਉਸਦੀ ਕਲਮ ਦੀ ਦਾਸਤਾਨ ਬਿਆਨ ਕਰਦਾ ਹੈ। ਸੁਰਿੰਦਰ ਛਿੰਦਾ, ਲਵਲੀ ਨਿਰਮਾਣ ਅਤੇ ਰਣਜੀਤ ਮਣੀ ਵਰਗਿਆਂ ਦੀ ਕਤਾਰ ਦੇ ਸਮਕਾਲੀ ਗਵੱਈਆਂ ਦੀ ਆਵਾਜ਼ ਚ ਗੀਤ ਰਿਕਾਰਡ ਕਰਵਾਕੇ ਆਪਣੇ ਨਾਂ ਦੀ ਪ੍ਰਸਿੱਧ ਖੱਟਣ ਵਾਲਾ ਕਰਨੈਲ ਸਿਵੀਆ ਅੱਜ ਕੱਲ੍ਹ ਖ਼ੁਦ ਵੀ ਗਾਇਕੀ ਖੇਤਰ ਦੀ ਨਾਮੀਂ ਗਾਇਕਾ ਬੀਬਾ ਮਨਜੀਤ ਮਾਨ ਨਾਲ ਸੱਭਿਆਚਾਰਕ ਸਟੇਜਾਂ ਤੇ ਆਪਣੀ ਗਾਇਕੀ ਦੀ ਮਹਿਕ ਬਿਖੇਰ ਰਿਹਾ ਹੈ ਪ੍ਰਮਾਤਮਾ ਕਰੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਗੀਤਾਂ ਰਾਹੀਂ ਗੱਲ ਕਰਨ ਵਾਲੀ ਕਰਨੈਲ ਸਿਵੀਆ ਦੀ ਕਲਮ ਇਸ ਤਰ੍ਹਾਂ ਗੀਤਕਾਰੀ ਅਤੇ ਗਾਇਕੀ ਦਾ ਸਿਰਨਾਵਾਂ ਬਣ ਹੋਰ ਵੀ ਉੱਚੀਆਂ ਉਡਾਰਾਂ ਭਰਦੀ ਰਹੇ।

# ਕਲਾ ਪਰਿਕਰਮਾ

# ਵੱਖਰੇ ਅੰਦਾਜ਼ ਵਾਲੀ ਪਰਮ ਮੋਗੇ ਵਾਲੀ



ਪੰਜਾਬ ਦੀ ਮਿੱਟੀ ਹਮੇਸ਼ਾਂ ਹੀ ਟੈਲੈਂਟ ਨਾਲ ਭਰਪੂਰ ਰਹੀ ਹੈ। ਜਿੱਥੇ ਮੋਗਾ ਦਾ ਨਾਮ ਬਾਲੀਵੁੱਡ ਅਦਾਕਾਰ ਸੋਨੂ ਸੂਦ ਅਤੇ ਅੰਤਰਰਾਸ਼ਟਰੀ ਖਿਡਾਰੀ ਹਰਮਨਪ੍ਰੀਤ ਕੌਰ ਨੇ ਰੌਸ਼ਨ ਕੀਤਾ, ਉੱਥੇ ਹੁਣ ਇਸ ਧਰਤੀ ਦੀ ਹੋਰ ਹੋਣਹਾਰ ਧੀ ਰੈਪਰ ਪਰਮ ਨੇ ਆਪਣੇ ਸੰਗੀਤ ਨਾਲ ਨਵੀਂ ਇਤਿਹਾਸਕ ਕਾਮਯਾਬੀ ਹਾਸਲ ਕੀਤੀ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਦੁੱਨੇਕੇ ਤੋਂ 19 ਸਾਲਾ ਪਰਮਜੀਤ ਕੌਰ, ਜੋ ਪਿਆਰ ਨਾਲ ਪਰਮ ਦੇ ਨਾਂ ਨਾਲ ਜਾਣੀ ਜਾਂਦੀ ਹੈ, ਪੰਜਾਬੀ ਮਿਊਜ਼ਿਕ ਅਤੇ ਸੋਸ਼ਲ ਮੀਡੀਆ ਦੀ ਦੁਨੀਆਂ ਵਿਚ ਆਪਣਾ ਕਦਮ ਰੱਖ ਚੁੱਕੀ ਹੈ।

## ਬਦਲ ਦਿੱਤੇ ਪਰਿਵਾਰ ਦੇ ਦਿਨ

ਘਰੇਲੂ ਮਦਦਗਾਰ ਮਾਂ ਅਤੇ ਮਜ਼ਦੂਰ ਪਿਤਾ ਦੇ ਘਰ ਤੋਂ ਆਉਂਦਿਆਂ, ਪਰਮ ਨੇ ਆਪਣੇ ਜਜ਼ਬੇ ਅਤੇ ਟੈਲੈਂਟ ਨਾਲ ਛੋਟੀ ਉਮਰ ਵਿੱਚ ਹੀ ਵੱਡਾ ਨਾਮ ਕਮਾਇਆ ਹੈ ਕਿਉਂਕਿ ਪਰਮ ਨੇ ਆਪਣੀ ਆਵਾਜ਼ ਨਾਲ ਨਾ ਸਿਰਫ਼ ਸੰਗੀਤ ਦੀ ਦੁਨੀਆ ਵਿਚ ਪਛਾਣ ਬਣਾਈ ਹੈ, ਸਗੋਂ ਆਪਣੇ ਗਰੀਬ ਪਰਿਵਾਰ ਲਈ ਉਮੀਦਾਂ ਦਾ ਚਾਨਣ ਵੀ ਜਗਾਇਆ ਹੈ। ਜਾਣਕਾਰੀ ਅਨੁਸਾਰ ਪਰਮ ਦੇ ਪਿਤਾ ਮਿਹਨਤ ਮਜ਼ਦੂਰੀ ਕਰਦੇ ਹਨ, ਜਦਕਿ ਮਾਂ ਪਿੰਡ ਦੇ ਘਰਾਂ 'ਚ ਕੰਮ ਕਰਦੀ ਹੈ। ਦੋ ਕਮਰਿਆਂ ਦੇ ਕੱਚੇ ਘਰ 'ਚ ਰਹਿਣ ਵਾਲੇ ਇਸ ਪਰਿਵਾਰ ਨੇ ਹਮੇਸ਼ਾਂ ਮਿਹਨਤ ਨਾਲ ਜੀਵਨ ਗੁਜ਼ਾਰਿਆ ਪਰ ਹੁਣ ਪਰਮ ਦੀ ਕਾਮਯਾਬੀ ਨੇ ਉਨ੍ਹਾਂ ਦੀਆਂ ਅੱਖਾਂ 'ਚ ਮਾਣ ਤੇ ਖੁਸ਼ੀ ਭਰ ਦਿੱਤੀ ਹੈ। ਪਰਮ ਬੀ.ਕਾਮ ਦੀ ਵਿਦਿਆਰਥਣ ਹੈ ਪਰ ਉਸ ਦਾ ਦਿਲ ਹਮੇਸ਼ਾਂ ਸੰਗੀਤ ਨਾਲ ਧੜਕਦਾ ਰਿਹਾ।

## ਸਹੇਲੀਆਂ ਨਾਲ ਰਿਕਾਰਡ ਕਰਦੀ ਸੀ ਗੀਤ

ਗੱਲਬਾਤ ਕਰਦਿਆਂ ਉਸ ਦੇ ਭਰਾ ਵੀਰ ਸਿੰਘ ਨੇ ਦੱਸਿਆ ਕਿ ਪਰਮ ਬਚਪਨ ਤੋਂ ਹੀ ਗਾਉਣ ਦੀ ਸ਼ੌਕੀਨ ਸੀ। ਉਹ ਆਪਣੀਆਂ ਸਹੇਲੀਆਂ ਨਾਲ ਗੀਤ ਗਾ ਕੇ ਰਿਕਾਰਡ ਕਰਦੀ ਤੇ ਸੋਸ਼ਲ ਮੀਡੀਆ ਉੱਤੇ ਪਾਉਂਦੀ ਸੀ। ਜਦ ਉਸ ਦੇ ਗੀਤ ਵਾਇਰਲ ਹੋਏ ਤਾਂ ਉਸ ਨੂੰ ਮੁੰਬਈ ਤੋਂ ਗੀਤ ਰਿਕਾਰਡ ਕਰਨ ਦਾ ਮੌਕਾ ਮਿਲਿਆ। ਇਸ ਵੇਲੇ ਉਹ ਚੰਡੀਗੜ੍ਹ ਵਿਚ ਰਹਿ ਕੇ ਆਪਣਾ ਕੰਮ ਕਰ ਰਹੀ ਹੈ ਅਤੇ ਨਵੇਂ ਪ੍ਰਾਜੈਕਟਾਂ 'ਤੇ ਜੁਟੀ ਹੋਈ ਹੈ। ਵੀਰ ਸਿੰਘ ਨੇ ਦੱਸਿਆ ਕਿ ਸਾਡੀ ਮਾਂ ਘਰਾਂ 'ਚ ਕੰਮ ਕਰਦੀ ਹੈ ਤੇ ਪਿਤਾ ਮਜ਼ਦੂਰੀ ਕਰਦੇ ਹਨ। ਪਰਮ ਨੇ ਸਾਡੇ ਪਰਿਵਾਰ ਲਈ ਮਾਣ ਬਣਾਇਆ ਹੈ। ਹੁਣ ਸਾਨੂੰ ਵਿਸ਼ਵਾਸ ਹੈ ਕਿ ਸਾਡੇ ਵੀ ਚੰਗੇ ਦਿਨ ਆਉਣ ਵਾਲੇ ਹਨ। ਇਸ ਮੌਕੇ ਪਰਮ ਦੇ ਤਾਇਆ ਦਾ ਪੁੱਤਰ ਕਾਲੂ ਨੇ ਕਿਹਾ ਕਿ ਪਰਮ ਬਚਪਨ ਤੋਂ ਹੀ ਖੁਸ਼ਮਿਜਾਜ਼ ਅਤੇ ਸੰਗੀਤ ਪ੍ਰੇਮੀ ਸੁਭਾਅ ਦੀ ਸੀ। ਉਹ ਆਪਣੇਦੋਸਤਾਂ ਨਾਲ ਇਕ ਟੋਲੀ ਬਣਾ ਕੇ ਅਕਸਰ ਗੀਤ ਗਾਉਂਦੀ ਸੀ। 'ਉਹ ਸਿੱਧੂ ਮੂਸੇਵਾਲਾ ਦੇ ਗੀਤਾਂ ਉੱਤੇ ਰੈਪ ਕਰਦੀ ਸੀ। ਕਈ ਵਾਰ ਗੀਤਾਂ ਵਿਚ ਅੰਗਰੇਜ਼ੀ ਸ਼ਬਦ ਸਮਝ ਨਹੀਂ ਆਉਂਦੇ ਸਨ, ਪਰ ਉਸ ਦਾ ਜਜ਼ਬਾ ਕਦੇ ਘਟਿਆ ਨਹੀਂ, ਕਾਲੂ ਨੇ ਇਹ ਵੀ ਦੱਸਿਆ ਕਿ ਪਰਮ ਦਾ ਪਰਿਵਾਰ ਕਈ ਸਾਲਾਂ ਤੋਂ ਤੰਗਦਸਤੀ ਵਿਚ ਜੀਵਨ ਬਤੀਤ ਕਰ ਰਿਹਾ ਸੀ ਪਰ ਹੁਣ ਉਹਨਾਂ ਨੂੰ ਪੂਰਾ ਭਰੋਸਾ ਹੈ ਕਿ ਪਰਮ ਆਪਣੀ ਮਿਹਨਤ ਅਤੇ ਕਾਬਲਿਯਤ ਨਾਲ ਘਰ ਦਾ ਨਾਮ ਰੌਸ਼ਨ ਕਰੇਗੀ।



ਮੋਗਾ ਦੀ ਨਵੀਂ ਸ਼ਾਨ - ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜੇਕਰ ਇਨਸਾਨ ਆਪਣੀ ਕਲਾ ਪ੍ਰਤੀ ਸਮਰਪਿਤ ਹੈ ਤੇ ਮਿਹਨਤ ਨਾਲ ਇਸ ਨੂੰ ਤਰਾਸ਼ਦਾ ਹੈ ਤਾਂ ਕਿਤੇ ਨਾ ਕਿਤੇ ਜਾ ਕੇ ਇਸ ਦਾ ਮੁੱਲ ਰੈਪਰ ਜ਼ਰੂਰ ਪੈਂਦਾ ਹੈ। ਇਸ ਗੱਲ ਨੂੰ ਪਰਮ ਨੂੰ ਅੱਗੇ ਰੱਖ ਕੇ ਸਮਝਿਆ ਜਾ ਸਕਦਾ ਹੈ। ਉਸ ਨੇ ਸੰਗੀਤ ਦੀ ਦੁਨੀਆ 'ਚ ਆਪਣੀ ਆਵਾਜ਼ ਨਾਲ ਇਹ ਸਾਬਤ ਕਰ ਦਿੱਤਾ ਹੈ ਚੰਗੀ ਸੋਚ ਰੱਖ ਕੇ ਕੀਤੀ ਮਿਹਨਤ ਸਫਲ ਹੁੰਦੀ ਹੈ। ਪਰਮ ਦੀ ਇਹ ਉਡਾਣ ਸਿਰਫ਼ ਉਸਦੀ ਨਹੀਂ, ਸਗੋਂ ਹਰ ਉਸ ਪੰਜਾਬੀ ਧੀ ਦੀ ਹੈ ਜੋ ਆਪਣੇ ਸੁਪਨੇ ਦੇਖਦੀ ਹੈ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਮਿਹਨਤ ਕਰਦੀ ਹੈ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਕਤੂਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-713



*ਬੱਚਾ ਗਰੀਬ ਦਾ ਹੋਵੇ ਜਾਂ ਅਮੀਰ ਦਾ, ਬਚਪਨ ਵਿਚ ਹੈ ਸ਼ਹਿਨਸ਼ਾਹ ਹੁੰਦਾ,*
*ਕਿਸਮਤ ਆਪਣੀ ਆਪੇ ਲਿਖਦਾ ਉਹ, ਹੱਸਦਾ ਖੇਡਦਾ ਨਾ਼ਲੇ ਬੇਪ੍ਰਵਾਹ ਹੁੰਦਾ।*
*ਮਾਇਨੇ ਹੁੰਦੇ ਨ ਕਦੇ ਮਜਬੂਰੀਆਂ ਦੇ, ਪਿਆਰ ਮਾਪਿਆਂ ਦਾ ਬੇਥਾਹ ਹੁੰਦਾ,*
*ਵੱਡਾ ਦਿੰਦਾ ਹੈ ਛੋਟੇ ਨੂੰ ਦਿਲਬਰੀਆਂ, ਕਦੇ ਦੂਜਿਆਂ ਦਾ ਨ੍ਹੀਂ ਵਿਸਾਹ ਹੁੰਦਾ।*

## ਕੈਪਸ਼ਨ ਮੁਕਾਬਲਾ-711



ਆਈ ਪੁੰਨਿਆ ਕੀ ਤੱਕਾਂ
ਸਖੀਆਂ ਵਿਹੜੇ ਇੱਕ ਚੰਨ।
ਮੈਂ ਹੋਈ ਧੰਨ ਸੁਹਾਗਣੀ
ਚੜ੍ਹੇ ਵਿਹੜੇ ਮੇਰੇ ਦੋ ਚੰਨ।
ਇਕ ਚੰਨ ਮੱਸਿਆ ਲੈ ਗਈ
ਮੈਂ ਦੂਜਾ ਲਿੱਤਾ ਬੰਨ੍ਹ।
ਵਿਹੜੇ ਸਦਾ ਦੁੱਧ-ਚਾਨਣੀ
ਰਹੇ ਚਿੱਤ ਸਦਾ ਪ੍ਰਸੰਨ।
ਸਖੀਆਂ ਪੁੱਛਣ ਦੱਸ ਨੀ!
ਕਿੰਜ ਚੜ੍ਹੀ ਚਵੱਗਣ ਵੰਨ।
ਸੁਣੋ ਨੀ! ਦਿਲੇ 'ਚ ਮਾਹੀਆ ਬੈਠਾ
ਦਰਵਾਜੇ ਭੰਨ।
ਕਰਨ ਜੋ ਸੇਵਾ ਪਿਰ ਸੰਦੀ
ਉਹ ਧੰਨ ਸੁਹਾਗਣ ਹਨ।
ਸਫਲ ਜੀਵਨ 'ਨਾਕਾਮ' ਹੈ
ਜਿ ਹੋਏ ਮੁਰਸ਼ਦ ਪ੍ਰਸੰਨ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਚਾਨਣ ਦਾ ਇੱਕ ਵੱਡਾ ਗੋ਼ਲਾ
ਧਰਤੀ ਦੀ ਪ੍ਰਕਰਮਾ ਵਿਚ ਲੱਗਿਆ।
ਕਦੇ ਦੂਰ ਜਾਏ ਕਦੇ ਨੇੜੇ ਆਵੇ
ਕੁਦਰਤ ਦੇ ਨੇਮਾਂ ਵਿਚ ਬੱਝਿਆ।
ਚਟਾਨਾਂ ਉੱਤੇ ਟਿਕਿਆ ਜਾਪੇ
ਸੋਨ ਸੁਨਹਿਰੀ ਹੋ ਕੇ ਸਜਿਆ।
***– ਜਗਮੀਤ ਸਿੰਘ ਪੰਧੇਰ***
***ਫੋਨ:+1 403 439 2008***

---

ਧਰਤੀ ਮਾਂ ਦਾ ਮੁੜੰਘਾ,
ਚੜ੍ਹਿਆ ਚੌਦਵੀਂ ਦਾ ਚੰਦ
ਪਿਤਾ ਦੀ ਰੌਸ਼ਨੀ ਨਾਲ ਚਮਕੇ
ਮਾਂ ਪਿਓ ਦਾ ਪ੍ਰਤੀਬਿੰਬ
ਗ੍ਰਹਿਣ ਵੇਲੇ ਚੰਦਾ ਵੇ ਤੇਰੀ ਚਾਨਣੀ
ਆਸ਼ਕਾਂ ਦੀ ਜੋੜੀ
ਝਾਤ ਪਾਵੇ ਵਿਚੋਂ ਛਾਨਣੀ।
ਤਿੱਥਾਂ ਵਾਰਾਂ ਦੇ ਹਿਸਾਬ
ਵਿਆਹੀਆਂ ਕੁੜੀਆਂ ਰੱਖਣ
ਕਰਵਾ ਚੌਥ ਦਾ ਵਰਤ
ਲੰਮੀ ਉਮਰ ਭੋਗੇ ਖਾਵੰਦ
ਕਦੇ ਤੂੰ ਹੋ ਜਾਂਦਾ ਈਦ ਦਾ ਚੰਦ
ਕਦੀ ਗੁਰਦੁਆਰਿਆਂ ਵਿਚ
ਸੰਗਰਾਂਦ ਨੂੰ ਤੇਰੇ ਨਾਂ ਦਾ
ਕੱਢਿਆ ਜਾਂਦਾ ਦਸਵੰਧ
ਹਿੰਦੂ ਧਰਮ ਵਿਚ ਰਾਧਾ ਕ੍ਰਿਸ਼ਨ
ਹੁੰਦੇ ਤੈਥੋਂ ਆਸਵੰਦ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਚੰਨ ਅੱਜ ਸਾਡੇ ਨੇੜੇ ਆਇਆ ਹੈ
ਦਰਸ਼ਨ ਕਰ ਲਓ ਬਿਨਾਂ ਟਿਕਟ ਤੋਂ
ਅਮਨ ਸ਼ਾਂਤੀ ਸੰਗ ਲਿਆਇਆ ਹੈ
ਕੁੱਲ ਦੁਨੀਆ ਵਿਚ ਕੋਈ ਨੀ ਪੂਰਾ
ਜੱਗ ਨੂੰ ਸੰਦੇਸ਼ ਸੁਣਾਇਆ ਹੈ।
ਚੰਨ ਵਾਂਗੂ ਦੁਨੀਆ ਵਿਚ ਚਮਕੋ
ਸਾਨੂੰ ਚੰਨ ਨੇ ਇਹ ਸਮਝਾਇਆ ਹੈ।
***-ਲੇਕ ਨਾਥ ਸ਼ਰਮਾ***
***ਫੋਨ: 94171-76877***

# ਲੋਕਤੰਤਰ ਦੀ ਜਿੱਤ ਹੈ ਮਾਰੀਆ ਕਰੀਨਾ ਮਚਾਡੋ ਨੂੰ ਨੋਬੇਲ ਪੁਰਸਕਾਰ ਪ੍ਰਾਪਤ ਹੋਣਾ

ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰ ਰਹੀ ਵੈਨੇਜ਼ੁਏਲਾ ਦੀ ਲੋਕ ਆਗੂ ਮਾਰੀਆ ਕਰੀਨਾ ਮਚਾਡੋ ਨੂੰ ਸੰਸਾਰ ਪ੍ਰਸਿੱਧ ਨੋਬੇਲ ਪੁਰਸਕਾਰ ਮਿਲਣਾ ਲੋਕਤੰਤਰ ਦੀ ਜਿੱਤ ਹੈ। ਨੋਬੇਲ ਪੁਰਸਕਾਰ ਕੋਈ ਆਮ ਪੁਰਸਕਾਰ

**ਬਲਵਿੰਦਰ ਸਿੰਘ ਭੁੱਲਰ**
**ਫੋਨ: 098882-75913**

ਨਹੀਂ ਹੈ, ਸੰਸਾਰ ਦਾ ਸਭ ਤੋਂ ਵੱਡਾ ਸਨਮਾਨ ਹੈ, ਜੋ 1895 ਵਿਚ ਰਸਾਇਣ ਵਿਗਿਆਨੀ ਤੇ ਵਪਾਰੀ ਅਲਫਰੈਡ ਨੋਬੇਲ ਦੇ ਨਾਂ 'ਤੇ ਸ਼ੁਰੂ ਕੀਤਾ ਗਿਆ ਸੀ। ਇਹ ਐਵਾਰਡ ਮੈਡੀਸਨ, ਰਸਾਇਣ ਵਿਗਿਆਨ, ਸਾਹਿਤ, ਭੌਤਿਕ ਵਿਗਿਆਨ, ਸ਼ਾਂਤੀ ਅਤੇ ਅਰਥ ਸ਼ਾਸਤਰ ਦੇ ਖੇਤਰ ਵਿਚ ਕੰਮ ਕਰਨ ਦੇ ਆਧਾਰ 'ਤੇ ਹਰ ਸਾਲ ਰਾਇਲ ਸਵੀਡਿਸ਼ ਅਕੈਡਮੀ ਆਫ਼ ਸਾਇੰਸ ਵੱਲੋਂ ਦਿੱਤਾ ਜਾਂਦਾ ਹੈ। ਇਹ ਸਨਮਾਨ ਕੰਮ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ, ਇਸ ਲਈ ਉਮਰ ਦੀ ਕੋਈ ਸੀਮਾ ਨਹੀਂ ਹੈ। ਇਹ ਪੁਰਸਕਾਰ ਸਭ ਤੋਂ ਛੋਟੀ ਉਮਰ ਵਿਚ 17 ਸਾਲਾ ਮਲਾਲਾ ਯੂਸਫ਼ਜ਼ਈ ਨੂੰ ਸ਼ਾਂਤੀ ਪੁਰਸਕਾਰ ਵਜੋਂ 2014 ਵਿਚ ਅਤੇ ਜੋਹਨ ਬੀ ਗੁੱਡਨਫ ਨੂੰ 97 ਸਾਲ ਦੀ ਉਮਰ ਵਿਚ ਰਸਾਇਣ ਵਿਗਿਆਨ ਪੁਰਸਕਾਰ ਵਜੋਂ 2019 ਵਿਚ ਦਿੱਤਾ ਗਿਆ ਸੀ। ਭਾਰਤ ਦੇ ਸੱਤ ਵਿਅਕਤੀਆਂ ਰਬਿੰਦਰ ਨਾਥ ਟੈਗੋਰ, ਸੀ ਵੀ ਰਮਨ, ਮਦਰ ਟੈਰੇਸਾ, ਸੁਬਰਾਮਨੀਅਮ ਚੰਦਰ ਸ਼ੇਖਰ, ਅਮਰਤਿਆ ਸੇਨ, ਵੈਂਕਟਰਮਨ ਰਾਮ ਕ੍ਰਿਸ਼ਨਣ ਤੇ ਕੈਲਾਸ਼ ਸਤਿਆਰਥੀ ਨੂੰ ਇਹ ਸਨਮਾਨ ਮਿਲ ਚੁੱਕਾ ਹੈ।

ਇਸ ਵਾਰ ਨੋਬੇਲ ਪੁਰਸਕਾਰ ਕਮੇਟੀ ਵੱਲੋਂ ਕੁੱਲ 338 ਨਾਵਾਂ 'ਤੇ ਵਿਚਾਰ ਕੀਤੀ ਜਾ ਰਹੀ ਸੀ, ਜਿਸ ਵਿਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਮਾਰੀਆ ਕਰੀਨਾ ਮਚਾਡੋ ਦਾ ਨਾਂ ਵੀ ਸ਼ਾਮਲ ਸੀ। ਇਹ ਇਨਾਮ ਪ੍ਰਾਪਤ ਕਰ ਲੈਣ ਦੀ ਟਰੰਪ ਨੂੰ ਵੱਡੀ ਉਮੀਦ ਸੀ, ਉਸਦਾ ਕਹਿਣਾ ਸੀ ਕਿ ਉਸ ਨੇ ਅੱਠ ਦੇਸ਼ਾਂ ਦੀਆਂ ਜੰਗਾਂ ਰੋਕੀਆਂ ਹਨ, ਇਸ ਲਈ ਉਹ ਸ਼ਾਂਤੀ ਦੇ ਆਧਾਰ 'ਤੇ ਨੋਬੇਲ ਪੁਰਸਕਾਰ ਦਾ ਹੱਕਦਾਰ ਹੈ। ਕਈ ਹੋਰ ਦੇਸ਼ਾਂ ਪਾਕਿਸਤਾਨ, ਇਜ਼ਰਾਈਲ, ਅਮੇਨੀਆ, ਅਜ਼ਰਵੇਨ, ਕੰਬੋਡੀਆ, ਰਵਾਂਡਾ ਆਦਿ ਨੇ ਵੀ ਟਰੰਪ ਨੂੰ ਇਹ ਸਨਮਾਨ ਦੇਣ ਦਾ ਸਮਰਥਨ ਕੀਤਾ ਸੀ। ਪਰ ਚੋਣ ਕਮੇਟੀ ਨੇ ਸਾਰੇ ਪੱਖਾਂ ਨੂੰ ਡੂੰਘਾਈ ਨਾਲ ਵਿਚਾਰਨ ਉਪਰੰਤ ਇਹ ਸਨਮਾਨ



ਵੈਨੇਜ਼ੁਏਲਾ ਦੀ ਮਾਰੀਆ ਕਰੀਨਾ ਮਚਾਡੋ ਦੀ ਝੋਲੀ ਵਿਚ ਪਾ ਦਿੱਤਾ ਹੈ। ਟਰੰਪ ਲਈ ਇਹ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

ਮਚਾਡੋ ਲੰਬੇ ਸਮੇਂ ਤੋਂ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰ ਰਹੀ ਹੈ। 7 ਅਕਤੂਬਰ 1967 ਨੂੰ ਜਨਮੀ ਮਚਾਡੋ ਉਦਯੋਗਿਕ ਇੰਜਨੀਅਰ ਹੈ। ਉਹ 2002 ਵਿਚ ਸਿਆਸਤ ਵਿਚ ਸ਼ਾਮਲ ਹੋ ਗਈ ਸੀ। 2010 ਵਿਚ ਉਹ ਲੋਕ ਸਭਾ ਲਈ ਚੁਣੀ ਗਈ, ਪਰ ਉੱਥੋਂ ਦੀ ਤਾਨਾਸ਼ਾਹ ਸਰਕਾਰ ਵੱਲੋਂ 2014 ਵਿਚ ਉਸਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ। ਇਸ ਉਪਰੰਤ ਉਸਨੇ ਵੇਨਤੇ ਵੈਨਜ਼ੁਏਲਾ ਨਾਂ ਦੀ ਪਾਰਟੀ ਸਥਾਪਤ ਕੀਤੀ, ਗੱਠਜੋੜ ਬਣਾਇਆ ਅਤੇ ਤਾਨਾਸ਼ਾਹ ਸਰਕਾਰ ਵਿਰੁੱਧ ਸੰਘਰਸ਼ ਸ਼ੁਰੂ ਕੀਤਾ। ਇਸ ਸਮੇਂ ਉਹ ਦੇਸ਼ ਦੀ ਵਿਰੋਧੀ ਧਿਰ ਦੀ ਨੇਤਾ ਵਜੋਂ ਸੇਵਾਵਾਂ ਨਿਭਾ ਰਹੀ ਹੈ। ਮੌਜੂਦਾ ਸਰਕਾਰ ਨੇ ਉਸ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ, ਗ੍ਰਿਫ਼ਤਾਰੀ ਦੀਆਂ ਧਮਕੀਆਂ ਦਿੱਤੀਆਂ, ਸਫ਼ਰ ਕਰਨ 'ਤੇ ਰੋਕ ਲਗਾਈ, ਪਰ ਉਹ ਰੁਕੀ ਨਹੀਂ ਦੇਸ਼ ਦੀ ਮੌਜੂਦਾ ਤਾਨਾਸ਼ਾਹ ਸਰਕਾਰ ਵਿਰੁੱਧ ਲੜਦੀ ਰਹੀ। ਉਹ ਕਹਿੰਦੀ ਹੈ ਕਿ ਲੋਕਤੰਤਰ ਦਾ ਹਥਿਆਰ ਹੀ ਸ਼ਾਂਤੀ ਦਾ ਹਥਿਆਰ ਹੈ ਅਤੇ ਇਸ ਹਥਿਆਰ ਨਾਲ ਉਹ ਸਾਰੀ ਜ਼ਿੰਦਗੀ ਜੂਝਦੀ ਰਹੇਗੀ।

ਵਿਗਿਆਨੀ ਅਲਫਰੈਡ ਨੋਬੇਲ ਨੇ ਕਿਹਾ ਸੀ ਕਿ ਸ਼ਾਂਤੀ ਲਈ ਸਭ ਤੋਂ ਚੰਗਾ ਕੰਮ ਭਾਈਚਾਰੇ ਨੂੰ ਵਧਾਉਣਾ ਹੈ। ਮਚਾਡੋ ਨੇ ਵੀ ਸੰਘਰਸ਼ ਕਰਦਿਆਂ ਭਾਈਚਾਰਕ ਏਕੇ ਨੂੰ ਵਧਾਇਆ ਹੈ ਅਤੇ ਸੱਚ 'ਤੇ ਪਹਿਰਾ ਦਿੰਦਿਆਂ ਤਾਨਾਸ਼ਾਹੀ ਦਾ ਡਟ ਕੇ ਵਿਰੋਧ ਕੀਤਾ ਹੈ। ਉਸ ਦੀਆਂ ਸੇਵਾਵਾਂ ਅਤੇ ਮਿਹਨਤ ਨੂੰ ਵੇਖਦਿਆਂ ਹੀ ਨੋਬੇਲ ਕਮੇਟੀ ਦੇ ਚੇਅਰਮੈਨ ਜੋਰਗੇਨ ਵਾਟਨੇ ਨੇ ਨਾਰਵੇ ਦੀ ਰਾਜਧਾਨੀ ਓਸਲੋ ਵਿਖੇ ਐਲਾਨ ਕਰਦਿਆਂ ਕਿਹਾ, 'ਇਹ ਪੁਰਸਕਾਰ ਇੱਕ ਅਜਿਹੀ ਮਹਿਲਾ ਨੂੰ ਦਿੱਤਾ ਜਾ ਰਿਹਾ ਹੈ, ਜਿਸਨੇ ਵਧਦੇ ਹੋਏ ਹਨੇਰੇ ਵਿਚ ਲੋਕਤੰਤਰ ਦੀ ਲੋਅ ਜਗਾਈ ਹੈ।' ਇਸ ਸਨਮਾਨ ਵਿਚ ਸੰਸਾਰ ਪੱਧਰ ਦੇ ਮੈਡਲ ਦੇ ਨਾਲ ਸੱਤ ਕਰੋੜ ਦੀ ਰਾਸ਼ੀ ਵੀ ਦਿੱਤੀ ਜਾਂਦੀ ਹੈ।

ਦੁਨੀਆ ਭਰ 'ਚੋਂ ਤਾਨਾਸ਼ਾਹੀ ਦੇ ਵਿਰੁੱਧ ਸੰਘਰਸ਼ ਕਰ ਰਹੀ ਅਤੇ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਲਈ ਜੱਦੋ-ਜਹਿਦ ਕਰਨ ਵਾਲੀ ਮਹਿਲਾ ਨੂੰ ਇਹ ਸਨਮਾਨ ਮਿਲਣਾ ਸਮੁੱਚੀ ਦੁਨੀਆ ਲਈ ਮਾਣ ਵਾਲੀ ਗੱਲ ਹੈ। ਇਹ ਸਨਮਾਨ ਹੱਕਾਂ ਲਈ ਜੂਝਣ ਵਾਲੇ ਲੋਕਾਂ ਵਾਸਤੇ ਇੱਕ ਵੱਡਾ ਸੁਨੇਹਾ ਵੀ ਹੈ। ਇਹ ਲੋਕਤੰਤਰ ਦੀ ਜਿੱਤ ਹੈ।

# ਦੀਵਾਲੀ ਅਤੇ ਬੰਦੀ ਛੋੜ ਦਿਵਸ: ਰੌਸ਼ਨੀ, ਆਜ਼ਾਦੀ ਅਤੇ ਆਤਮਿਕ ਜਾਗਰਤੀ ਦਾ ਪਵਿੱਤਰ ਸੰਦੇਸ਼

ਭਾਰਤੀ ਸੰਸਕ੍ਰਿਤੀ ਵਿਚ ਦੀਵਾਲੀ ਸਿਰਫ਼ ਚਾਨਣਾਂ ਦਾ ਤਿਉਹਾਰ ਨਹੀਂ, ਸਗੋਂ ਅੰਧਕਾਰ ਉੱਤੇ ਰੌਸ਼ਨੀ ਦੀ ਜਿੱਤ, ਅਸੁਰਤਾ ਉੱਤੇ ਨੇਕੀ ਦੀ ਜਿੱਤ ਅਤੇ ਗੁਲਾਮੀ ਉੱਤੇ ਆਜ਼ਾਦੀ ਦਾ ਪ੍ਰਤੀਕ ਹੈ। ਇਹ ਤਿਉਹਾਰ ਭਾਵਨਾ, ਵਿਸ਼ਵਾਸ, ਤੇ ਆਤਮਿਕ ਸ਼ਕਤੀ ਦਾ ਪ੍ਰਤੀਕ ਹੈ। ਜਿਵੇਂ ਹਰ ਦੀਵਾ ਹਨੇਰੇ ਨੂੰ ਮਿਟਾਉਂਦਾ ਹੈ, ਤਿਵੇਂ ਹਰ ਚੰਗਾ ਵਿਚਾਰ ਦੁਨੀਆ ਵਿਚ ਉਮੀਦ

**ਗੁਰਬਿੰਦਰ ਗੁਰੀ**
**ਫੋਨ: +447951 590424**

ਦੀ ਰੌਸ਼ਨੀ ਫੈਲਾਉਂਦਾ ਹੈ।

**ਦੀਵਾਲੀ ਦਾ ਇਤਿਹਾਸਕ ਪਿਛੋਕੜ**

ਦੀਵਾਲੀ ਦੀਆਂ ਜੜ੍ਹਾਂ ਭਾਰਤ ਦੇ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥਾਂ ਅਤੇ ਕਥਾਵਾਂ ਵਿਚ ਮਿਲਦੀਆਂ ਹਨ।

ਸਭ ਤੋਂ ਪ੍ਰਸਿੱਧ ਕਥਾ ਰਾਮਾਯਣ ਨਾਲ ਜੁੜੀ ਹੈ। ਕਹਾਣੀ ਅਨੁਸਾਰ, ਭਗਵਾਨ ਰਾਮਚੰਦਰ ਜੀ ਨੇ 14 ਸਾਲਾਂ ਦਾ ਵਨਵਾਸ ਪੂਰਾ ਕਰਕੇ ਅਤੇ ਰਾਵਣ ਉੱਤੇ ਜਿੱਤ ਹਾਸਲ ਕਰਨ ਤੋਂ ਬਾਅਦ ਜਦੋਂ ਅਯੋਧਿਆ ਵਾਪਸੀ ਕੀਤੀ, ਤਾਂ ਅਯੋਧਿਆ ਵਾਸੀਆਂ ਨੇ ਖੁਸ਼ੀ ਵਿਚ ਸਾਰੇ ਸ਼ਹਿਰ ਨੂੰ ਦੀਵਿਆਂ ਨਾਲ ਜਗਮਗ-ਜਗਮਗ ਕਰ ਦਿੱਤਾ। ਉਸ ਸਮੇਂ ਤੋਂ ਇਹ ਦਿਨ 'ਦੀਪਾਵਲੀ' ਜਾਂ 'ਦੀਵਾਲੀ' ਵਜੋਂ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸਾਨੂੰ ਸਦਾ ਯਾਦ ਦਿਵਾਉਂਦਾ ਹੈ ਕਿ ਜੀਵਨ ਵਿਚ ਕਿੰਨਾ ਵੀ ਹਨੇਰਾ ਆ ਜਾਵੇ, ਸੱਚਾਈ ਤੇ ਨੇਕੀ ਦੀ ਜਿੱਤ ਨਿਸ਼ਚਿਤ ਹੈ।

**ਵੱਖ-ਵੱਖ ਧਰਮਾਂ ਵਿਚ ਦੀਵਾਲੀ ਦਾ ਮਹੱਤਵ**

ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ, ਪਰ ਹਰੇਕ ਧਰਮ ਨੇ ਇਸ ਤਿਉਹਾਰ ਨੂੰ ਆਪਣੀ ਆਤਮਿਕ ਪਰੰਪਰਾ ਨਾਲ ਜੋੜਿਆ ਹੈ। ਹਿੰਦੂ ਧਰਮ ਵਿਚ ਦੀਵਾਲੀ ਰਾਮਚੰਦਰ ਜੀ ਦੀ ਵਾਪਸੀ ਨਾਲ ਜੋੜੀ ਜਾਂਦੀ ਹੈ। ਇਸ ਦਿਨ ਮਾਤਾ ਲਕਸ਼ਮੀ ਦੀ ਪੂਜਾ ਕੀਤੀ ਜਾਂਦੀ ਹੈ— ਧਨ, ਖੁਸ਼ਹਾਲੀ ਅਤੇ ਸੰਪੰਨਤਾ ਦੀ ਦੇਵੀ। ਲੋਕ ਵਿਸ਼ਵਾਸ ਕਰਦੇ ਹਨ ਕਿ ਜਿੱਥੇ ਸਫ਼ਾਈ, ਸ਼ਰਧਾ ਅਤੇ ਪਵਿੱਤਰਤਾ ਹੋਵੇ, ਉੱਥੇ ਮਾਂ ਲਕਸ਼ਮੀ ਆਉਂਦੀ ਹੈ।

ਜੈਨ ਧਰਮ ਵਿਚ ਜੈਨ ਭਾਈਚਾਰੇ ਲਈ ਇਹ ਦਿਨ ਪਵਿੱਤਰ ਇਸ ਕਰਕੇ ਹੈ ਕਿ ਇਸ ਦਿਨ ਭਗਵਾਨ ਮਹਾਵੀਰ ਜੀ ਨੇ ਮੋਖਸ਼ ਪ੍ਰਾਪਤ ਕੀਤਾ ਸੀ। ਇਹ ਆਤਮਿਕ ਮੁਕਤੀ ਦਾ ਪ੍ਰਤੀਕ ਦਿਨ ਹੈ।

**ਸਿੱਖ ਧਰਮ ਵਿਚ- ਬੰਦੀ ਛੋੜ ਦਿਵਸ**

ਸਿੱਖ ਇਤਿਹਾਸ ਵਿਚ ਇਹ ਦਿਨ 'ਬੰਦੀ ਛੋੜ ਦਿਵਸ' ਵਜੋਂ ਮੰਨਿਆ ਜਾਂਦਾ ਹੈ, ਜੋ ਆਜ਼ਾਦੀ, ਨਿਆਂ ਅਤੇ ਦਇਆ ਦਾ ਪ੍ਰਤੀਕ ਹੈ।

ਇਸ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਦੀ ਕੈਦ 'ਤੋਂ ਰਿਹਾਈ ਮਿਲੀ ਸੀ।

**ਬੰਦੀ ਛੋੜ ਦਿਵਸ ਦੀ ਇਤਿਹਾਸਕ ਘਟਨਾ**

ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਰੱਖਿਆ ਸੀ। ਉੱਥੇ ਕਈ ਹੋਰ ਹਿੰਦੂ ਰਾਜੇ ਵੀ ਕੈਦ ਸਨ, ਜਿਨ੍ਹਾਂ ਉੱਤੇ ਕੋਈ ਗੰਭੀਰ ਦੋਸ਼ ਨਹੀਂ ਸੀ। ਜਦੋਂ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਈ ਦੇਣ ਦਾ ਹੁਕਮ ਦਿੱਤਾ, ਤਾਂ ਗੁਰੂ ਸਾਹਿਬ ਨੇ ਬੇਨਤੀ ਕੀਤੀ ਕਿ ਉਹ ਤਾਂ ਹੀ ਕਿਲ੍ਹੇ ਤੋਂ ਬਾਹਰ ਜਾਣਗੇ ਜੇ ਸਾਰੇ 52 ਰਾਜੇ ਵੀ ਰਿਹਾ ਕੀਤੇ ਜਾਣ।

ਬਾਦਸ਼ਾਹ ਨੇ ਚਲਾਕੀ ਨਾਲ ਕਿਹਾ— 'ਜਿੰਨੇ ਤੇਰੇ ਚੋਲੇ ਨਾਲ ਫੜੇ ਜਾ ਸਕਣ, ਉਹੀ ਰਿਹਾਈ ਪਾਉਣਗੇ।' ਤਦ ਗੁਰੂ ਜੀ ਨੇ ਇੱਕ ਖਾਸ ਚੋਲਾ ਤਿਆਰ ਕਰਵਾਇਆ ਜਿਸ ਦੇ 52 ਫੁੱਲੇ ਸਿਲਾਏ ਗਏ। ਹਰੇਕ ਰਾਜਾ ਉਸ ਚੋਲੇ ਦੇ ਇਕ-ਇਕ ਫੁੱਲੇ ਨੂੰ ਫੜਕੇ ਕਿਲ੍ਹੇ ਤੋਂ ਬਾਹਰ ਨਿਕਲਿਆ।

ਉਸ ਦਿਨ ਗੁਰੂ ਜੀ ਸਿਰਫ਼ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੀ ਆਜ਼ਾਦੀ ਲਈ ਲੜਨ ਵਾਲੇ ਮਹਾਨ ਯੋਧੇ ਵਜੋਂ ਪ੍ਰਗਟ ਹੋਏ। ਇਹੀ ਕਾਰਨ ਹੈ ਕਿ ਸਿੱਖ ਜਗਤ ਵਿਚ ਇਸ ਦਿਨ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ।

**ਸ੍ਰੀ ਹਰਿਮੰਦਰ ਸਾਹਿਬ ਦੀ ਰੌਸ਼ਨੀ**

ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਇਸ ਦਿਨ ਖਾਸ ਸ਼ਾਨ ਨਾਲ ਦੀਵੇ ਜਗਾਏ ਜਾਂਦੇ ਹਨ। ਹਜ਼ਾਰਾਂ ਸ਼ਰਧਾਲੂ ਇਸ ਪਵਿੱਤਰ ਥਾਂ 'ਤੇ ਦਰਸ਼ਨ ਕਰਨ ਆਉਂਦੇ ਹਨ। ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਦੀਵਿਆਂ ਦੀ ਰੌਸ਼ਨੀ ਦਾ ਪਰਛਾਵਾਂ ਇੱਕ ਆਤਮਿਕ ਅਨੁਭਵ ਪੈਦਾ ਕਰਦਾ ਹੈ, ਜਿਵੇਂ ਆਕਾਸ਼ ਤੋਂ ਤਾਰੇ ਧਰਤੀ 'ਤੇ ਉਤਰ ਆਏ ਹੋਣ।



ਇਹ ਦ੍ਰਿਸ਼ ਦਿਲ ਨੂੰ ਸਿਰਫ਼ ਖੁਸ਼ੀ ਨਹੀਂ ਦਿੰਦਾ, ਸਗੋਂ ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਸੱਚੀ ਆਜ਼ਾਦੀ ਦਿਲ ਦੇ ਬੰਧਨਾਂ ਤੋਂ ਮੁਕਤੀ ਵਿਚ ਹੈ।

**ਦੀਵਾਲੀ ਦੇ ਪੰਜ ਦਿਨ: ਰਿਵਾਜ ਤੇ ਰੰਗ**

ਧਨਤੇਰਸ - ਧਨ ਤੇ ਸਿਹਤ ਦਾ ਤਿਉਹਾਰ, ਇਸ ਦਿਨ ਨਵੇਂ ਬਰਤਨ ਜਾਂ ਧਨ ਦੀ ਖਰੀਦ ਸ਼ੁਭ ਮੰਨੀ ਜਾਂਦੀ ਹੈ।

ਨਰਕ ਚਤੁਰਦਸ਼ੀ (ਛੋਟੀ ਦੀਵਾਲੀ) - ਭਗਵਾਨ ਕ੍ਰਿਸ਼ਨ ਵੱਲੋਂ ਨਰਕਾਸੁਰ ਦੇ ਸੰਹਾਰ ਦੀ ਯਾਦ।

ਦੀਵਾਲੀ ਦਾ ਮੁੱਖ ਦਿਨ- ਮਾਂ ਲਕਸ਼ਮੀ ਤੇ ਭਗਵਾਨ ਗਣੇਸ਼ ਦੀ ਪੂਜਾ, ਘਰਾਂ ਦੀ ਸਜਾਵਟ, ਦੀਵੇ ਤੇ ਖੁਸ਼ੀਆਂ।

ਗੋਵਰਧਨ ਪੂਜਾ- ਭਗਵਾਨ ਕ੍ਰਿਸ਼ਨ ਵੱਲੋਂ ਗੋਵਰਧਨ ਪਹਾੜ ਚੁੱਕਣ ਦੀ ਘਟਨਾ ਦੀ ਯਾਦ।

ਭਈਆ ਦੂਜ- ਭੈਣ-ਭਰਾ ਦੇ ਪਿਆਰ ਤੇ ਸੁਰੱਖਿਆ ਦਾ ਪ੍ਰਤੀਕ ਦਿਨ।

ਵਾਤਾਵਰਣਕ ਜ਼ਿੰਮੇਵਾਰੀ: ਗ੍ਰੀਨ ਦੀਵਾਲੀ

ਸਮੇਂ ਦੇ ਨਾਲ, ਦੀਵਾਲੀ ਦਾ ਰੂਪ ਵਾਤਾਵਰਣ ਲਈ ਚੁਣੌਤੀ ਬਣ ਗਿਆ ਹੈ। ਪਟਾਕਿਆਂ ਦੀ ਆਵਾਜ਼ ਤੇ ਧੂੰਏ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ।

ਇਸ ਲਈ, ਅੱਜ ਦੀ ਜ਼ਰੂਰਤ ਹੈ ਕਿ ਅਸੀਂ ਗ੍ਰੀਨ ਦੀਵਾਲੀ ਮਨਾਈਏ— ਜਿੱਥੇ ਚਾਨਣ ਤਾਂ ਹੋਵੇ, ਪਰ ਪ੍ਰਦੂਸ਼ਣ ਨਾ ਹੋਵੇ।

ਦੀਵੇ ਤੇ ਮੋਮਬੱਤੀਆਂ ਜਗਾਉਣਾ, ਦਰੱਖਤ ਲਗਾਉਣਾ, ਗਰੀਬਾਂ ਨਾਲ ਮਿਠਾਈ ਸਾਂਝੀ ਕਰਨਾ— ਇਹ ਸੱਚੀ ਦੀਵਾਲੀ ਹੈ।

**ਆਤਮਿਕ ਅਰਥ:**

ਚਾਨਣ ਬਾਹਰ ਨਹੀਂ, ਅੰਦਰ ਹੈ। ਦੀਵਾਲੀ ਸਾਨੂੰ ਸਿਖਾਉਂਦੀ ਹੈ ਕਿ ਰੌਸ਼ਨੀ ਸਿਰਫ਼ ਦੀਵਿਆਂ ਵਿਚ ਨਹੀਂ, ਸਗੋਂ ਮਨੁੱਖ ਦੇ ਅੰਦਰਲੇ ਚਾਨਣ ਵਿਚ ਹੈ। ਜੇਕਰ ਅਸੀਂ ਆਪਣੇ ਮਨ ਦੇ ਅੰਧਕਾਰ (ਲੋਭ, ਗੁੱਸੇ, ਈਰਖਾ ਤੇ ਅਹੰਕਾਰ) ਨੂੰ ਮਿਟਾ ਦਈਏ, ਤਾਂ ਹਰ ਦਿਨ ਦੀਵਾਲੀ ਹੋ ਸਕਦੀ ਹੈ।

ਬੰਦੀ ਛੋੜ ਦਿਵਸ ਵੀ ਇਹੀ ਸਿਖਾਉਂਦਾ ਹੈ ਕਿ ਜਦੋਂ ਤੂੰ ਸਿਰਫ਼ ਆਪਣੇ ਲਈ ਨਹੀਂ, ਸਗੋਂ ਹੋਰਾਂ ਦੀ ਆਜ਼ਾਦੀ ਲਈ ਖੜ੍ਹਾ ਹੁੰਦਾ ਹੈਂ, ਤਦ ਤੂੰ ਅਸਲ ਵਿਚ ਚਾਨਣ ਦਾ ਦੀਵਾ ਬਣਦਾ ਹੈਂ।

**ਸਮਾਜਕ ਇਕਤਾ ਦਾ ਪ੍ਰਤੀਕ**

ਦੀਵਾਲੀ ਸਿਰਫ਼ ਧਾਰਮਿਕ ਤਿਉਹਾਰ ਨਹੀਂ, ਸਗੋਂ ਸਮਾਜਕ ਏਕਤਾ ਦਾ ਵੀ ਪ੍ਰਤੀਕ ਹੈ।

ਇਸ ਦਿਨ ਹਰ ਧਰਮ, ਹਰ ਜਾਤ ਤੇ ਹਰ ਵਰਗ ਦੇ ਲੋਕ ਇਕੱਠੇ ਹੋ ਕੇ ਖੁਸ਼ੀ ਮਨਾਉਂਦੇ ਹਨ।

ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਜੇ ਅਸੀਂ ਮਿਲਜੁਲ ਕੇ ਰਹੀਏ, ਤਾਂ ਦੁਨੀਆਂ ਦਾ ਹਰ ਕੋਨਾ ਚਾਨਣ ਨਾਲ ਭਰ ਸਕਦਾ ਹੈ।

**ਬੰਦੀ ਛੋੜ ਦਾ ਅਸਲੀ ਅਰਥ**

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਹ ਸੰਦੇਸ਼ ਸਦੀਵ ਪ੍ਰੇਰਨਾ ਦਿੰਦਾ ਹੈ ਕਿ ਮਨੁੱਖ ਦੀ ਅਸਲੀ ਜਿੱਤ ਦੂਜਿਆਂ ਨੂੰ ਬੰਧਨਾਂ ਤੋਂ ਆਜ਼ਾਦ ਕਰਾਉਣ ਵਿਚ ਹੈ। ਜਿਸ ਦਿਨ ਅਸੀਂ ਦੂਜਿਆਂ ਦੀ ਖੁਸ਼ੀ ਨੂੰ ਆਪਣੀ ਖੁਸ਼ੀ ਬਣਾਵਾਂਗੇ, ਉਹ ਦਿਨ ਹੀ ਅਸਲ ਦੀਵਾਲੀ ਤੇ ਬੰਦੀ ਛੋੜ ਦਿਵਸ ਹੈ।

ਦੀਵਾਲੀ ਤੇ ਬੰਦੀ ਛੋੜ ਦਿਵਸ ਸਿਰਫ਼ ਦੋ ਤਿਉਹਾਰ ਨਹੀਂ— ਇਹ ਜੀਵਨ ਦੇ ਦੋ ਅਸੂਲ ਹਨ:

ਰੌਸ਼ਨੀ ਅੰਧਕਾਰ ਨੂੰ ਮਿਟਾਉਂਦੀ ਹੈ,
ਆਜ਼ਾਦੀ ਗੁਲਾਮੀ ਨੂੰ ਤੋੜਦੀ ਹੈ।

ਜਦੋਂ ਅਸੀਂ ਆਪਣੇ ਅੰਦਰ ਦੀ ਰੌਸ਼ਨੀ ਜਗਾਉਂਦੇ ਹਾਂ ਤੇ ਹੋਰਾਂ ਦੀ ਜ਼ਿੰਦਗੀ ਵਿਚ ਵੀ ਚਾਨਣ ਕਰਦੇ ਹਾਂ, ਤਦ ਅਸੀਂ ਸੱਚੇ ਅਰਥਾਂ ਵਿਚ ਇਹ ਦਿਨ ਮਨਾਉਂਦੇ ਹਾਂ। ਅਸੀਂ ਸਾਰੇ ਮਿਲ ਕੇ ਇਹ ਪ੍ਰਣ ਕਰੀਏ ਕਿ ਇਹ ਦੀਵਾਲੀ ਸਿਰਫ਼ ਘਰਾਂ ਦੀ ਨਹੀਂ, ਸਗੋਂ ਦਿਲਾਂ ਦੀ ਰੌਸ਼ਨੀ ਹੋਵੇ, ਤੇ ਹਰ ਬੰਦੀ ਛੋੜ ਦਿਵਸ ਸਾਨੂੰ ਮਨੁੱਖਤਾ ਦੀ ਆਜ਼ਾਦੀ ਦੀ ਯਾਦ ਦਿਵਾਵੇ।

# ਮਾਂ ਦੇ ਵਿਸ਼ਵਾਸ ਦੀ ਜਿੱਤ

ਇੱਕ ਦਿਨ, ਇੱਕ ਛੋਟਾ ਜਿਹਾ ਮੁੰਡਾ ਭੱਜਦਾ ਹੋਇਆ ਘਰ ਆਇਆ। ਉਸਦੇ ਹੱਥ ਵਿਚ ਇੱਕ ਚਿੱਠੀ ਸੀ। ਉਸਨੇ ਉਹ ਚਿੱਠੀ ਆਪਣੀ ਮਾਂ ਨੂੰ ਦਿੱਤੀ ਅਤੇ ਕਿਹਾ:


'ਮਾਂ, ਇਹ ਚਿੱਠੀ ਮੇਰੇ ਅਧਿਆਪਕ ਨੇ ਤੁਹਾਡੇ ਲਈ ਭੇਜੀ ਹੈ ਅਤੇ ਕਿਹਾ ਹੈ ਕਿ ਸਿਰਫ਼ ਤੁਸੀਂ ਹੀ ਇਸਨੂੰ ਪੜ੍ਹੋ।'

ਮਾਂ ਨੇ ਚੁੱਪਚਾਪ ਚਿੱਠੀ ਖੋਲ੍ਹੀ ਅਤੇ ਪੜ੍ਹੀ। ਉਸਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ, ਪਰ ਉਸਨੇ ਆਪਣੇ ਪੁੱਤਰ ਨੂੰ ਮਹਿਸੂਸ ਨਾ ਹੋਣ ਦਿੱਤਾ। ਉਸਨੇ ਮੁਸਕਰਾਉਂਦੇ ਹੋਏ ਕਿਹਾ— 'ਪੁੱਤਰ, ਤੇਰੇ ਅਧਿਆਪਕ ਨੇ ਲਿਖਿਆ ਹੈ ਕਿ ਤੂੰ ਬਹੁਤ ਹੀ ਪ੍ਰਤਿਭਾਵਾਨ ਹੈਂ। ਇਹ ਸਕੂਲ ਤੇਰੇ ਲਈ ਬਹੁਤ ਛੋਟਾ ਹੈ ਅਤੇ ਇੱਥੇ ਅਜਿਹੇ ਅਧਿਆਪਕ ਨਹੀਂ ਹਨ, ਜੋ ਤੇਰੀ ਪ੍ਰਤਿਭਾ ਨੂੰ ਸਹੀ ਢੰਗ ਨਾਲ ਸੇਧ ਦੇ ਸਕਣ। ਉਹ ਚਾਹੁੰਦੇ ਹਨ ਕਿ ਮੈਂ ਤੈਨੂੰ ਘਰ ਵਿਚ ਹੀ ਪੜ੍ਹਾਵਾਂ।'

ਅਤੇ ਫਿਰ ਅਜਿਹਾ ਹੀ ਹੋਇਆ। ਉਹ ਔਰਤ, ਜਿਸਨੇ ਕਾਲਜ ਦੀ ਪੜ੍ਹਾਈ ਵੀ ਨਹੀਂ ਕੀਤੀ ਸੀ, ਆਪਣੇ ਪੁੱਤਰ ਦੀ ਅਧਿਆਪਕਾ ਬਣੀ, ਉਸਦੀ ਮਾਰਗਦਰਸ਼ਕ ਬਣੀ, ਉਸਦੀ ਸਭ ਤੋਂ ਵੱਡੀ ਵਿਸ਼ਵਾਸਪਾਤਰ ਬਣੀ। ਉਸਨੇ ਧੀਰਜ, ਪਿਆਰ ਅਤੇ ਅਟੁੱਟ ਵਿਸ਼ਵਾਸ ਨਾਲ ਉਸਨੂੰ ਪੜ੍ਹਾਇਆ। ਇੱਕ ਬਿਹਤਰ ਸਕੂਲੀ ਸਿੱਖਿਆ ਉਸਨੂੰ ਦਿੱਤੀ। ਉਸਨੇ ਉਸ ਵਿਚ ਕੋਈ ਕਮੀ ਨਹੀਂ ਦੇਖੀ ਬਲਕਿ ਦੇਖਿਆ ਤਾਂ ਸਿਰਫ਼ ਇੱਕ ਭਰੋਸਾ, ਇੱਕ ਸੰਭਾਵਨਾ।

ਉਹ ਬੱਚਾ ਸੀ ਥਾਮਸ ਅਲਵਾ ਐਡੀਸਨ।

ਕਈ ਸਾਲਾਂ ਬਾਅਦ, ਜਦੋਂ ਐਡੀਸਨ ਨੂੰ ਦੁਨੀਆ ਦੇ ਸਭ ਤੋਂ ਮਸ਼ਹੂਰ ਖੋਜੀਆਂ ਵਿਚੋਂ ਇੱਕ ਮੰਨਿਆ ਜਾਂਦਾ ਸੀ, ਤਾਂ ਇੱਕ ਦਿਨ ਉਨ੍ਹਾਂ ਨੂੰ



ਆਪਣੇ ਪੁਰਾਣੇ ਸਮਾਨ ਵਿਚੋਂ ਉਹੀ ਚਿੱਠੀ ਮਿਲੀ। ਬੜੀ ਉਤਸੁਕਤਾ ਨਾਲ ਉਨ੍ਹਾਂ ਉਸਨੂੰ ਖੋਲ੍ਹਿਆ ਅਤੇ ਪੜ੍ਹ ਕੇ ਹੈਰਾਨ ਰਹਿ ਗਏ।

ਉਸ ਵਿਚ ਲਿਖਿਆ ਸੀ— 'ਤੁਹਾਡਾ ਪੁੱਤਰ ਗੰਭੀਰ ਮਾਨਸਿਕ ਸਮੱਸਿਆਵਾਂ ਤੋਂ ਪੀੜਤ ਹੈ। ਉਹ ਸਾਡੇ ਸਕੂਲ ਵਿਚ ਆਪਣੀ ਅੱਗੇ ਦੀ ਪੜ੍ਹਾਈ ਜਾਰੀ ਨਹੀਂ ਰੱਖ ਸਕਦਾ।'

ਐਡੀਸਨ ਫੁੱਟ-ਫੁੱਟ ਕੇ ਰੋ ਪਏ। ਫਿਰ ਉਨ੍ਹਾਂ ਆਪਣੀ ਡਾਇਰੀ ਵਿਚ ਲਿਖਿਆ:

'ਮੈਂ ਇੱਕ ਅਜਿਹਾ ਬੱਚਾ ਸੀ ਜਿਸ ਵਿਚ ਦਿੱਕਤਾਂ ਸਨ ਪਰ ਮੇਰੀ ਮਾਂ ਇੰਨੀ ਹਿੰਮਤੀ ਅਤੇ ਪਿਆਰ ਨਾਲ ਭਰਪੂਰ ਸੀ ਕਿ ਉਸਨੇ ਮੈਨੂੰ ਇਹ ਵਿਸ਼ਵਾਸ ਦਿਵਾਇਆ ਕਿ ਮੈਂ ਇੱਕ ਪ੍ਰਤਿਭਾਸ਼ਾਲੀ ਬੱਚਾ ਹਾਂ, ਇੱਕ ਜੀਨੀਅਸ ਹਾਂ ਅਤੇ ਸਿਰਫ਼ ਉਸੇ ਵਿਸ਼ਵਾਸ ਕਾਰਨ, ਮੈਂ ਸੱਚਮੁੱਚ ਇੱਕ ਜੀਨੀਅਸ ਬਣ ਗਿਆ।'

ਐਡੀਸਨ ਨੇ ਬਿਲਕੁਲ ਸਹੀ ਕਿਹਾ ਹੈ। ਵਿਸ਼ਵਾਸ ਹੀ ਵੱਡੀ ਚੀਜ਼ ਹੈ। ਤੁਹਾਡੇ ਅੰਦਰਲਾ ਵਿਸ਼ਵਾਸ ਹੀ ਤੁਹਾਡੇ ਜੀਵਨ ਦੀ ਰੂਪ-ਰੇਖਾ ਤਿਆਰ ਕਰਦਾ ਹੈ। ਜੋ ਤੁਸੀਂ ਵਿਸ਼ਵਾਸ ਕਰਦੇ ਹੋ ਉਹੀ ਬਣ ਜਾਂਦੇ ਹੋ। ਉਸਦੀ ਮਾਂ ਸੱਚਮੁੱਚ ਹੀ ਬਹੁਤ ਅਨੋਖੀ ਤੇ ਗਿਆਨਵਾਨ ਹੋਵੇਗੀ।

ਉਸਨੇ ਅਧਿਆਪਕ ਦੀ ਕਹੀ ਹੋਈ ਗੱਲ ਨੂੰ ਦੁਹਰਾਇਆ ਨਹੀਂ, ਉਸ ਦੀ ਬਜਾਏ, ਆਪਣੇ ਪੁੱਤਰ ਨੂੰ ਇੱਕ ਨਵੀਂ ਪਹਿਚਾਣ ਦਿੱਤੀ। ਵਿਸ਼ਵਾਸ ਨਾਲ ਬਣੀ ਹੋਈ ਪਹਿਚਾਣ। ਉਸਨੇ ਹਕੀਕਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ, ਪਰ ਉਸ ਨਾਲੋਂ ਕਿਤੇ ਵੱਧ ਉਸਨੂੰ ਦਿੱਤਾ- ਇਹ ਵਿਸ਼ਵਾਸ ਕਿ ਉਹ ਕੀ ਬਣ ਸਕਦਾ ਹੈ। ਵਿਸ਼ਵਾਸ ਨੇ ਕੰਮ ਕੀਤਾ ਤੇ ਐਡੀਸਨ ਉਹ ਬਣ ਗਿਆ ਜੋ ਉਸਦੀ ਮਾਂ ਨੇ ਉਸਨੂੰ ਵਿਸ਼ਵਾਸ ਦਵਾਇਆ ਸੀ — ਇੱਕ ਜੀਨੀਅਸ।

# ਖ਼ਤਰਨਾਕ ਅਤਿਵਾਦੀ ਦੀ ਜੇਲ੍ਹ ਯਾਤਰਾ




ਗੁਰਮੀਤ ਕੜਿਆਲਵੀ


*ਗੁਰਮੀਤ ਕੜਿਆਲਵੀ, ਪੰਜਾਬੀ ਦਾ ਉਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਪੰਜਾਬ ਪੁਲਿਸ ਦੇ ਬਲੈਕ ਕਮਾਂਡੋਜ਼ ਵਰਗੀਆਂ ਵਰਦੀਆਂ ਪਾਈ 20-25 ਦੇ ਕਰੀਬ ਹਥਿਆਰਬੰਦਾਂ ਨੇ ਦੇਖਦੇ ਹੀ ਦੇਖਦੇ ਚਾਰ-ਚੁਫੇਰਿਓਂ ਘੇਰ ਲਿਆ ਸੀ। ਇੱਕ ਨੇ ਰਿਵਾਲਵਰ ਮੇਰੀ ਕੰਨਪਟੀ 'ਤੇ ਰੱਖ ਲਿਆ। ਤਿੰਨ-ਚਾਰ ਸਟੇਨਗੰਨਾਂ ਮੇਰੇ ਵੱਲ ਸਿੱਧੀਆਂ ਤਣ ਗਈਆਂ ਸਨ। ਮੈਨੂੰ ਕੁਝ ਸਮਝ ਨ੍ਹੀਂ ਸੀ ਆ ਰਹੀ। ਮੈਂ ਤਾਂ ਜਿਵੇਂ ਬੌਂਦਲ ਹੀ ਗਿਆ ਸੀ। ਵੇਖਦਿਆਂ ਹੀ ਵੇਖਦਿਆਂ ਛੂੰ...ਛੂੰ ਕਰਦੇ ਕਿੰਨੇ ਹੀ ਮੋਟਰ-ਸਾਈਕਲ ਸਵਾਰ ਸ਼ਸਤਰਧਾਰੀ ਮੇਰੇ ਦੁਆਲੇ ਘੇਰਾ ਪਾ ਖਲੋਤੇ ਸਨ।

'ਹੈਂਜ਼ ਅੱਪ..! ਹੈਂਜ਼ ਅੱਪ...!' ਵਾਕ ਉਨ੍ਹਾਂ ਦੇ ਮੂੰਹਾਂ ਵਿਚ ਹੀ ਸੀ ਕਿ ਮੈਂ ਆਪਣੇ ਦੋਵੇਂ ਹੱਥ ਉੱਪਰ ਚੁੱਕ ਲਏ। ਇੱਕ-ਅੱਧ ਮਿੰਟ ਦੀ ਦੇਰੀ ਵੀ ਘਾਤਕ ਹੋ ਸਕਦੀ ਸੀ ਤੇ ਉਨ੍ਹਾਂ ਦੀ ਕਿਸੇ ਸਟੇਨਗੰਨ ਵਿਚੋਂ ਨਿਕਲੀ ਗੋਲੀ ਮੇਰਾ ਖੋਪੜ ਖਿਲਾਰ ਕੇ ਰੱਖ ਸਕਦੀ ਸੀ। ਇੱਕ ਨੇ ਸਟੇਨਗੰਨ ਦੀ ਨਾਲੀ ਮੇਰੀ ਛਾਤੀ ਨਾਲ ਆ ਲਾਈ ਸੀ। ਦੋ-ਤਿੰਨ ਜਣੇ ਕਾਹਲੀ-ਕਾਹਲੀ ਮੇਰੀ ਤਲਾਸ਼ੀ ਲੈਣ ਲੱਗੇ।

ਇੱਕ ਨੇ ਮੇਰੀ ਪੈਂਟ ਦੀ ਜੇਬ ਵਿਚੋਂ ਮੇਰਾ ਪਰਸ ਅਤੇ ਦੂਜੇ ਨੇ ਮੇਰੇ ਮੋਢੇ ਨਾਲ ਲਮਕਦਾ ਬੈਗ ਕਾਬੂ 'ਚ ਕਰ ਲਿਆ। ਸਭ ਕੁਝ ਬਿਜਲੀ ਦੀ ਫੁਰਤੀ ਨਾਲ ਹੋ ਰਿਹਾ ਸੀ।

'...ਪਾਸਪੋਟ...ਸ਼ੋਅ...ਸ਼ੋਅ...ਪਾਸਪੋਟ...।' ਫਿਰ ਇੱਕ ਹਥਿਆਰਬੰਦ ਬੰਦੇ ਨੇ ਆਪ ਹੀ ਮੇਰੇ ਬੈਗ 'ਚੋਂ ਕੱਢ ਕੇ ਪਾਸਪੋਰਟ ਵੇਖਣਾ ਸ਼ੁਰੂ ਕਰ ਦਿੱਤਾ ਸੀ। ਪਾਸਪੋਰਟ ਉੱਪਰ ਲੱਗੀ ਫੋਟੋ ਨੂੰ ਗਹੁ ਨਾਲ ਦੇਖਦਿਆਂ ਮੇਰੇ ਚਿਹਰੇ ਵੱਲ ਘੋਖਵੀਂ ਨਜ਼ਰ ਗੱਡ ਦਿੱਤੀ।

'...ਫ ਰਾ ਮ...ਇੰ ਡੀ ਆ...ਸਿੰ ਘ— ਗੁਰਮੀਤ...ਸਿੰਘ...ਪੰਜਾਬ...ਇੰਡੀਆ!'

ਘਬਰਾਹਟ ਨਾਲ ਬੁਰਾ ਹਾਲ ਹੋ ਗਿਆ ਸੀ। ਸਾਰਾ ਕੁਝ ਮੇਰੀ ਸਮਝੋਂ ਬਾਹਰ ਸੀ। ਉਨ੍ਹੀਂ ਦਿਨੀਂ ਮੈਂ ਕਿਧਰੇ ਪੜ੍ਹਿਆ ਸੀ ਕਿ ਬੈਂਕਾਕ ਕੌਮਾਂਤਰੀ ਅਤਿਵਾਦੀਆਂ ਦੀ ਵੱਡੀ ਪਨਾਹਗਾਹ ਬਣ ਚੁੱਕਾ ਹੈ। ਹੋ ਸਕਦਾ ਹੈ ਮੈਂ ਅਜਿਹੇ ਕਿਸੇ ਗਰੋਹ ਦੇ ਅੜਿੱਕੇ ਚੜ੍ਹ ਗਿਆ ਹੋਵਾਂ। ਇਹ ਲੋਕ ਮੇਰਾ ਪਾਸਪੋਰਟ ਕਬਜ਼ੇ ਵਿਚ ਕਰ ਚੁੱਕੇ ਨੇ। ਮੈਨੂੰ ਗੋਲੀ ਮਾਰ ਕੇ ਨਹਿਰ-ਦਰਿਆ ਵਿਚ ਰੋੜ ਦੇਣਗੇ। ਫਿਰ ਇਸੇ ਪਾਸਪੋਰਟ 'ਤੇ ਕੋਈ ਅਤਿਵਾਦੀ 'ਗੁਰਮੀਤ ਸਿੰਘ' ਬਣ ਕੇ ਅਮਰੀਕਾ ਵਰਗੇ ਦੇਸ਼ ਵਿਚ ਜਾ ਵੱਜੇਗਾ।

ਮੈਨੂੰ ਇੰਝ ਹਥਿਆਰਾਂ ਵਿਚ ਘਿਰਿਆ ਵੇਖ ਰਾਹਗੀਰ ਕੁਝ ਪਲ ਲਈ ਰੁਕ ਜਾਂਦੇ ਸਨ। ਮੈਂ ਮੱਦਦ ਦੀ ਆਸ ਵਿਚ ਉਨ੍ਹਾਂ ਵੱਲ ਵੇਖਦਾ ਪਰ ਲੋਕ ਤਾਂ ਉਸੇ ਪਲ ਅਣਗੌਲਿਆਂ ਜਿਹਾ ਕਰ ਅੱਗੇ ਤੁਰ ਜਾਂਦੇ ਸਨ।

'ਟੇਕ ਆਲ ਮਾਈ ਮਨੀ...ਮਾਈ ਕੈਮਰਾ...ਬੈਗ...ਵਟਸ ਆਈ ਹੈਵ...ਬਟ ਲੀਵ ਮੀ...।' ਮੈਂ ਤਰਲੇ ਕੱਢਣ ਲੱਗਾ ਸਾਂ।

'ਨੈਵਰ ਮਾਈਂਡ... ਨੈਵਰ ਮਾਈਂਡ।' ਘੋਨ-ਮੋਨ ਜਿਹੇ ਸਿਰ ਵਾਲਾ ਵਾਰ-ਵਾਰ ਮੈਨੂੰ ਆਖੀ ਜਾ ਰਿਹਾ ਸੀ। ਮੈਨੂੰ ਜਾਪਿਆ ਨੈਵਰ ਮਾਈਂਡ...ਨੈਵਰ ਮਾਈਂਡ ਤੋਂ ਵੱਧ ਉਨ੍ਹਾਂ 'ਚੋਂ ਕਿਸੇ ਨੂੰ ਅੰਗਰੇਜ਼ੀ ਨ੍ਹੀਂ ਸੀ ਆਉਂਦੀ। ਪਲ-ਪਲ ਮੇਰੀ ਘਬਰਾਹਟ ਵਧਦੀ ਜਾ ਰਹੀ ਸੀ। 'ਤਾ...ਸ਼ੇ...ਸੂ...ਚਾਊਂ...ਮਾਂਈ...ਯੂੰ...ਚੀ' ਵਾਲੀ ਉਨ੍ਹਾਂ ਦੀ ਥਾਈ ਭਾਸ਼ਾ ਮੇਰੇ ਪੱਲੇ ਨ੍ਹੀਂ ਸੀ ਪੈ ਰਹੀ। ਉਨ੍ਹਾਂ ਅੱਗੇ ਮੇਰੀ ਹਿੰਦੀ, ਪੰਜਾਬੀ ਦਾ ਤਾਂ ਕੀ, ਅੰਗਰੇਜ਼ੀ ਦਾ ਵੀ ਕੱਖ ਨ੍ਹੀਂ ਸੀ ਵੱਟਿਆ ਜਾ ਰਿਹਾ।

'ਗੋ...ਗੋ...!' ਆਖਦਿਆਂ ਉਨ੍ਹਾਂ ਮੈਨੂੰ ਧੱਕੇ ਨਾਲ ਕੈਂਟਰ ਵਿਚ ਚੜ੍ਹਾ ਦਿੱਤਾ ਸੀ। ਨਾਲ ਦੀ ਨਾਲ ਦੋਵਾਂ ਹੱਥਾਂ ਨੂੰ ਹੱਥਕੜੀ ਲਗਾ ਕੇ ਦੂਜਾ ਸਿਰਾ ਕੈਂਟਰ ਦੇ ਲੋਹੇ ਦੇ ਜੰਗਲੇ ਨਾਲ ਬੰਨ੍ਹ ਦਿੱਤਾ। ਡਰਦੇ ਮਾਰਿਆਂ ਮੈਂ ਮੱਥੇ 'ਤੇ ਵਗ ਆਇਆ ਪਸੀਨਾ ਵੀ ਨ੍ਹੀਂ ਸੀ ਪੂੰਝਿਆ। ਸੋਚਿਆ ਜੇਕਰ ਪਸੀਨਾ ਪੂੰਝਣ ਲਈ ਰੁਮਾਲ ਜੇਬ ਵਿਚੋਂ ਕੱਢਣ ਲਈ ਜ਼ਰਾ ਜਿੰਨੀ ਵੀ ਹਰਕਤ ਕੀਤੀ 'ਠਾਅਠ...।' ਕਰਦੀ ਗੋਲੀ ਮੇਰਾ ਖੋਪੜ ਖਲਾਰ ਕੇ ਰੱਖ ਦੇਵੇਗੀ।

'ਘੂੰ...ਘੂੰ' ਕਰਦਾ ਇਹ ਕੈਂਟਰ ਸੰਘਣੇ ਹਨੇਰੇ ਨੂੰ ਚੀਰਦਾ ਸੁੰਨਸਾਨ ਇਲਾਕੇ ਵਿਚੋਂ ਲੰਘਦਾ ਰਿਹਾ। ਸੱਤ-ਅੱਠ ਮੋਟਰ ਸਾਈਕਲ ਸਵਾਰ ਹਥਿਆਰਬੰਦ ਜਵਾਨ ਕੈਂਟਰ ਦੇ ਅੱਗੇ ਅਤੇ ਪਿੱਛੇ ਚੱਲ ਰਹੇ ਸਨ। ਫਿਰ ਕੈਂਟਰ ਵੱਡੀ ਸਾਰੀ ਨਦੀ ਦੇ ਪੁਲ 'ਤੇ ਜਾ ਕੇ ਰੁਕ ਗਿਆ। ਮੇਰਾ ਦਿਲ ਧਕ-ਧਕ ਕਰ ਰਿਹਾ ਸੀ। ਉਨ੍ਹਾਂ ਨੇ ਆਪਸ ਵਿਚ ਗਿੱਟ-ਮਿੱਟ ਜਿਹੀ ਕੀਤੀ। ਮੈਨੂੰ ਜਾਪਿਆ ਜਿਵੇਂ ਉਨ੍ਹਾਂ ਨੇ ਮੈਨੂੰ ਗੋਲੀ ਮਾਰ ਕੇ ਨਹਿਰ ਵਿਚ ਸੁੱਟ ਦੇਣ ਦੀ ਗੱਲ ਕੀਤੀ ਹੋਵੇ। ਮੈਂ ਉਸ ਘੜੀ ਨੂੰ ਕੋਸਣ ਲੱਗਾ ਜਦੋਂ ਮੋਗੇ ਵਾਲੇ ਲੇਖਕਾਂ, ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਡਾ. ਸੁਰਜੀਤ ਬਰਾੜ ਆਲੋਚਕ, ਅਤੇ ਭਾਰੀ ਭਰਕਮ ਅਮਰੀਕ ਕੰਡੇ ਨੂੰ ਵਿਦੇਸ਼ੀ ਟੂਰ ਲਈ ਹਾਮੀ ਭਰ ਦਿੱਤੀ ਸੀ। ਦਰਅਸਲ ਬਲਦੇਵ ਸਿੰਘ ਨੂੰ ਪਹਿਲਾਂ ਕਨੇਡਾ ਦੇ ਵੀਜ਼ੇ ਤੋਂ ਇਨਕਾਰ ਹੋ ਚੁੱਕਾ ਸੀ। ਹੁਣ ਉਸਨੇ ਫੇਰ ਕਨੇਡੀਅਨ ਵੀਜ਼ੇ ਲਈ ਅਪਲਾਈ ਕਰਨਾ ਸੀ। ਆਪਣੇ ਪਾਸਪੋਰਟ 'ਤੇ ਘੁੰਮਣ ਫਿਰਨ ਵਾਲੇ ਯਾਤਰੂ ਵਜੋਂ ਠੱਪੇ ਲਵਾਉਣ ਦੀ ਸਕੀਮ ਅਧੀਨ ਹੀ ਉਸਨੇ ਕਈ ਦੇਸ਼ਾਂ ਦੀ ਯਾਤਰਾ ਦਾ ਪ੍ਰੋਗਰਾਮ ਉਲੀਕ ਲਿਆ ਸੀ। ਉੱਤੋਂ ਨਵੇਂ-ਨਵੇਂ ਬਣੇ ਟਰੈਵਲ ਏਜੰਟ ਅਮਰੀਕ ਕੰਡੇ ਨੇ ਸਾਨੂੰ ਸਾਰਿਆਂ ਨੂੰ ਕਈ ਤਰ੍ਹਾਂ ਦੇ ਲਾਲਚਾਂ ਦੀਆਂ ਮਿੱਠੀਆਂ ਗੋਲੀਆਂ ਖਵਾ ਕੇ ਆਪਣੀਆਂ ਗੱਲਾਂ ਵਿਚ ਬੰਨ੍ਹ ਲਿਆ ਸੀ। ਗੱਲਾਂ-ਗੱਲਾਂ ਵਿਚ ਉਸਨੇ ਸਾਨੂੰ ਸਮੁੰਦਰਾਂ ਉੱਤੋਂ ਦੀ ਉੱਡਦਾ ਜਹਾਜ਼ ਦਿਖਾ ਦਿੱਤਾ ਸੀ।

ਮੇਰੇ ਨਾਲਦੇ ਬਾਕੀ ਸਾਰਿਆਂ ਦਾ ਤਾਂ ਹਾਂਗਕਾਂਗ, ਸਿੰਘਾਪੁਰ, ਮਕਾਉ (ਚੀਨ) ਆਦਿ ਦਾ ਵੀਜ਼ਾ ਲੱਗ ਗਿਆ ਸੀ ਪਰੰਤੂ ਮੇਰਾ ਕੇਵਲ ਥਾਈਲੈਂਡ ਦਾ ਹੀ ਲੱਗ ਸਕਿਆ ਸੀ। ਪਾਸਪੋਰਟ ਦੀ ਮਿਆਦ ਕੇਵਲ ਇੱਕ ਮਹੀਨਾ ਹੀ ਬਾਕੀ ਰਹਿੰਦੀ ਹੋਣ ਕਰਕੇ ਮੇਰਾ ਵੀਜ਼ਾ ਬਾਕੀਆਂ ਦੇ ਨਾਲ ਨ੍ਹੀਂ ਸੀ ਲੱਗ ਸਕਿਆ। ਫਿਰ ਮੇਰੀ ਛੁੱਟੀ ਵੀ ਕੇਵਲ 15 ਦਿਨ ਲਈ ਹੀ ਪਾਸ ਹੋਈ ਸੀ।




ਅਸੀਂ ਛੇ ਦਿਨ ਇਕੱਠੇ ਬੈਂਕਾਕ ਅਤੇ ਆਲੇ-ਦੁਆਲੇ ਘੁੰਮਦੇ ਰਹੇ। ਸੱਤਵੇਂ ਦਿਨ ਅਮਰੀਕ ਕੰਡਾ, ਸੁਰਜੀਤ ਬਰਾੜ, ਬਾਈ ਬਲਦੇਵ, ਅਮਰਜੀਤ ਅਤੇ ਟਰਾਂਸਪੋਰਟ ਮਹਿਕਮੇ ਵਾਲਾ ਬਾਬੂ ਜਹਾਜ਼ ਫੜ ਕੇ ਹਾਂਗਕਾਂਗ ਉਡਾਰੀ ਮਾਰ ਗਏ। ਸਾਥੀ ਯਾਤਰੀਆਂ ਦੇ ਚਲੇ ਜਾਣ ਬਾਅਦ ਮੇਰੇ ਕੋਲ ਕੇਵਲ 6 ਦਿਨ ਬਾਕੀ ਸਨ। ਇਨ੍ਹਾਂ ਦਿਨਾਂ 'ਚ ਥਾਈਲੈਂਡ ਦੀਆਂ ਵੱਧ ਤੋਂ ਵੱਧ ਥਾਵਾਂ ਘੁੰਮ ਲੈਣ ਦੀ ਤਾਂਘ ਬਰਾਬਰ ਬਣੀ ਹੋਈ ਸੀ। ਘੁੰਮਣ ਫਿਰਨ ਤੋਂ ਇਲਾਵਾ ਹੋਰ ਕੋਈ ਕੰਮ ਵੀ ਤਾਂ ਨ੍ਹੀਂ ਸੀ।

ਦਿਨ ਦੇ ਚੜਾਅ ਨਾਲ ਹੀ ਮੈਂ ਘੁੰਮਣ ਫਿਰਨ ਨਿਕਲ ਤੁਰਦਾ। ਉਸ ਦਿਨ ਵੀ ਮੈਂ ਮੋਢੇ ਵਿਚ ਬੈਗ ਪਾਈ ਅਤੇ ਹੱਥ ਵਿਚ ਕੈਮਰਾ ਲੈ ਕੇ ਬੈਂਕਾਕ ਦੀ ਸੁੰਦਰਤਾ ਤੇ ਤਰੱਕੀ ਨੂੰ ਨਿਹਾਰਦਾ ਆਪਣੇ ਹੋਟਲ 'ਵਾਟਰ ਗੇਟ ਸੂਟ' ਤੋਂ ਕਈ ਕਿਲੋਮੀਟਰ ਦੂਰ ਨਿਕਲ ਆਇਆ ਸਾਂ। ਸ਼ਹਿਰ ਦੀਆਂ ਖੁੱਲ੍ਹੀਆਂ ਸਾਫ਼ ਸੜਕਾਂ, ਜਗਮਗ-ਜਗਮਗ ਕਰਦੀਆਂ ਗਗਨਚੁੰਬੀ ਇਮਾਰਤਾਂ, ਮੀਲਾਂ ਵਿਚ ਫੈਲੇ ਮੌਲ। ਓਵਰ ਬਰਿਜਾਂ ਦਾ ਚਾਰ ਚੁਫੇਰੇ ਵਿਛਿਆ ਜਾਲ, ਜਿਵੇਂ ਸਾਰਾ ਸ਼ਹਿਰ ਹੀ ਪੁਲਾਂ 'ਤੇ ਉਸਾਰਿਆ ਹੋਵੇ। ਤਿਤਲੀਆਂ ਵਾਂਗ ਇਧਰੋਂ-ਓਧਰ ਤੇ ਉਧਰੋਂ-ਇਧਰ ਗਾਹਕਾਂ ਦੀ ਭਾਲ ਵਿਚ ਘੁੰਮਦੀਆਂ ਥਾਈ, ਚੀਨੀ, ਫਿਲਪਾਈਨੀ ਤੇ ਹੋਰ ਏਸ਼ੀਅਨ ਮੁਲਕਾਂ ਦੀਆਂ ਕੁੜੀਆਂ। ਕਾਦਰ ਦੀ ਕੁਦਰਤ ਨੂੰ ਅੱਖਾਂ ਰਾਹੀਂ ਨਿਹਾਰਦਿਆਂ ਮੈਨੂੰ ਪਤਾ ਹੀ ਨ੍ਹੀਂ ਸੀ ਲੱਗਾ ਕਦੋਂ ਫੇਤਚਾਬਰੀ ਰੋਡ ਤੋਂ ਅੱਗੇ ਲੰਘ ਏਕਮਾਈ ਰੋਡ 'ਤੇ ਆ ਨਿਕਲਿਆ ਸਾਂ। ਬੈਂਕ ਆਫ਼ ਬੈਂਕਾਕ ਦੀ ਆਸਮਾਨ ਛੂੰਹਦੀ ਇਮਾਰਤ ਦੇ ਆਲੇ-ਦੁਆਲੇ ਚੱਕਰ ਲਾਉਣ ਤੋਂ ਬਾਅਦ ਮੈਂ ਯੂਨੀਵਰਸਿਟੀ ਆਫ਼ ਬੈਂਕਾਕ ਦੀ ਖ਼ੂਬਸੂਰਤ ਇਮਾਰਤ ਅੱਗੇ ਆ ਖਲੋਇਆ ਸਾਂ। ਦਰਅਸਲ ਇਹ ਸਭ ਕੁਝ ਸੁਪਨੇ ਤੋਂ ਘੱਟ ਨ੍ਹੀਂ ਸੀ ਜਾਪ ਰਿਹਾ। ਇਹੋ ਜਿਹੀਆਂ ਇਮਾਰਤਾਂ ਤਾਂ ਫਿਲਮਾਂ ਵਿਚ ਵੇਖੀਆਂ ਸੀ ਜੋ ਹੁਣ ਆਪਣੀ ਨੰਗੀ ਅੱਖ ਨਾਲ ਦੇਖ ਰਿਹਾ ਸਾਂ। ਮੇਰਾ ਕੈਮਰਾ ਜਦੋਂ ਹੀ ਮੈਨੂੰ ਕਿਸੇ ਚੀਜ਼ ਵੱਲ ਹੈਰਾਨ ਹੁੰਦਿਆਂ ਦੇਖਦਾ, ਝੱਟ ਅੱਖ-ਝਮੱਕਾ ਮਾਰਕੇ ਉਸਦੀ ਤਸਵੀਰ ਆਪਣੇ ਅੰਦਰ ਛੁਪਾ ਲੈਂਦਾ। ਮੈਂ ਆਪਣੀ ਹੀ ਮਸਤੀ ਵਿਚ ਸ਼ਹਿਰ ਦੇ ਐਨ ਵਿਚਕਾਰੋਂ ਲੰਘਦੀ ਨਦੀ ਕੋਲੋਂ ਗੁਜ਼ਰ ਰਿਹਾ ਸਾਂ ਕਿ ਕਾਲੀਆਂ ਵਰਦੀਆਂ ਵਾਲਿਆਂ ਦੇ ਅੜਿੱਕੇ ਆ ਗਿਆ ਸਾਂ।

'ਨੈਵਰ ਮਾਈਂਡ...ਨੈਵਰ ਮਾਈਂਡ...।' ਘੋਨ-ਮੋਨ ਸਿਰ ਵਾਲਾ ਹਥਿਆਰਬੰਦ ਮੈਨੂੰ ਵਾਰ-ਵਾਰ ਹੌਂਸਲਾ ਦੇ ਰਿਹਾ ਸੀ।

'ਵੇਅਰ ਆਰ ਵੀ ਗੋਇੰਗ...?' ਮੇਰੇ ਸੁਆਲ ਦੇ ਜੁਆਬ ਵਿਚ ਕੇਵਲ ਡਰਾਉਣੀਆਂ ਅੱਖਾਂ ਨੇ ਮੈਨੂੰ ਘੂਰਿਆ ਸੀ। ਕੇਵਲ ਉਸ ਘੋਨੇ ਨੇ ਹੀ 'ਨੈਵਰ ਮਾਈਂਡ...ਨੈਵਰ ਮਾਈਂਡ...।' ਕਿਹਾ ਸੀ। ਡਰਾਉਣੀਆਂ ਅੱਖਾਂ ਦੀ ਘੂਰ ਨੇ ਮੈਨੂੰ ਕਈ ਸਾਲ ਪਿੱਛੇ ਦੀ ਭੁਆਂਟਣੀ ਦੇ ਦਿੱਤੀ ਸੀ।

ਉਨ੍ਹੀਂ ਦਿਨੀਂ ਪੰਜਾਬ ਵਿਚ ਸਰਕਾਰੀ ਤੇ ਗੈਰ-ਸਰਕਾਰੀ ਬੰਦੂਕਾਂ ਦਾ ਵਾਰਾ ਪਹਿਰਾ ਸੀ। ਮੈਂ ਆਪਣੇ ਮਾਮੇ ਦੇ ਪੁੱਤ ਕਾਕੂ ਨਾਲ ਸਾਈਕਲ ਉੱਤੇ ਬੈਠ ਸ਼ਹਿਰ ਤੋਂ ਵਾਪਸ ਨਾਨਕੇ ਘਰ ਜਾ ਰਿਹਾ ਸਾਂ। ਮੋਗੇ ਦੇ ਗੀਤਾ ਭਵਨ ਦੇ ਆਲੇ-ਦੁਆਲੇ ਸੀ.ਆਰ.ਪੀ. ਦਾ ਪਹਿਰਾ ਲੱਗਾ ਹੋਇਆ ਸੀ। ਸਾਡੇ ਦੋਵਾਂ ਦੇ ਕੇਸਰੀ ਰੰਗ ਦੇ ਘਸਮੈਲੇ ਜਿਹੇ ਪਰਨੇ ਬੰਨ੍ਹੇ ਹੋਏ ਸਨ। ਵਾਰ ਵਾਰ ਧੋਣ ਕਰਕੇ ਇਨ੍ਹਾਂ ਦਾ ਰੰਗ ਪੰਜਾਬ ਦੇ ਰੰਗ ਵਾਂਗ ਫਿੱਕਾ ਪੈ ਚੁੱਕਾ ਸੀ। ਸਾਈਕਲ ਮਾਮੇ ਦਾ ਪੁੱਤ ਚਲਾ ਰਿਹਾ ਸੀ ਅਤੇ ਮੈਂ ਮੂਹਰੇ ਡੰਡੇ 'ਤੇ ਬੈਠਾ ਸਾਂ। ਗੀਤਾ ਭਵਨ ਦੇ ਬਰਾਬਰ ਆ ਕੇ ਮੇਰੀ ਅੱਖ ਵਿਚ ਮੱਛਰ ਪੈ ਗਿਆ। ਅੱਖ ਮੱਚਣ ਲੱਗੀ, ਜਿਵੇਂ ਕਿਸੇ ਨੇ ਤੇਜ਼ਾਬ ਪਾ ਦਿੱਤਾ ਹੋਵੇ। ਸਾਈਕਲ ਸੜਕ ਦੇ ਇੱਕ ਪਾਸੇ ਰੋਕ, ਕਾਕੂ ਮੇਰੀ ਅੱਖ ਵਿਚੋਂ ਮੱਛਰ ਕੱਢਣ ਲੱਗਾ। ਉਸੇ ਵਕਤ ਹੀ ਗੀਤਾ ਭਵਨ ਦੀ ਛੱਤ ਉੱਪਰੋਂ ਪਹਿਰਾ ਦੇ ਰਹੇ ਸੀ.ਆਰ.ਪੀ. ਜੁਆਨ ਨੇ ਲਲਕਾਰਾ ਮਾਰਿਆ, 'ਹੈਂਡਸ ਅੱਪ...!' ਐਸ.ਐਲ.ਆਰ. ਉਸਨੇ ਸਿੱਧੀ ਸਾਡੇ ਵੱਲ ਕੀਤੀ ਹੋਈ ਸੀ। ਸਾਨੂੰ ਕੁਝ ਵੀ ਸਮਝ ਨ੍ਹੀਂ ਸੀ ਆਇਆ।

'ਹੈਂਡਸ ਅੱਪ...ਏਕ...ਦੋ...!' ਉਸਦੇ ਤਿੰਨ ਕਹਿਣ ਤੋਂ ਪਹਿਲਾਂ ਹੀ ਅਸੀਂ ਆਪਣੇ ਹੱਥ ਉੱਪਰ ਚੱਕ ਲਏ ਸਨ। ਅੱਖਾਂ ਵਿਚ ਪੈ ਰਹੀ ਤੇਜ਼ ਰੜਕ ਤਾਂ ਭੁੱਲ ਹੀ ਗਈ ਸੀ। ਅੱਖ ਝਪਕਣ ਦੇ ਸਮੇਂ 'ਚ ਹੀ ਕੇਂਦਰੀ ਪੁਲਿਸ ਬਲ ਦੇ ਕਈ ਜੁਆਨ ਬੰਦੂਕਾਂ ਸੇਧਦੇ ਸਾਡੇ ਨੇੜੇ ਆ ਗਏ।

'ਕਿਆ ਕਰ ਰਹੇ ਥੇ...?' ਜ਼ੋਰਦਾਰ ਦਬਕਾ ਉਭਰਿਆ। 'ਜੀ...ਜੀ...ਸਰ ਆਂਖ ਮੇਂ ਮੱਛਰ ਪੜ ਗਿਆ...ਜੀ।' ਸਾਡੇ ਦੋਵਾਂ ਦੀ ਥਥਲਾਉਂਦੀ ਆਵਾਜ਼ ਨਿੱਕਲੀ ਸੀ।

'ਧੀਰੇ...ਧੀਰੇ ਸਭੀ ਮੱਛਰ ਨਿਕਲ ਜਾਏਂਗੇ ਪੰਜਾਬ ਸੇ...!' ਸੀ.ਆਰ.ਪੀ. ਜੁਆਨ ਦੇ ਬੋਲ ਗੋਲੀ ਨਾਲੋਂ ਵੀ ਵੱਧ ਜ਼ਹਿਰੀਲੇ ਸਨ। ਮੇਰਾ ਅੰਦਰ ਭੁੱਜ ਗਿਆ ਸੀ ਪਰ ਇਸ ਵੇਲੇ ਚੁੱਪ ਰਹਿਣ ਵਿਚ ਹੀ ਸਾਡੀ ਭਲਾਈ ਸੀ। ਗੋਲੀ ਨੇ ਤਾਂ ਕੋਈ ਦਲੀਲ ਸੁਣਨੀ ਹੀ ਨ੍ਹੀਂ ਸੀ।

'ਚਲੋ ਉਧਰ...ਸਾਹਬ ਕੇ ਪਾਸ...।' ਸਾਹਮਣੇ ਟੈਂਟ ਵੱਲ ਇਸ਼ਾਰਾ ਕਰਦਿਆਂ ਐਸ ਐਲ ਆਰ ਬੁੜਬੁੜਾਈ ਸੀ।

'ਸਾਲੇ ਆਤੰਕਵਾਦੀ...।' ਕਿਸੇ ਹੋਰ ਫੌਜੀ ਦੀ ਮੱਧਮ ਜਿਹੀ ਆਵਾਜ਼ ਪਿੱਛੋਂ ਆਈ ਸੀ। ਅਸੀਂ ਕਿਸੇ ਆਗਿਆਕਾਰੀ ਬਾਲਕ ਵਾਂਗ ਉਸੇ ਤਰ੍ਹਾਂ ਹੱਥ ਉੱਪਰ ਨੂੰ ਚੁੱਕੀ ਟੈਂਟ ਵੱਲ ਨੂੰ ਤੁਰ ਪਏ। ਸਾਡੀ ਚੰਗੀ ਕਿਸਮਤ ਨੂੰ ਉਸੇ ਵੇਲੇ ਸਥਾਨਕ ਨਗਰ ਕੌਂਸਲਰ ਉਧਰ ਆ ਨਿਕਲਿਆ ਸੀ। ਇਹ ਸ਼ਹਿਰ ਦਾ ਮੰਨਿਆ-ਪ੍ਰਮੰਨਿਆ ਦੁਕਾਨਦਾਰ ਸੀ। ਇਸੇ ਦੀ ਦੁਕਾਨ 'ਤੇ ਹੀ ਮਾਮੇ ਦਾ ਪੁੱਤ ਸੇਲਜ਼ਮੈਨ ਵਜੋਂ ਕੰਮ ਕਰਦਾ ਸੀ। ਉਸ ਕੌਂਸਲਰ ਨੂੰ ਸੀ.ਆਰ.ਪੀ. ਵਾਲੇ ਚੰਗੀ ਤਰ੍ਹਾਂ ਜਾਣਦੇ ਸਨ ਕਿਉਂਕਿ ਉਹ ਰੋਜ਼ਾਨਾ ਗੀਤਾ ਭਵਨ ਵਿਖੇ ਦੇਵੀ-ਦੇਵਤਿਆਂ ਨੂੰ ਮੱਥਾ ਟੇਕਣ ਤੇ ਪ੍ਰਸ਼ਾਦ ਚੜ੍ਹਾਉਣ ਆਉਂਦਾ ਸੀ। ਕੌਂਸਲਰ ਵਲੋਂ ਗਰੰਟੀ ਦੇਣ 'ਤੇ ਸਾਡਾ ਛੁਟਕਾਰਾ ਹੋ ਗਿਆ ਸੀ।

ਪਰ ਹੁਣ ਇੱਥੇ ਘਰ ਤੋਂ ਸੈਂਕੜੇ ਮੀਲ ਦੂਰ ਥਾਈਲੈਂਡ 'ਚ, ਕਿਸੇ ਵਾਕਫ਼ ਕੌਂਸਲਰ ਦੇ ਹਨੂੰਮਾਨ ਵਾਂਗ ਆ ਪ੍ਰਗਟ ਹੋਣ ਦੀ ਵੀ ਆਸ ਨ੍ਹੀਂ ਸੀ। ਹਾਂ ਵਾਰ-ਵਾਰ ਰਾਮੂੰਵਾਲੀਆਂ ਬਲਵੰਤ ਸਿੰਹੁ ਜ਼ਰੂਰ ਚੇਤੇ ਆ ਰਿਹਾ ਸੀ...ਪਰ ਉਸ ਤਕ ਸੂਚਨਾ ਪੁੱਜੇਗੀ ਕਿੱਦਾਂ? ਫੇਰ, ਜੇਕਰ ਇਹ ਕੋਈ ਅੰਤਰਰਾਸ਼ਟਰੀ ਗਰੋਹ ਹੋਇਆ... ਤਾਂ ਫਿਰ...? ਦਿਮਾਗ ਦੀ ਚੱਕਰੀ ਪੂਰੀ ਤੇਜ਼ੀ ਨਾਲ ਦੌੜਦੀ ਜਾ ਰਹੀ ਸੀ। ਪਤਨੀ ਦਾ ਹਵਾ ਪਿਆਜ਼ੀ ਤੇ ਬੱਚੀ ਦਾ ਗੋਭਲਾ ਜਿਹਾ ਮਾਸੂਮ ਚਿਹਰਾ ਵਾਰ-ਵਾਰ ਅੱਖਾਂ ਅੱਗੇ ਆ ਜਾਂਦਾ। ਦੋਵੇਂ ਮੈਨੂੰ ਮੋਗੇ ਤਕ ਅਲਵਿਦਾ ਆਖ ਕੇ ਗਏ ਸਨ। ਉਦੋਂ ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਡੁਬ-ਡੁਬਾਈਆਂ ਪਈਆਂ ਸਨ।

'ਲੈ ਹੈ! ਇਹ ਕਿਤੇ ਪੱਕਾ ਤਾਂ ਨ੍ਹੀਂ ਰਹਿਣ ਚੱਲਿਆ। ਹੋਰ ਪੰਦਰਾਂ ਦਿਨਾਂ ਨੂੰ ਮੁੜ ਆਊ।' ਬਲਦੇਵ ਸਿੰਘ ਨੇ ਪਤਨੀ ਨੂੰ ਹੌਂਸਲਾ ਦਿੰਦਿਆਂ ਆਖਿਆ ਸੀ।

'ਹ...ਅ...ਸ਼!' ਕੈਂਟਰ ਦੀਆਂ ਬਰੇਕਾਂ ਦੀ ਆਵਾਜ਼ ਨੇ ਮੇਰੀਆਂ ਸੋਚਾਂ ਦੀ ਲੜੀ ਨੂੰ ਤੋੜ ਦਿੱਤਾ। ਉਸੇ ਘੋਨ-ਮੋਨ ਬੰਦੇ ਨੇ ਮੇਰੀ ਹੱਥਕੜੀ ਦਾ ਦੂਜਾ ਸਿਰਾ ਕੈਂਟਰ ਦੇ ਜੰਗਲੇ ਨਾਲੋਂ ਖੋਲ੍ਹ ਕੇ ਆਪਣੇ ਹੱਥ ਵਿਚ ਫੜ ਲਿਆ ਸੀ।

ਹੁਣ ਮੇਰੇ ਸਾਹਮਣੇ 'ਪੁਲਿਸ ਸਟੇਸ਼ਨ ਪ੍ਰਰਟੂਨਾਮ' ਦਾ ਬੋਰਡ ਲੱਗਾ ਹੋਇਆ ਸੀ। ਥਾਈ ਭਾਸ਼ਾ ਦੇ ਨਾਲ-ਨਾਲ ਅੰਗਰੇਜ਼ੀ ਵਿਚ ਲਿਖਿਆ ਬੋਰਡ ਪੜ੍ਹ ਕੇ ਮੇਰੇ ਸਾਹ ਵਿਚ ਸਾਹ ਆਇਆ। ਹੁਣ ਇਸ ਗੱਲ ਦਾ ਤਾਂ ਪੱਕਾ ਯਕੀਨ ਹੋ ਚੁੱਕਾ ਸੀ ਕਿ ਮੈਂ ਕਿਸੇ ਮਾਫ਼ੀਏ ਦੀ ਨ੍ਹੀਂ ਬਲਕਿ ਪੁਲੀਸ ਦੀ ਗ੍ਰਿਫ਼ਤ ਵਿਚ ਸਾਂ। ਇੱਥੋਂ ਤਾਂ ਬਚ ਨਿਕਲਣ ਦੀ ਕੋਈ ਆਸ ਹੋ ਈ ਸਕਦੀ ਸੀ।

ਕਿੰਨਾ ਚਿਰ ਉਹ ਮੇਰੇ ਕਾਗਜ਼ਾਂ ਦੀ ਫਰੋਲਾ-ਫਰਾਲੀ ਕਰਦੇ ਰਹੇ। ਫਿਰ ਉਨ੍ਹਾਂ ਨੇ ਆਪਣੇ ਵੱਡੇ ਸਾਰੇ ਕੈਮਰੇ ਨਾਲ ਮੇਰੀਆਂ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ। ਮੇਰੇ ਫਿੰਗਰ-ਪ੍ਰਿੰਟ ਲਏ। ਮੇਰੇ ਚਿਹਰੇ ਉੱਤਲੇ ਪਛਾਣ ਚਿੰਨ੍ਹਾਂ ਦੀ ਗਹੁ ਨਾਲ ਨਿਸ਼ਾਨਦੇਹੀ ਕੀਤੀ। ਸਾਰੀਆਂ ਕਾਰਵਾਈਆਂ ਕਰਨ ਬਾਅਦ ਹਵਾਲਾਤ ਦੀਆਂ ਸੀਖਾਂ ਪਿੱਛੇ ਸਰਕਾ ਦਿੱਤਾ। ਸਾਲਾਂਖਾਂ ਪਿੱਛੇ ਖੜ੍ਹਾ ਮੈਂ ਅਮਰੀਕ ਕੰਡੇ ਉੱਪਰ ਗੁੱਸਾ ਕੱਢ ਰਿਹਾ ਸਾਂ ਜਿਸਦੇ ਚੱਕੇ-ਚਕਾਏ ਨਵੀਂ ਦੁਨੀਆਂ ਦੇਖਣ ਲਈ ਕੋਲੰਬਸ ਬਣ ਬੈਠਾ ਸਾਂ।

ਘੰਟੇ ਤੋਂ ਵੀ ਵੱਧ ਸਮੇਂ ਬਾਅਦ ਸੀਖਾਂ ਵਿਚੋਂ 'ਮੁਕਤੀ' ਦੇ ਕੇ ਇੱਕ ਦਫ਼ਤਰੀ ਕਮਰੇ ਵਿਚ ਉੱਚੇ-ਲੰਮੇ ਪੁਲਿਸ ਅਧਿਕਾਰੀ ਸਾਹਮਣੇ ਲਿਜਾ ਖੜ੍ਹਾਇਆ। ਉਸਨੇ ਤਾੜਵੀਆਂ ਨਜ਼ਰਾਂ ਨਾਲ ਪਲਾਂ ਵਿਚ ਹੀ ਮੇਰੇ ਪੂਰੇ ਸਰੀਰ ਦਾ ਐਕਸਰੇ ਕਰ ਲਿਆ।

'ਪਲੀਜ਼...ਬੀ...ਸੀਟਡ...!' ਉਸਦੇ ਮੂੰਹੋਂ ਅੰਗਰੇਜ਼ੀ ਸੁਣ ਕੇ ਮੇਰੇ ਅੰਦਰ ਜਿਵੇਂ ਫੁਲਝੜੀਆਂ ਖਿੜ ਗਈਆਂ। ਮੈਂ ਸ਼ੁਕਰ ਮਨਾਇਆ ਕਿ ਹੁਣ ਥਾਈ ਭਾਸ਼ਾ 'ਚ 'ਸ਼ਾ...ਸ਼ੇ...ਯਾਂ...ਯੂੰ...ਮੀ' ਕਰਨ ਵਾਲੇ ਲੋਕਾਂ ਵਿਚ ਵੀ ਮੇਰੀ ਕੋਈ ਗੱਲ ਸਮਝ ਸਕੇਗਾ।

'ਵਾਟਰ ਪਲੀਜ਼...।' ਕੁਝ ਹੌਂਸਲਾ ਕਰ ਮੈਂ ਪਾਣੀ ਮੰਗ ਲਿਆ। ਪਾਣੀ ਪੀ ਕੇ ਮੈਂ ਲੰਬਾ ਸਾਰਾ ਸਾਹ ਲਿਆ।

'ਰੀਲੈਕਸ...ਰੀਲੈਕਸ...!' ਅਧਿਕਾਰੀ ਨੇ ਸੁਆਲ-ਜੁਆਬ ਸ਼ੁਰੂ ਕਰਨ ਤੋਂ ਪਹਿਲਾਂ ਜਿਵੇਂ ਮੈਨੂੰ ਹੌਂਸਲਾ ਦਿੱਤਾ ਹੋਵੇ। ਇੱਕ ਘੰਟਾ ਹਵਾਲਾਤ ਵਿਚ ਤਾੜੇ ਰਹਿਣ ਦੌਰਾਨ ਮੈਂ ਯੂਕਰੇਨ, ਪਾਕਿਸਤਾਨ, ਈਰਾਨ ਅਤੇ ਹੋਰ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਬੰਦ ਤੇ ਘਰ ਵਾਪਸ ਜਾਣ ਦੀ ਆਸ ਲਾਹ ਚੁੱਕੇ ਆਪਣੇ ਪੰਜਾਬੀ ਭਾਈਬੰਦਾਂ ਬਾਰੇ ਸੋਚਦਾ ਰਿਹਾ ਸਾਂ। ਅਖ਼ਬਾਰਾਂ ਵਿਚ ਅਜਿਹੀਆਂ ਖ਼ਬਰਾਂ ਅਕਸਰ ਪੜ੍ਹਦਾ ਰਹਿੰਦਾ ਸਾਂ ਕਿ ਕਾਬਲ ਮਾਸਕੋ ਵਿਚ ਦੀ ਲੰਘ ਕੇ ਯੂਰਪ ਦੇ ਵਧੀਆਂ ਦੇਸ਼ਾਂ 'ਚ ਕਮਾਈ ਕਰਨ ਦੇ ਸੁਪਨੇ ਵੇਖਦਿਆਂ ਹਜ਼ਾਰਾਂ ਪੰਜਾਬੀ ਫੜੇ ਜਾਣ ਉਪਰੰਤ ਦੂਸਰੇ ਮੁਲਕਾਂ ਦੀਆਂ ਜੇਲ੍ਹਾਂ ਵਿਚ ਸੜ ਰਹੇ ਹਨ। ਹੁਣ ਵੀ ਜਿਸ ਹੋਟਲ ਵਿਚ ਅਸੀਂ ਸਾਰੇ ਠਹਿਰੇ ਸਾਂ ਉੱਥੇ ਹਰੀ ਨਾਂ ਦਾ ਮੁੰਡਾ ਮਲੇਸ਼ੀਆ ਜਾਣ ਦੇ ਚੱਕਰ ਵਿਚ ਸਾਲਾਂ ਤੋਂ ਥਾਈਲੈਂਡ ਵਿਚ ਹੀ ਦਿਨ ਕਟੀ ਕਰੀ ਜਾਂਦਾ ਸੀ। ਪਾਸਪੋਰਟ ਜ਼ਬਤ ਕਰਾਈ ਬੈਠਾ ਉਹ ਨਾ ਅਗਾਂਹ ਕਿੱਧਰੇ ਜਾ ਸਕਦਾ ਸੀ ਤੇ ਨਾ ਹੀ ਪਿਛਾਂਹ ਪਿੰਡ ਪਰਤਣ ਦਾ ਕੋਈ ਸਬੱਬ ਬਣਦਾ ਸੀ। ਹੁਣ ਉਹ ਸੈਰ-ਸਪਾਟੇ ਲਈ ਆਉਣ ਵਾਲੇ ਲੋਕਾਂ ਲਈ ਅਯਾਸ਼ੀ ਦਾ ਸਮਾਨ ਮੁਹੱਈਆ ਕਰਨ ਵਾਲਾ ਦਲਾਲ ਬਣ ਕੇ ਰਹਿ ਗਿਆ ਸੀ।

ਹੋਟਲ ਦੀ ਰਸੋਈ ਵਿਚ ਕੰਮ ਕਰਦੇ ਖ਼ਾਨਸਾਮਿਆਂ ਨੂੰ ਵੀ ਅਕਸਰ ਰੋਂਦਿਆਂ ਵੇਖਦਾ ਸਾਂ। ਕੇਬਲ 'ਤੇ ਚੱਲਦੀ 'ਬਾਗਬਾਨ' ਫ਼ਿਲਮ ਵੇਖ ਉਹ ਜ਼ਾਰੋਜ਼ਾਰ ਰੋਏ ਸਨ। ਇਹ ਸਾਰੇ ਵੀ ਪਿੱਛੇ ਭਾਰਤ ਵਿਚਲੇ ਆਪਣੇ ਪਰਿਵਾਰਾਂ ਨੂੰ ਯਾਦ ਕਰ ਰਹੇ ਸਨ। ਮੈਨੂੰ ਥੋੜ੍ਹੇ ਦਿਨ ਪਹਿਲਾਂ ਪੜ੍ਹਿਆ ਬਲਰਾਜ ਸਾਹਨੀ ਦਾ ਪਾਕਿਸਤਾਨੀ ਸਫ਼ਰਨਾਮਾ ਵੀ ਯਾਦ ਆ ਰਿਹਾ ਸੀ। ਅਜ਼ਾਦੀ ਉਪਰੰਤ ਜੰਮਣ ਭੋਇੰ ਵੇਖਣ ਗਿਆ ਬਲਰਾਜ ਭੰਗ ਦੀ ਪੁਲਿਸ ਅੜਿੱਕੇ ਚੜ੍ਹ ਜਾਂਦਾ ਹੈ। ਐਡਾ ਵੱਡਾ ਐਕਟਰ ਹੋਣ ਦੇ ਬਾਵਜੂਦ ਉਸਨੂੰ ਪੁਲਿਸ ਦੀ ਪੁੱਛ-ਗਿੱਛ ਦੇ ਚੱਕਰਵਿਊ ਵਿਚੋਂ ਲੰਘਣਾ ਪਿਆ। ਬਲਰਾਜ ਬਹੁਤ ਵੱਡਾ ਐਕਟਰ ਸੀ, ਫਿਰ ਭੰਗ ਦੇ ਇਲਾਕੇ ਦਾ ਜੰਮਪਲ ਵੀ। ਉੱਥੇ ਹੀ ਪੜ੍ਹਿਆ ਸੀ, ਜਿਸ ਕਰਕੇ ਉਹ ਪੁਲਿਸ ਤੋਂ ਬਚ ਗਿਆ ਪਰ ਮੇਰਾ ਇਸ ਬਿਗਾਨੇ ਇਲਾਕੇ ਵਿਚ ਕੌਣ ਸੀ?

ਫਿਰ ਉਸ ਥਾਈ ਪੁਲਿਸ ਅਫ਼ਸਰ ਨੇ ਇੱਕ ਘੰਟੇ ਦੇ ਕਰੀਬ ਮੈਨੂੰ ਬੈਂਕਾਕ ਆਉਣ ਬਾਰੇ ਸਵਾਲ ਕੀਤੇ। ਕੰਮਕਾਰ, ਰਿਹਾਇਸ਼, ਤਨਖ਼ਾਹ ਤੇ ਇਧਰ-ਉਧਰ ਦੇ ਹੋਰ ਸੁਆਲਾਂ ਨਾਲ ਮੈਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਉਹ ਵਾਰ-ਵਾਰ ਮੈਨੂੰ ਪਾਕਿਸਤਾਨ ਬਾਰੇ ਪੁੱਛ ਲੈਂਦਾ ਸੀ।

'ਪਾਕਿਸਤਾਨ ਕਿੰਨੀ ਵਾਰ ਗਏ ਹੋ?'

'ਕਦੇ ਵੀ ਨ੍ਹੀਂ! ਤੁਸੀਂ ਮੇਰਾ ਪਾਸਪੋਰਟ ਚੈੱਕ ਕਰ ਲਓ... ਮੈਂ ਅੱਜ ਤੱਕ ਕਦੇ ਪਾਕਿਸਤਾਨ ਨ੍ਹੀਂ ਗਿਆ।'

'ਪਾਕਿਸਤਾਨ ਵਿਚ ਕਿਸ ਨੂੰ ਜਾਣਦੇ ਹੋ?'

'ਕਿਸੇ ਨੂੰ ਵੀ ਨ੍ਹੀਂ...।' ਮੈਂ ਜੁਆਬ ਵਿਚ 'ਨਾਂਹ' ਆਖੀ ਸੀ ਭਾਵੇਂ ਕਿ ਪਾਕਿਸਤਾਨੀ ਪੰਜਾਬ ਵਿਚ ਮੇਰੇ ਕੁਝ ਵਾਕਫ਼ ਲੇਖਕ ਦੋਸਤ ਸਨ। 'ਰਾਬਤਾ' ਮੈਗਜ਼ੀਨ ਦੀ ਸੰਪਾਦਨਾ ਸਮੇਂ ਉਨ੍ਹਾਂ ਨਾਲ ਅਕਸਰ ਚਿੱਠੀ ਪੱਤਰ ਹੁੰਦਾ ਰਿਹਾ ਸੀ। ਜੁਆਬ ਭਾਵੇਂ ਮੈਂ ਨਾਂਹ ਵਿਚ ਦਿੱਤਾ ਸੀ ਪਰ ਅੰਦਰੋਂ ਮੈਂ ਬੁਰੀ ਤਰ੍ਹਾਂ ਹਿੱਲ ਗਿਆ ਸਾਂ। ਥਾਈ ਪੁਲੀਸ ਦੇ ਕਬਜ਼ੇ ਵਿਚਲੀ ਮੇਰੀ ਡਾਇਰੀ ਵਿਚ ਵੀ ਕੁਝ ਪਾਕਿਸਤਾਨ ਰਹਿੰਦੇ ਪੰਜਾਬੀ

*(ਬਾਕੀ ਅਗਲੇ ਸਫੇ 'ਤੇ)*

# ਕਾਹਲ ਨਹੀਂ ਕਰੀਦੀ ਬੀਬਾ!

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਾਨੂੰ ਕਾਹਲ ਹੁੰਦੀ ਕਿ ਸਾਡਾ ਹਰ ਕੰਮ ਸਾਡੀ ਮਰਜ਼ੀ ਮੁਤਾਬਕ ਜਲਦੀ ਪੂਰਾ ਹੋਵੇ। ਸਾਡੀਆਂ ਇਛਾਵਾਂ ਪੂਰੀਆਂ ਹੋਣ। ਸਾਡੇ ਸੁਪਨਿਆਂ ਦਾ ਸੱਚ ਅੱਖ ਝੱਪਕਦਿਆਂ ਸਾਡਾ ਹਾਸਲ ਬਣੇ। ਸਾਡੀਆਂ ਤਰਜੀਹਾਂ, ਮੱਥੇ ਦੀਆਂ ਤਕਦੀਰਾਂ ਬਣ ਜਾਣ। ਸਾਡੀਆਂ ਆਸਾਂ ਨੂੰ ਇਕ ਦਮ ਬੂਰ ਪਵੇ ਅਤੇ ਸਾਡੀ ਹਿੱਕ ਵਿਚ ਮਚਲਦੇ ਚਾਵਾਂ ਨੂੰ ਹੁਲਾਰਾ ਮਿਲੇ।

ਪਰ ਕਾਹਲ ਵਿਚ ਅਕਸਰ ਹੀ ਕੰਮ ਵਿਗੜ ਜਾਂਦੇ। ਧੀਰਜ ਰੱਖ ਕੇ ਤੁਰਦਿਆਂ ਨੂੰ ਮੰਜ਼ਲਾਂ ਦਾ ਸਿਰਾ ਥਿਆ ਜਾਂਦਾ। ਅਸੀਂ ਮਨਚਾਹੀਆਂ ਉਪਲੱਬਧੀਆਂ ਦਾ ਸਿਰਲੇਖ ਬਣਦੇ।

ਬੱਚਾ ਪਹਿਲੇ ਦਿਨ ਹੀ ਰਿੜ੍ਹਨਾ/ਤੁਰਨਾ ਨਹੀਂ ਸਿੱਖ ਜਾਂਦਾ। ਪਹਿਲਾਂ ਰਿੜ੍ਹਨਾ, ਫਿਰ ਖੜ੍ਹਾ ਹੋਣਾ ਅਤੇ ਫਿਰ ਹੌਲੀ-ਹੌਲੀ ਪਹਿਲਾ ਕਦਮ ਉਠਾ ਕੇ ਤੁਰਨਾ ਸਿੱਖਦਾ ਹੈ। ਕੁਝ ਸਮਾਂ ਤਾਂ ਲੱਗਦਾ ਹੀ ਹੈ।

ਨਿੱਕੇ ਜਹੇ ਬੱਚੇ ਦੀ ਜੀਭ ਦਾ ਤੰਦੂਆ ਕੱਟ ਰਿਹਾ ਡਾਕਟਰ, ਮਾਂ ਦੀ ਉਤਸੁਕਤਾ ਨੂੰ ਜਾਣ ਕੇ ਬੋਲਿਆ, 'ਹੌਂਸਲਾ ਰੱਖੋ। ਬੱਚੇ ਨੂੰ ਬੋਲਣ ਲਈ ਕੁਝ ਸਮਾਂ ਤਾਂ ਲੱਗੇਗਾ। ਫਿਰ ਬੱਚੇ ਨੇ ਬੋਲਣਾ ਹੈ ਅਤੇ ਤੁਸੀਂ ਚੁੱਪ ਕਰਵਾਉਣਾ ਹੈ।'

ਬੀਜ ਨੂੰ ਧਰਤੀ 'ਚ 'ਕੇਰ ਕੇ ਬੋਹਲ ਵਿਚ ਤਬਦੀਲ ਹੋਣ ਲਈ ਕੁਝ ਸਮਾਂ ਤਾਂ ਲੱਗੇਗਾ। ਇਕ ਦਿਨ ਵਿਚ ਤਾਂ ਇਸਨੇ ਬੋਹਲ ਨਹੀਂ ਬਣ ਜਾਣਾ। ਕਿਸੇ ਦੀ ਤਰੱਕੀ ਨੂੰ ਦੇਖ ਕੇ ਈਰਖਾ ਕਰਨ ਵਾਲਿਆ! ਇਹ ਤਰੱਕੀ ਇਕ ਦਿਨ ਵਿਚ ਨਹੀਂ ਹੋਈ। ਫਰਸ਼ ਤੋਂ ਅਰਸ਼ ਤੀਕ ਪਹੁੰਚਣ ਲਈ ਕੁਝ ਸਮਾਂ ਤਾਂ ਲੱਗੇਗਾ ਹੀ। ਝੌਂਪੜੀ ਨੇ ਇਕ ਦਿਨ ਵਿਚ ਮਹਿਲ ਦਾ ਰੂਪ ਨਹੀਂ ਧਾਰਿਆ। ਪਤਾ ਨਹੀਂ ਝੌਂਪੜੀ ਦੇ ਵਾਸੀਆਂ ਨੇ ਕਿੰਨੇ ਸਮੇਂ ਅਤੇ ਕਿਹੜੀ ਮੁਸ਼ੱਕਤ ਨਾਲ ਘਰ ਦੇ ਸੁਪਨੇ ਦੀ ਪੂਰਤੀ ਦਾ ਅਹਿਸਾਸ ਸਿਰਜਿਆ। ਸਮਾਂ ਤਾਂ ਲੱਗਦਾ ਹੈ।

ਪਾਣੀ ਕਦੇ ਵੀ ਇਕ ਪਲ ਵਿਚ ਬੱਦਲਾਂ ਦਾ ਰੂਪ ਨਹੀਂ ਧਾਰਦਾ। ਇਸਨੂੰ ਆਪਣਾ ਸਰੂਪ ਬਦਲਣ ਲਈ ਕੁਝ ਸਮਾਂ ਤਾਂ ਲੱਗਦਾ ਹੈ। ਤਿੱਤਰਖੰਭੀਆਂ ਨੂੰ ਅਸਮਾਨ ਵਿਚ ਦੇਖ ਕੇ ਉਦਾਸ ਨਾ ਹੋ, ਇਸਨੂੰ ਸਾਉਣ ਦੀ ਘਟਾ ਬਣਨ ਵਿਚ ਕੁਝ ਸਮਾਂ ਤਾਂ ਲੱਗੇਗਾ ਹੀ।

ਰੱਕੜ ਦੀ ਤਾਸੀਰ ਕਦੇ ਵੀ ਆਪਣੇ ਆਪ 'ਤੇ ਝੁਰਦੀ ਨਹੀਂ। ਉਸਨੂੰ ਪਤਾ ਹੈ ਕਿ ਕੁਝ ਉਪਰਾਲਿਆਂ ਸਦਕਾ ਉਪਜਾਊ ਧਰਤ ਬਦਲਣ ਵਿਚ ਸਮਾਂ ਤਾਂ ਲੱਗੇਗਾ ਹੀ। ਆਪਣੀ ਲਾਡਲੀ ਧੀ ਸਹੁਰੀਂ ਤੋਰ ਕੇ ਮਾਪਿਆਂ ਦੇ ਸੀਨੇ ਵਿਚ ਉਗੀ ਚੀਸ ਨੇ ਇਕ ਦਮ ਸੁਖਨ ਵਿਚ ਤਾਂ ਨਹੀਂ ਬਦਲ ਜਾਣਾ। ਇਸਨੂੰ ਕੁਝ ਸਮਾਂ ਤਾਂ ਲੱਗਣਾ ਹੀ ਹੈ। ਧੀ ਦੀਆਂ ਗੁੱਡੀਆਂ/ਪਟੋਲਿਆਂ ਦੇ ਰੁਆਂਸੇ ਚਿਹਰਿਆਂ ਨੂੰ ਦੇਖ ਕੇ ਮਨ ਵਿਚ ਪੈਦਾ ਹੋਈ ਉਦਾਸੀ ਤੋਂ ਨਿਜ਼ਾਤ ਪਾਉਣ ਲਈ ਧੀ ਦੇ ਖਿਡੌਣਿਆਂ ਨੂੰ ਸੰਭਾਲਦੀ ਮਾਂ ਨੂੰ ਸੰਭਲਣ ਲਈ ਕੁਝ ਸਮਾਂ ਤਾਂ ਲੱਗਦਾ ਹੀ ਆ।

ਪੁੱਤ ਦੀਆਂ ਪ੍ਰਦੇਸ ਜਾਂਦੀਆਂ ਪੈੜਾਂ ਨੂੰ ਨਿਹਾਰਦੀ, ਦਰਾਂ 'ਤੇ ਖੜ੍ਹੀ ਮਾਂ ਦੇ ਨੈਣਾਂ ਵਿਚ ਛਲਕਦੇ ਹੰਝੂਆਂ ਨੂੰ ਸੁੱਕਣ ਵਿਚ ਕੁਝ ਸਮਾਂ ਤਾਂ ਲੱਗੇਗਾ ਹੀ ਜਦ ਨੈਣਾਂ ਤੋਂ ਦੂਰ ਗਿਆ ਲਾਡਲਾ, ਫਿਰ ਪੋਲੇ ਕਦਮੀਂ ਘਰ ਦੀਆਂ ਬਰੂਹਾਂ ਦੀ ਦਸਤਕ ਬਣੇਗਾ।

ਛੁੱਟੀ ਮੁੱਕਣ 'ਤੇ ਆਪਣੇ ਦਿਲਜਾਨੀ ਨੂੰ ਤੋਰ ਕੇ ਪਲੰਘ 'ਤੇ ਲੇਟੀ, ਹੰਝੂਆਂ ਨਾਲ ਸਿਰਹਾਣਾ ਭਿਉਂਦੀ ਸਾਥਣ ਦੀਆਂ ਹਿਚਕੀਆਂ ਨੂੰ ਥੰਮ੍ਹਣ ਵਿਚ ਕੁਝ ਸਮਾਂ ਤਾਂ ਲੱਗੇਗਾ, ਜਦ ਉਸਦਾ ਮਨ ਮਾਹੀ ਨੂੰ ਮੁੜ ਮਿਲਣ ਦੀ ਆਸ 'ਚ ਚਹਿਕਣ ਲੱਗ ਪਵੇਗਾ। ਉਸ ਦੀਆਂ ਬਾਹਾਂ ਵਿਚ ਪਾਏ ਰੰਗਲੇ ਚੂੜੇ ਦੀ ਖਣਕਾਰ ਵਿਚ ਘਰ ਦੀਆਂ ਕੰਧਾਂ ਗਾਉਣ ਲੱਗ ਪੈਣਗੀਆਂ।

ਨਦੀਆਂ ਨਾਲੇ ਇਕ ਦਮ ਤਾਂ ਦਰਿਆ ਬਣ ਨਹੀਂ ਜਾਂਦੇ। ਇਨ੍ਹਾਂ ਨੂੰ ਦਰਿਆ ਬਣ ਕੇ ਆਪਣੇ ਰਾਹ ਖ਼ੁਦ ਸਿਰਜਣ ਅਤੇ ਆਪਣੀ ਰਵਾਨਗੀ ਨੂੰ ਨਵੀਂ ਪਹਿਚਾਣ ਦੇਣ ਵਿਚ ਕੁਝ ਸਮਾਂ ਤਾਂ ਲੱਗੇਗਾ ਹੀ।

ਤਿੜਕੇ ਸੁਪਨੇ ਦੇ ਦਰਦ ਵਿਚ ਕਰਾਹੁੰਦੇ ਸ਼ਖਸ ਨੂੰ ਫਿਰ ਤੋਂ ਆਪਣੇ ਸੁਪਨੇ ਦੀ ਪੂਰਨਤਾ ਦਾ ਰਾਹੀ ਬਣ ਕੇ ਇਸਦੀ ਪ੍ਰਾਪਤੀ ਦੇ ਮਾਣ ਵਿਚ ਕੁਝ ਸਮਾਂ ਤਾਂ ਲੱਗੇਗਾ। ਕਈ ਵਾਰ ਤਾਂ ਸੁਪਨੇ ਦੇ ਸੱਚ ਲਈ ਕਈ ਸਾਲ ਵੀ ਲੱਗ ਜਾਂਦੇ।

ਹਾਬੜਿਆਂ ਵਾਂਗ ਤੱਤਾ ਭੋਜਨ ਖਾਣ ਨਾਲ ਜੀਭ 'ਤੇ ਛਾਲੇ ਪੈ ਜਾਂਦੇ। ਇਸਨੂੰ ਠੰਢਾ ਹੋਣ ਅਤੇ ਲਜ਼ੀਜ਼ਤਾ ਨੂੰ ਮਾਨਣ ਲਈ ਕੁਝ ਸਮਾਂ ਤਾਂ ਲੱਗੇਗਾ ਹੀ।

ਅਕਸਰ ਹੀ ਲੋਕ ਕੱਚਘਰੜ ਲਿਖ ਅਤੇ ਛਪਵਾ ਕੇ, ਵੱਡਾ ਲੇਖਕ ਹੋਣ ਦਾ ਭਰਮ ਪਾਲਣ ਲੱਗਦੇ। ਸ਼ਬਦਕਾਰੀ ਨੂੰ ਸੰਵੇਦਨਾ, ਸੁਚੇਤਨਾ ਅਤੇ ਸਾਰਥਿਕਤਾ ਵਿਚ ਰੰਗ ਕੇ, ਇਸਦੀ ਸੁੱਚਮ ਅਤੇ ਉਤਮ ਅਰਥਕਾਰੀ ਕਰਨ ਵਿਚ ਕੁਝ ਸਮਾਂ ਤਾਂ ਲੱਗੇਗਾ ਹੀ। ਕਈ ਵਾਰ ਤਾਂ ਉਮਰਾਂ ਬੀਤ ਜਾਂਦੀਆਂ ਨੇ ਕੁਝ ਨਵਾਂ ਲਿਖਣ ਅਤੇ ਵਿਲੱਖਣ ਸਿਰਜਣ ਲਈ।

ਗਰੀਬੀ ਤੋਂ ਅਮੀਰੀ ਦਾ ਸਫ਼ਰ ਬਹੁਤ ਸੰਘਰਸ਼ਪੂਰਨ, ਸੇਧਮਈ, ਸਿਰੜ/ਸਾਧਨਾ ਅਤੇ ਸਮਰਪਿਤਾ 'ਚ ਰੰਗਿਆ ਹੁੰਦਾ। ਇਸ ਸਫ਼ਰ ਨੂੰ ਕੁਝ ਸਮਾਂ ਤਾਂ ਲੱਗਦਾ ਹੀ ਹੈ। ਇਕ ਦਮ



ਅਮੀਰ ਬਣਨ ਦੀ ਲਾਲਸਾ ਪਾਲਣ ਵਾਲੇ ਅਕਸਰ ਹੀ ਗਲਤ ਰਾਹਾਂ ਦੇ ਵਣਜਾਰੇ ਬਣ ਕੇ ਖ਼ੁਦ ਨੂੰ ਸਮਾਜਿਕ ਕਲੰਕ ਦਾ ਨਾਮ ਦੇ ਦਿੰਦੇ ਅਤੇ ਬਦਨਾਮੀ ਦਾ ਸਬੱਬ ਵੀ ਬਣਦੇ।

ਆਪਣਿਆਂ ਦੇ ਲਾਏ ਫੱਟਾਂ ਦਾ ਦਰਦ ਬਹੁਤ ਬੁਰਾ। ਅਜੇਹੇ ਅੱਲ੍ਹੇ ਜ਼ਖ਼ਮਾਂ ਨੂੰ ਭਰਨ ਵਿਚ ਕੁਝ ਵਕਤ ਤਾਂ ਲੱਗਦਾ ਹੀ ਹੈ। ਪਰ ਬਹੁਤੀ ਵਾਰ ਭਰ ਚੁੱਕੇ ਜ਼ਖ਼ਮਾਂ ਦੇ ਨਿਸ਼ਾਨ ਸਾਰੀ ਉਮਰ ਹੀ ਰੜਕਦੇ ਰਹਿੰਦੇ।

ਬੋਲਾਂ ਦੀ ਕੁੜੱਤਣ ਨੂੰ ਮਿਠਾਸ ਵਿਚ ਬਦਲਣ ਲਈ ਕੁਝ ਤਾਂ ਸਮਾਂ ਲੱਗਦਾ ਕਿਉਂਕਿ ਬੋਲਾਂ ਦੀ ਮਿਠਾਸ ਅੰਤਰੀਵ ਵਿਚ ਪਨਪਦੀ। ਕੁੜੱਤਣ ਤੇ ਪਾਖੰਡ ਦੀ ਲੇਪ ਬੜੀ ਜਲਦੀ ਉਤਰ ਜਾਂਦੀ ਅਤੇ ਬੰਦੇ ਦੇ ਅੰਦਰਲੀ ਕਮੀਨਗੀ ਜੱਗ-ਜ਼ਾਹਰ ਹੋ ਜਾਂਦੀ।

ਔਰਤ ਨੂੰ ਮਾਂ ਬਣਨ ਦਾ ਮਾਣ ਇਕਦਮ ਨਹੀਂ ਮਿਲਦਾ। ਮਾਂ ਦਾ ਰੁਤਬਾ ਹਾਸਲ ਕਰਨ ਲਈ ਕੁੱਖ ਵਿਚ ਬੱਚੇ ਨੂੰ ਪਾਲ ਕੇ, ਇਕ ਔਰਤ ਮਾਂ ਅਤੇ ਮਮਤਾ ਦੀ ਸੁੰਦਰ ਮੂਰਤ ਬਣਦੀ। ਸਮਾਂ ਤਾਂ ਲੱਗਣਾ ਹੁੰਦਾ। ਕਾਹਲ ਕਿਸੇ ਸਥਿਰ ਪ੍ਰਾਪਤੀ ਦਾ ਆਧਾਰ ਨਹੀਂ ਹੁੰਦੀ।

ਬਰਫ਼ ਨਾਲ ਝੰਬਿਆ ਬਿਰਖ਼ ਯੱਕਦਮ ਪੱਤਿਆਂ, ਫੁੱਲਾਂ ਅਤੇ ਫਲਾਂ ਦਾ ਵਰਦਾਨ ਨਹੀਂ ਹੁੰਦਾ। ਉਸਨੂੰ ਬਹਾਰ ਦੀ ਉਡੀਕ ਕਰਨੀ ਪੈਂਦੀ ਤਾਂ ਹੀ ਕੁਦਰਤ ਮਿਹਰਬਾਨ ਹੋ ਕੇ ਬਿਰਖ਼ ਦੀ ਝੋਲੀ ਕੁਦਰਤੀ ਨਿਆਮਤਾਂ ਨਾਲ ਭਰਦੀ।

ਆਦਤਾਂ ਇਕ ਦਮ ਨਹੀਂ ਬਣਦੀਆਂ ਤੇ ਨਾ ਹੀ ਬਦਲਦੀਆਂ। ਨਵੀਂ ਆਦਤ ਬਣਨ ਨੂੰ ਸਮਾਂ ਤਾਂ ਲੱਗਦਾ ਹੀ ਏ। ਖਾਸ ਕਰਕੇ ਮਾੜੀਆਂ ਆਦਤਾਂ ਨੂੰ ਛੱਡਣ ਅਤੇ ਚੰਗੀਆਂ ਨੂੰ ਅਪਨਾਉਣ ਲਈ।

ਸਮਾਂ ਤਾਂ ਲੱਗਦਾ ਹੀ ਏ ਜਦ ਕਿਸੇ ਮੰਜ਼ਲ ਨੂੰ ਪਾਉਣ ਦਾ ਖਿਆਲ, ਸੱਚ ਦਾ ਸਿਰਨਾਵਾਂ ਬਣ ਕੇ ਤੁਹਾਡੇ ਮਸਤਕ 'ਤੇ ਉਕਰਿਆ ਜਾਵੇ।

ਵਕਤ ਤਾਂ ਲੱਗਦਾ ਹੀ ਹੈ ਵਕਤ ਕੱਢਣ ਲਈ ਤਾਂ ਕਿ ਮਿਥੇ ਵਕਤ 'ਤੇ ਸੱਜਣ ਨੂੰ ਮਿਲ ਕੇ ਵਕਤ ਨੂੰ ਵਕਤ ਦੀ ਤਹਿਰੀਕ ਬਣਾਇਆ ਜਾਵੇ ਅਤੇ ਇਸਦੀ ਇਬਾਦਤ ਕਰਦਿਆਂ, ਵਕਤ ਦਾ ਨਗ਼ਮਾ ਗਾਇਆ ਜਾਵੇ।

ਵਕਤ ਤਾਂ ਲੱਗੇਗਾ ਹੀ ਪਹਿਲੀ ਵਾਰ ਮਿਲਣ ਤੋਂ ਬਾਅਦ ਕਿਸੇ ਦੇ ਮਨ ਵਿਚ ਪੈਦਾ ਹੋਈ ਕਸ਼ਿਸ਼ ਨੂੰ ਮੁਹੱਬਤ ਦਾ ਰੂਪ ਵਟਾਉਣ ਵਿਚ ਅਤੇ ਦਿਲ ਨਾਲ ਦਿਲ ਵਟਾਉਣ ਵਿਚ। ਕਾਹਲੀ ਨਾਲ ਬਹੁਤ ਸਾਰੇ ਕਾਰਜ ਅਕਸਰ ਵਿਗੜ ਹੀ ਜਾਂਦੇ।

ਸਮਾਂ ਤਾਂ ਲੱਗਣਾ ਹੁੰਦਾ ਜਦ ਕੋਈ ਝੁੱਗੀ ਦੇ ਤੁਸੱਵਰ ਵਿਚ ਮਹਿਲ ਬਣਨ ਦਾ ਸੁਪਨਾ ਅੰਗੜਾਈ ਭਰੇ ਅਤੇ ਫਿਰ ਝੁੱਗੀ ਦਾ ਵਜੂਦ ਮਹਿਲਾਂ ਨੂੰ ਮਾਤ ਕਰੇ।

ਸਮਾਂ ਤਾਂ ਲੱਗੇਗਾ ਹੀ ਜਦ ਕਿਸੇ ਦਾ ਦੁਰਕਾਰਨਾ, ਦੁਰਕਾਰੇ ਮਨ ਵਿਚ ਅਜੇਹੀ ਧੁਨ ਅਤੇ ਸਾਧਨਾ ਪੈਦਾ ਕਰੇ ਕਿ ਦੁਰਕਾਰੇ ਬੰਦੇ ਦੇ ਸਾਹਵੇਂ, ਦੁਰਕਾਰਨ ਵਾਲਾ ਸਿਰ ਝੁਕਾਉਣ ਅਤੇ ਮਾਫ਼ੀ ਮੰਗਣ ਲਈ ਮਜਬੂਰ ਹੋ ਜਾਵੇ।

ਸਮਾਂ ਤਾਂ ਲੱਗਦਾ ਹੈ ਪਰ ਵਕਤ ਜ਼ਰੂਰ ਆ ਜਾਂਦਾ ਜਦ ਵਕਤ ਤੋਂ ਮਿਟੇ ਅੱਖਰਾਂ ਦੀ ਸਿਸਕਦੀ ਲੋਅ ਲਾਟ ਬਣ ਕੇ ਵਰਕਿਆਂ ਨੂੰ ਚਾਨਣ ਰੱਤਾ ਕਰਦੀ ਅਤੇ ਸੁੱਤਿਆਂ ਨੂੰ ਜਗਾ ਕੇ ਵਕਤ ਦੀ ਤਹਿਜ਼ੀਬ ਹੀ ਬਦਲ ਦਿੰਦੀ।

ਸਮਾਂ ਜ਼ਰੂਰ ਲੱਗਦਾ ਜਦ ਇਕ ਹੀ ਵਿਅਕਤੀ ਕਿਸੇ ਕੌਮ, ਦੇਸ਼ ਜਾਂ ਖਿੱਤੇ ਦੀ ਤਕਦੀਰ ਨੂੰ ਲਿਖਦਾ ਜਿਸ ਨਾਲ ਬਦਲ ਜਾਂਦੀਆਂ ਕਈਆਂ ਦੀਆਂ ਤਦਬੀਰਾਂ, ਤਰਜੀਹਾਂ ਅਤੇ ਤਕਦੀਰਾਂ। ਸਾਨੂੰ ਵਕਤ ਦੀ ਉਡੀਕ ਤਾਂ ਕਰਨੀ ਹੀ ਪੈਣੀ ਕਿਉਂਕਿ ਹਰ ਪੱਤਝੜ ਤੋਂ ਬਾਅਦ ਹੀ ਬਹਾਰ ਆਉਂਦੀ। ਹਰ ਰਾਤ ਤੋਂ ਬਾਅਦ ਦਿਨ ਅਤੇ ਹਰ ਮੱਸਿਆ ਤੋਂ ਬਾਅਦ ਪੁੰਨਿਆ ਨੇ ਧਰਤ ਨੂੰ ਰੁਸ਼ਨਾਉਣਾ ਹੀ ਹੁੰਦਾ।

ਵਕਤ ਇੰਤਜ਼ਾਰ ਜ਼ਰੂਰ ਕਰਵਾਉਂਦਾ, ਬੰਦੇ ਦੀ ਪਰਖ ਲਈ। ਵਕਤ ਦੀ ਝੋਲੀ ਵਿਚ ਕਿਸੇ ਲਈ ਕੀ ਕੁਝ ਪਿਆ ਅਤੇ ਕਿਹੜੇ ਵਕਤ ਉਸਨੂੰ ਮਿਲਣਾ ਹੈ, ਇਹ ਸਭ ਕੁਝ ਮਿਲਣਾ ਹੀ ਹੁੰਦਾ। ਸਿਰਫ਼ ਬੰਦੇ ਦੀ ਉਡੀਕ ਨੂੰ ਵਕਤ ਪਰਖਣਾ ਤਾਂ ਚਾਹੁੰਦਾ। ਸਮਾਂ ਤਾਂ ਜ਼ਰੂਰ ਲੱਗਾ ਹੋਵੇਗਾ। ਐਂਵੇਂ ਨਹੀਂ ਕਿਸੇ ਦੀਆਂ ਉਪਲੱਬਧੀਆਂ ਨੂੰ ਦੇਖ ਕੇ ਝੂਰੀਦਾ। ਐ ਬੰਦੇ! ਬੜਾ ਲੰਮਾ ਸਫ਼ਰ ਅਤੇ ਸਮਾਂ ਲੱਗਦਾ ਕਿਸੇ ਅਜਨਬੀ ਦਾ ਮਹਾਨ ਹੋ ਜਾਣਾ ਅਤੇ ਫਿਰ ਵੀ ਖ਼ੁਦ ਨੂੰ ਆਮ ਕਹਾਣਾ।

ਸੁੰਦਰ ਇਮਾਰਤ ਨੂੰ ਦੇਖ ਕੇ ਦੰਗ ਹੋਣ ਵਾਲਿਆ ਤੂੰ ਸੋਚਦਾ ਤਾਂ ਹੋਵੇਂਗਾ ਕਿ ਇਹ ਤਾਂ ਖਾਲੀ ਜਗ੍ਹਾ ਸੀ। ਪਰ ਖਾਲੀ ਜਗ੍ਹਾ 'ਤੇ ਉਸਰੀ ਬਹੁ-ਮੰਜ਼ਲੀ ਇਮਾਰਤ ਬਣਨ ਵਿਚ ਕੁਝ ਸਮਾਂ ਤਾਂ ਲੱਗਿਆ ਹੀ ਹੈ।

ਸਮਾਂ ਲੱਗਦਾ ਹੈ ਕਿਸੇ ਲਈ ਅਪਣੱਤ ਦਾ ਪੈਦਾ ਹੋਣਾ, ਮਨ ਵਿਚ ਚਿਣਗ ਉਪਜਣੀ ਅਤੇ ਫਿਰ ਇਸਦੇ ਸੇਕ ਵਿਚ ਪਿਘਲ ਕੇ ਇਕ ਦੂਜੇ ਵਿਚ ਸਮਾ ਜਾਣਾ। ਕਦੇ ਭਰ ਵਗਦਾ ਦਰਿਆ ਇਕ ਦਿਨ ਵਿਚ ਬਰੇਤਾ ਨਹੀਂ ਬਣਦਾ। ਮਨੁੱਖੀ ਅਵੱਗਿਆਵਾਂ ਦਾ ਸਾਹਮਣਾ ਕਰਦਿਆਂ ਦਰਿਆ ਦੇ ਹਾਰ ਜਾਣ ਅਤੇ ਬਰੇਤਾ ਬਣ ਜਾਣ ਨੂੰ ਸਮਾਂ ਤਾਂ ਲੱਗਦਾ ਹੀ ਹੈ।

ਬੰਦੇ ਜੰਮਣ ਵਾਲੀ ਜ਼ਮੀਨ ਇਕ ਦਿਨ ਵਿਚ ਵਿਚ ਬੰਜਰ ਨਹੀਂ ਬਣੀ। ਮਨੁੱਖੀ ਹਵਸ ਨੇ ਇਸਦੀ ਕੁੱਖ ਵਿਚ ਜ਼ਹਿਰਾਂ ਅਤੇ ਖਾਦਾਂ ਪਾ ਕੇ ਇਸਨੂੰ ਬੰਜਰ ਤੇ ਰੱਕੜ ਬਣਾਉਣ ਵਿਚ ਸਮਾਂ ਤਾਂ ਲਾਇਆ ਹੀ ਏ।

ਬੰਦੇ ਦੇ ਵਿਚ ਮਾਨਵੀ ਸਰੋਕਾਰਾਂ ਦਾ ਬੀਜ ਨਾਸ਼ ਹੋਣਾ ਅਤੇ ਸੰਵੇਦਨਾਵਾਂ ਦਾ ਮਰ ਜਾਣਾ ਯਕਦਮ ਨਹੀਂ ਹੋਇਆ। ਸਮਾਂ ਤਾਂ ਲੱਗਿਆ ਹੀ ਏ ਕਿ ਇਕ ਸੰਵੇਦਨਸ਼ੀਲ ਮਨੁੱਖ ਹੌਲੀ-ਹੌਲੀ ਰੋਬੋਟ ਬਣ ਗਿਆ।

ਸਮਾਂ ਤਾਂ ਲੱਗਦਾ ਹੀ ਏ ਜਦ ੳ, ਅ, ਲਿਖਦਾ ਅਤੇ ਮੁਹਾਰਨੀ ਪੜ੍ਹਦਾ ਪੜ੍ਹਦਾ ਬੱਚਾ ਹੌਲੀ-ਹੌਲੀ ਅੱਖਰਕਾਰੀ ਕਰਨ ਲੱਗ ਜਾਂਦਾ। ਫਿਰ ਆਪਣੇ ਸ਼ਬਦਾਂ ਵਿਚ ਗਿਆਨ ਦੀਆਂ ਕਲਮਾਂ ਲਾਉਂਦਾ, ਵਰਕਿਆਂ ਤੇ ਮੋਮਬੱਤੀਆਂ ਜਗਾਉਣ ਲੱਗ ਪੈਂਦਾ।

ਵਕਤ ਤਾਂ ਲੱਗਣਾ ਹੀ ਹੋਇਆ ਜਦੋਂ ਬਾਪ ਦੀ ਛਾਂ ਮਾਣਦਾ ਬੱਚਾ, ਖੁਦ ਛਾਂ ਬਣ ਕੇ ਆਪਣੇ ਬੱਚਿਆਂ ਲਈ ਧੁੱਪਾਂ ਅਤੇ ਛਾਵਾਂ ਨੂੰ ਪਿੰਡੇ 'ਤੇ ਹੰਢਾਉਣ ਲੱਗਦਾ ਅਤੇ ਬੱਚੇ ਤੋਂ ਬਾਪ ਬਣ ਕੇ ਆਪਣੇ ਬੱਚਿਆਂ ਲਈ ਸੁਖਨ ਅਤੇ ਸਕੂਨ ਦਾ ਪੈਗੰਬਰ ਬਣ ਜਾਂਦਾ।

ਵਕਤ ਤਾਂ ਲੱਗਦਾ ਹੈ ਜਦ ਹੱਥੀਂ ਲਾਈ ਕਲਮ ਇਕ ਬਿਰਖ ਬਣ ਜਾਵੇ ਅਤੇ ਫਿਰ ਉਸ ਬਿਰਖ਼ ਦੀਆਂ ਬਹੁਤ ਸਾਰੀਆਂ ਕਲਮਾਂ ਮਨ ਦੀ ਵੱਤਰ ਜ਼ਮੀਨ 'ਤੇ ਫੈਲਰਣ ਲਈ ਕਾਹਲੀਆਂ ਹੋ ਜਾਣ। ਵਕਤ ਤਾਂ ਲੱਗਣਾ ਹੀ ਹੈ ਬਾਰਸ਼ ਦੀਆਂ ਕਣੀਆਂ ਨਾਲ ਇਕ ਤਲਾਬ ਨੂੰ ਭਰਨ ਅਤੇ ਫਿਰ ਇਹ ਕੰਢਿਆਂ ਤੋਂ ਉਛਲਦਾ, ਆਪਣੀਆਂ ਛੱਲਾਂ ਨਾਲ ਕੰਢੇ 'ਤੇ ਬੈਠਿਆਂ ਨੂੰ ਭਿਉਣ ਲੱਗ ਪਵੇ।

ਟਾਈਮ ਤਾਂ ਲੱਗਦਾ ਹੈ ਜਦੋਂ ਮਾਪਿਆਂ ਦੀਆਂ ਮੱਤਾਂ ਵਿਚ ਖੁਦ ਨੂੰ ਸਿਰਜਣ ਵਾਲਾ ਬੱਚਾ, ਆਪਣੇ ਹਿੱਸੇ ਦੇ ਅੰਬਰ ਦੀ ਤਲਾਸ਼ ਵਿਚ ਵਲਗਣਾਂ ਨੂੰ ਤੋੜਦਾ, ਆਪਣੀਆਂ ਸਿਆਣਪਾਂ ਅਤੇ ਨੇਕ ਸਲਾਹਾਂ ਰਾਹੀਂ ਆਲੇ-ਦੁਆਲੇ ਨੂੰ ਪ੍ਰਭਾਵਤ ਕਰਦਾ, ਖ਼ੁਦ ਲਈ ਆਪਣਾ ਅੰਬਰ ਅਤੇ ਧਰਤ ਲੱਭ ਲੈਂਦਾ।

ਸਮਾਂ ਤਾਂ ਲੱਗਣਾ ਹੀ ਹੋਇਆ ਜਦ ਘਰ ਦਾ ਸਰਬਰਾਹ ਅੱਖਾਂ ਮੀਟ ਜਾਵੇ, ਉਸਦੀਆਂ ਅੰਤਮ ਰਸਮਾਂ, ਵੰਡ-ਵੰਡਾਈ ਅਤੇ ਆਪਣੇ ਹਿੱਸੇ 'ਤੇ ਆਪਣੀ ਸਲਤਨਤ ਕਾਇਮ ਕਰਨ ਵਿਚ। ਕਈ ਤਾਂ ਆਪਣੇ ਬਾਪ ਦੀ ਲਾਸ਼ ਨੂੰ ਮੋਢਾ ਦੇਣ ਦੀ ਬਜਾਏ ਜਾਅਲੀ ਵਸੀਹਤ ਰਾਹੀਂ ਸਭ ਕੁਝ 'ਤੇ ਕਾਬਜ਼ ਹੋਣ ਲਈ ਬਾਪ ਦਾ ਸਿਵਾ ਵੀ ਠੰਢਾ ਨਹੀਂ ਹੋਣ ਦਿੰਦੇ। ਪਰ ਫਿਰ ਵੀ ਕੁਝ ਸਮਾਂ ਤਾਂ ਲੱਗਦਾ ਹੀ ਹੈ ਜਦ ਸੱਚ ਸਾਹਮਣੇ ਆ ਜਾਂਦਾ। ਅਜੇਹੀ ਕਾਹਲ ਵਿਚ ਬੰਦਾ ਆਪਣਾ ਸਭ ਕੁਝ ਗਵਾ ਕੇ ਖੁਦ ਸਾਹਵੇਂ ਸਾਰੀ ਉਮਰ ਹੀ ਸ਼ਰਮਸਾਰ ਹੁੰਦਾ।

ਸਮਾਂ ਤਾਂ ਲੱਗਦਾ ਹੀ ਹੈ ਕਿਸੇ ਵਿਚਾਰ ਦੇ ਪੈਦਾ ਹੋਣ, ਨਵੀਂ ਤਹਿਜ਼ੀਬ ਦੇ ਜਨਮ ਲੈਣ ਅਤੇ ਨਵੀਆਂ ਧਾਰਨਾਵਾਂ ਤੇ ਨਵੀਆਂ ਪਹਿਲਕਦਮੀਆਂ ਵਿਚੋਂ ਨਵੀਂ ਵਿਚਾਰਧਾਰਾ ਦੇ ਪੈਦਾ ਹੋਣ ਵਿਚ, ਜਿਸ ਨੇ ਨਵੀਆਂ ਸੰਭਾਵਨਾਵਾਂ ਤੇ ਸੁਪਨਿਆਂ ਦੀ ਸਰਜ਼ਮੀਂ ਬਣਨਾ ਹੁੰਦਾ।

ਸਮਾਂ ਸਮੇਂ ਤੋਂ ਪੁਛਣ ਲੱਗਾ, ਸਮੇਂ ਦੀ ਕੀ ਤਕਦੀਰ?
ਕਿਹੜੇ ਸਮੇਂ 'ਚ ਸਮਾਂ ਵਿਹਾਜੇ, ਸਮਿਆਂ ਦੀ ਤਸਵੀਰ?
ਕਿਸ ਵਕਤ ਦੀ ਵਹਿੰਗੀ ਬਹਿ, ਖੁਦ ਹੋਈਏ ਦਿਲਗੀਰ?
ਅਤੇ ਕਿਹੜੇ ਪਲ 'ਚ ਲੁੱਟੀ ਜਾਣੀ, ਸਾਹਾਂ ਦੀ ਜਾਗੀਰ?
ਵਕਤ ਬੋਲਿਆ ਜੇ ਮੈਂ ਦੱਸ ਦਿਆਂ, ਕਿ ਮੇਰੇ ਅੰਦਰ ਕੀ?
ਤਾਂ ਮੇਰੀ ਔਕਾਤ ਨੂੰ ਕਿਸੇ ਨੇ, ਭਲਾ ਸਮਝਣਾ ਕੀ?
ਵਕਤ ਵਿਹਾਜਿਆਂ ਸਾਹਮਣੇ ਆਉਂਦਾ, ਕੀ ਤੋਂ ਹੋਜੇ ਕੀ।
ਤੇ ਹੱਥਾਂ 'ਤੇ ਖੁਣਿਆ ਜਾਵੇ ਜੋ, ਮਸਤਕ ਲੇਖੀਂ ਸੀ।
ਵਕਤ ਨੇ ਬੋਲਿਆ;
ਤਦਬੀਰਾਂ ਬਣਦੀਆਂ ਤਕਦੀਰਾਂ, ਜੇ ਵਕਤ ਦਾ ਰੱਖੀਏ ਮਾਣ।
ਹਰ ਪਲ ਤੇ ਹਰ ਪਹਿਰ ਮਾਣਦੇ, ਕਰੀਏ ਵਕਤ ਦਾ ਸਨਮਾਨ।

ਸਮਾਂ ਤਾਂ ਲੱਗਦਾ ਹੀ ਹੈ ਜਦ ਬਾਹਰੀ ਭਟਕਣ ਤੋਂ ਅੱਕਿਆ ਬੰਦਾ ਕਦੇ ਨਾ ਕਦੇ ਆਪਣੇ ਅੰਦਰ ਵੱਲ ਨੂੰ ਅਹੁਲਦਾ। ਖ਼ੁਦ ਨੂੰ ਮਿਲਦਾ ਅਤੇ ਵਿਸਾਰੇ ਹੋਏ ਖ਼ੁਦ ਦਾ ਹਾਲ-ਚਾਲ ਪੁੱਛ, ਇਸਦੀ ਸਿਹਤਯਾਬੀ ਲਈ ਅਰਦਾਸ ਕਰਦਾ। ਆਪਣੇ ਅੰਤਰੀਵ ਦੇ ਆਖੇ ਲੱਗ ਕੇ ਸੁੱਚੀਆਂ ਸੱਚੀਆਂ ਰਾਹਾਂ ਦਾ ਸ਼ਾਹ-ਅਸਵਾਰ ਬਣਦਾ।

---

*(ਪਿਛਲੇ ਸਫੇ ਦਾ ਬਾਕੀ)*

ਲੇਖਕਾਂ ਦੇ ਪਤੇ ਲਿਖੇ ਹੋਏ ਸਨ। ਮੈਂ ਡਰ ਰਿਹਾ ਸਾਂ ਕਿ ਜੇਕਰ ਇਹ ਐਡਰੈਸ ਪੜ੍ਹ ਲਏ ਹੋਏ ਤਾਂ ਇਹ ਮੇਰੇ ਲਈ ਵੱਡੀ ਮੁਸੀਬਤ ਬਣ ਸਕਦੀ ਸੀ।

'ਪਾਸਪੋਰਟ ਉੱਪਰ ਤੁਹਾਡਾ ਨਾਂ ਸਿੰਘ ਲਿਖਿਆ ਹੋਇਆ ਪਰ ਤੁਸੀਂ...?' ਉਸਨੇ ਮੇਰੇ ਮੋਨੇ ਸਿਰ ਵੱਲ ਇਸ਼ਾਰਾ ਕਰਦਿਆਂ ਪਗੜੀ ਬਾਰੇ ਪੁੱਛਿਆ ਸੀ।

'ਪੰਜਾਬ ਵਿਚ ਬਹੁਤ ਸਾਰੇ ਲੋਕ ਹਨ ਜੋ ਸਿੰਘ ਹੋਣ ਦੇ ਬਾਵਜੂਦ ਪਗੜੀ ਨ੍ਹੀਂ ਪਹਿਨਦੇ...ਬਾਕੀ ਕੁਝ ਸਰੀਰਕ ਸਮੱਸਿਆ ਕਾਰਨ ਵੀ ਮੈਂ ਪੱਗ ਨ੍ਹੀਂ ਬੰਨ੍ਹ ਰਿਹਾ।' ਮੇਰੀ ਅੱਧ-ਪਚੱਧੀ ਸੱਚੀ ਗੱਲ ਨਾਲ ਉਹ ਅੱਧ-ਪਚੱਧ ਸਹਿਮਤ ਹੋ ਗਿਆ ਜਾਪਦਾ ਸੀ। ਜੁਆਬ ਦਿੰਦਿਆਂ ਮੈਂ ਦੇਸ਼ ਦੇ ਕੁਝ ਲੋਕਾਂ ਨੂੰ ਪਗੜੀ ਬੰਨ੍ਹਣ ਤੋਂ ਤਕਲੀਫ਼ ਹੋਣ ਤੇ ਕੁਝ ਲੋਕਾਂ ਨੂੰ ਨਾ ਬੰਨ੍ਹਣ 'ਤੇ ਹੁੰਦੀ ਔਖ ਬਾਰੇ ਸੋਚ ਰਿਹਾ ਸਾਂ। ਫਿਰ ਮੈਂ ਉਸ ਅਧਿਕਾਰੀ ਨੂੰ ਆਪਣੀ ਵਿਭਾਗੀ ਛੁੱਟੀ ਦਿਖਾ ਕੇ ਆਪਣੇ ਸਰਕਾਰੀ ਅਧਿਕਾਰੀ ਹੋਣ ਬਾਰੇ ਦੱਸਿਆ। ਆਪਣੇ ਮੰਤਰੀ ਅਤੇ ਚੰਡੀਗੜ੍ਹ ਵਾਲੇ ਮੁੱਖ ਦਫ਼ਤਰ ਦੇ ਮੁਖੀ ਦਾ ਫ਼ੋਨ ਦਿੱਤਾ ਤੇ ਫ਼ੋਨ ਕਰਕੇ ਤਸੱਲੀ ਕਰ ਲੈਣ ਦੀ ਬੇਨਤੀ ਕੀਤੀ। ਉਸਨੇ ਮੇਰੇ ਮਹਿਕਮੇ, ਭਾਰਤ ਵਿਚਲੇ ਧਰਮਾਂ-ਜਾਤਾਂ ਬਾਰੇ ਅਤੇ ਸਮਾਜਿਕ ਜੀਵਨ ਬਾਰੇ ਕਈ ਸੁਆਲ ਕੀਤੇ। ਅਧਿਕਾਰੀ ਮੇਰੇ ਨਾਲ ਕੀਤੀ ਗੱਲਬਾਤ ਤੋਂ ਜਿਵੇਂ ਸੰਤੁਸ਼ਟ ਹੋ ਗਿਆ ਸੀ। ਬੈਗ ਵਿਚ ਪਈ ਪੁਸਤਕ 'ਉਨ੍ਹੇ' ਨੇ ਵੀ ਮੇਰੀ ਖਲਾਸੀ ਕਰਵਾਉਣ ਵਿਚ ਭੂਮਿਕਾ ਨਿਭਾ ਦਿੱਤੀ ਸੀ।

'ਇਹ ਤਾਂ ਸਭ ਠੀਕ ਹੈ...ਪਰ ਤੁਸੀਂ ਸਾਡੇ ਪੁਲਿਸ ਜੁਆਨਾਂ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕਿਉਂ ਕਰ ਰਹੇ ਸੀ...?'

'ਸਰ! ਸਾਡੇ ਉਧਰ ਪੰਜਾਬ ਵਿਚ ਅਕਸਰ ਅਜਿਹਾ ਹੁੰਦਾ ਹੈ। ਪੁਲਿਸ ਨੂੰ ਚੋਗਾ ਪਾ ਕੇ ਵੱਡੇ-ਵੱਡੇ ਚੋਰ ਵੀ ਬਚ ਨਿਕਲਦੇ ਹਨ। ਪੁਲਿਸ ਪੈਸੇ ਬਟੋਰਨ ਵਾਸਤੇ ਅਕਸਰ ਸਾਊ ਬੰਦਿਆਂ ਨੂੰ ਵੀ ਫਸਾ ਲੈਂਦੀ ਹੈ। ਉਦੋਂ ਲੋਕਾਂ ਕੋਲ ਪੈਸੇ ਦੇ ਕੇ ਛੁੱਟਣ ਤੋਂ ਬਿਨਾਂ ਕੋਈ ਚਾਰਾ ਨ੍ਹੀਂ ਹੁੰਦਾ। ਮੈਂ ਸੋਚਿਆ ਤੁਹਾਡੀ ਪੁਲਿਸ ਵੀ ਸਾਡੇ ਸੂਬੇ ਵਾਲੀ ਪੁਲਿਸ ਵਰਗੀ ਹੀ ਹੋਊ। ਸ਼ਾਇਦ ਚਾਰ ਛਿਲੜ ਦੇਣ ਨਾਲ ਹੀ ਮੇਰੀ ਜਾਨ ਦਾ ਛੁਟਕਾਰਾ ਹੋ ਜਾਊ। ਨਾਲੇ ਸਰ ਮੈਂ ਹੋਟਲ 'ਚ ਅੱਜ ਹੀ ਅਖ਼ਬਾਰ 'ਚੋਂ ਪੜ੍ਹਿਆ ਕਿ ਥਾਈਲੈਂਡ ਦਾ ਭ੍ਰਿਸ਼ਟ ਦੇਸ਼ਾਂ ਦੀ ਸੂਚੀ ਵਿਚ 70ਵਾਂ ਸਥਾਨ ਹੈ। ਸਾਡੇ 'ਮਹਾਨ ਭਾਰਤ' ਦਾ ਸਥਾਨ ਸਤਾਈਵਾਂ ਹੈ। ਮੈਂ ਸੋਚਦਾ ਸੀ ਜੇਕਰ ਕੋਈ ਮੁਲਕ ਭ੍ਰਿਸ਼ਟ ਹੈ, ਤਾਂ ਉੱਥੋਂ ਦੀ ਪੁਲਿਸ ਤਾਂ ਫਿਰ ਪਹਿਲੇ ਦਰਜੇ 'ਤੇ ਹੀ ਹੋਊ...।' ਮੇਰੀ ਬੇਬਾਕੀ ਵਾਲੇ ਜੁਆਬ ਨੂੰ ਸੁਣ ਕੇ ਉਹ ਕੇਵਲ ਹਲਕਾ ਜਿਹਾ ਮੁਸਕਰਾਇਆ ਸੀ। ਇੰਨੇ ਚਿਰ ਨੂੰ ਇੱਕ ਹੋਰ ਅਧਿਕਾਰੀ ਨੇ ਮੇਰਾ ਪਾਸਪੋਰਟ ਲਿਆ ਕੇ ਪਹਿਲੇ ਅਧਿਕਾਰੀ ਦੇ ਹੱਥਾਂ 'ਚ ਦੇ ਦਿੱਤਾ। ਉਨ੍ਹਾਂ ਨੇ ਆਪਸ ਵਿਚ ਥਾਈ ਭਾਸ਼ਾ ਵਿਚ ਕੋਈ 'ਗਿੱਟ-ਮਿੱਟ' ਕੀਤੀ। ਮੈਂ ਉਨ੍ਹਾਂ ਦੇ ਹਾਵਾਂ-ਭਾਵਾਂ ਤੋਂ ਅੰਦਾਜ਼ਾ ਲਗਾਇਆ, ਉਹ ਸੰਤੁਸ਼ਟ ਹੋ ਗਏ ਜਾਪਦੇ ਸਨ।

'ਮਿਸਟਰ ਸਿੰਘ...ਤੁਹਾਨੂੰ ਤਕਲੀਫ਼ ਦੇਣ ਦਾ ਸਾਨੂੰ ਅਫ਼ਸੋਸ ਹੈ।'

'ਨ੍ਹੀਂ ਸਰ... ਤੁਸੀਂ ਆਪਣੀ ਡਿਊਟੀ ਨਿਭਾਈ ਹੈ...ਪਰ ਸਰ?' 'ਕੀ ?'

'ਇਹ ਤਕਲੀਫ਼ ਮੈਨੂੰ ਦਿੱਤੀ ਕਿਉਂ ਗਈ?'

'ਯੰਗਮੈਨ! ਦੱਸਣਾ ਬਣਦਾ ਤਾਂ ਨ੍ਹੀਂ ਕਿਉਂ ਜੋ ਇਹ ਸਾਡਾ ਸੀਕਰੇਟ ਮੈਟਰ ਐ...ਪਰ ਦੱਸ ਦਿੰਨਾ। ਤੁਸੀਂ ਸਾਊ ਮਨੁੱਖ ਹੋ। ਤੁਹਾਡੀ ਸ਼ਕਲ ਇੰਟਰਪੋਲ ਲਈ ਮੋਸਟ ਵਾਂਟਡ ਪਾਕਿਸਤਾਨੀ ਟੈਰਰਿਸਟ 'ਅਹਿਮਦ ਰਜ਼ਾਕ' ਨਾਲ ਬਹੁਤ ਜ਼ਿਆਦਾ ਮਿਲਦੀ ਹੈ। ਮਿਲਦੀ ਹੀ ਨ੍ਹੀਂ ਸਮਝ ਲਓ ਕਿ ਉਸਦੀ ਕਾਰਬਨ ਕਾਪੀ ਹੀ ਹੋ। ਤੁਸੀਂ ਹੈਰਾਨ ਹੋਵੇਗੇ...ਬੜੇ ਦਿਨਾਂ ਤੋਂ ਤੁਹਾਡੀ ਸੀ.ਆਈ.ਡੀ. ਹੋ ਰਹੀ ਸੀ। ਅਸੀਂ ਗ਼ਲਤ ਸਾਬਤ ਹੋਏ...ਅਗੇਨ ਸੌਰੀ ਫਾਰ ਇਨਕਨਵੀਨੀਐਂਸ...।' ਮੈਂ ਬਹੁਤ ਲੰਬਾ ਸਾਹ ਲਿਆ। ਕਰੀਬ ਦੋ ਮੀਲ ਲੰਬਾ। ਮੈਂ ਅੰਦਰੇ-ਅੰਦਰ ਸ਼ੁਕਰ ਕੀਤਾ ਕਿ ਪਾਕਿਸਤਾਨੀ ਜਾਣ-ਪਛਾਣ ਵਾਲਿਆਂ ਦੇ ਪਤੇ ਪੁਲਿਸ ਅਧਿਕਾਰੀਆਂ ਦੇ ਨੋਟਿਸ ਵਿਚ ਨ੍ਹੀਂ ਸੀ ਆਏ। ਜੇਕਰ ਇਹ ਨੋਟਿਸ ਵਿਚ ਆ ਜਾਂਦੇ ਤਾਂ ਮੇਰੇ 'ਤੇ 'ਅਹਿਮਦ ਰਜ਼ਾਕ' ਹੋਣ ਦਾ ਠੱਪਾ ਪੱਕਾ ਲੱਗ ਜਾਣਾ ਸੀ।

'ਓ. ਕੇ...ਯੂ ਕੈਨ ਗੋ ਨਾਓ...ਬਟ...?' ਉਸਦੀ 'ਬਟ' ਮੁਸਕਰਾਹਟ ਵਿਚ ਲਪੇਟੀ ਹੋਈ ਸੀ।

'ਤੁਸੀਂ ਕਹਿੰਦੇ ਹੋ ਕੇ ਪਾਕਿਸਤਾਨ ਵਿਚ ਤੁਸੀਂ ਕਿਸੇ ਨੂੰ ਨ੍ਹੀਂ ਜਾਣਦੇ...ਪਰ ਤੁਹਾਡੀ ਡਾਇਰੀ ਵਿਚ ਕਿੰਨੇ ਹੀ ਪਾਕਿਸਤਾਨੀਆਂ ਦੇ ਐਡਰੈਸ ਲਿਖੇ ਹੋਏ ਨੇ...ਬਿਨਾਂ ਜਾਣ-ਪਛਾਣ ਦੇ ਹੀ?'

'ਹੈਂ...!' ਮੇਰਾ ਮੂੰਹ ਖੁਲ੍ਹੇ ਦਾ ਖੁਲ੍ਹਾ ਹੀ ਰਹਿ ਗਿਆ। ਮੇਰੇ ਕੋਲ ਜੁਆਬ ਨ੍ਹੀਂ ਸੀ। ਚੋਰ ਜਿਵੇਂ ਪਾੜ ਵਿਚੋਂ ਫੜਿਆ ਗਿਆ ਸੀ।

'ਡੋਂਟ ਵਰੀ...ਡੋਂਟ ਵਰੀ...।' ਮੇਰੀ ਘਬਰਾਹਟ ਉਸਦੀ ਮੁਸਕਰਾਹਟ ਥੱਲੇ ਦੱਬ ਗਈ ਸੀ।

ਫਿਰ ਉਹ ਉੱਚ ਅਧਿਕਾਰੀ ਗੇਟ ਤਕ ਮੇਰੇ ਨਾਲ ਆਇਆ। ਮੈਨੂੰ ਮੇਰੇ ਹੋਟਲ ਤਕ ਪਹੁੰਚਾਉਣ ਲਈ ਆਪਣੇ ਜੁਆਨਾਂ ਦੀ ਡਿਊਟੀ ਲਗਾ ਦਿੱਤੀ।

'ਥੈਂਕਯੂ ਸਰ!' ਮੈਂ ਧੰਨਵਾਦ ਕੀਤਾ ਤਾਂ ਉਸਨੇ ਹੱਥ ਮਿਲਾ ਕੇ ਅਲਵਿਦਾ ਆਖੀ।

'ਨੈਵਰ ਮਾਈਂਡ...ਨੈਵਰ ਮਾਈਂਡ...।' ਉਸ ਘੋਨ-ਮੋਨ ਜਿਹੇ ਨੇ ਆਖਿਆ ਤਾਂ ਮੇਰੀਆਂ ਅੱਖਾਂ ਭਰ ਆਈਆਂ ਸਨ।

# ਮਜ਼ਾਹੀਆ ਕਵੀ ਟੀ ਐਨ ਰਾਜ਼ ਦਾ ਤੁਰ ਜਾਣਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਦਿੱਲੀ ਤੋਂ ਚੰਡੀਗੜ੍ਹ ਪਹੁੰਚਣ ਉੱਤੇ ਜਿਹੜੇ ਤਿੰਨ ਬੰਦੇ ਖੁਸ਼ ਹੋਏ ਉਨ੍ਹਾਂ ਵਿਚ ਤਰਲੋਕੀ ਨਾਥ ਰਾਜ਼ (ਟੀ ਐਨ ਰਾਜ਼) ਵੀ ਸੀ। ਦੂਜੇ ਦੋ ਡਾ. ਅਤਰ ਸਿੰਘ ਤੇ ਰਘਬੀਰ ਸਿੰਘ ਸਿਰਜਣਾ ਸਨ। ਅਤਰ ਸਿੰਘ ਮੇਰੇ ਨਾਲੋਂ ਦੋ ਸਾਲ ਵੱਡਾ ਸੀ ਤੇ ਰਾਜ਼ ਛੇ ਮਹੀਨੇ ਛੋਟਾ। ਦੋਵੇਂ ਉਰਦੂ, ਹਿੰਦੀ ਤੇ ਪੰਜਾਬੀ ਪੜ੍ਹੇ ਹੋਏ ਸਨ ਤੇ ਤਿੰਨਾਂ ਭਾਸ਼ਾਵਾਂ ਵਿਚ ਲਿਖ ਲਿਖਾ ਲੈਂਦੇ ਸਨ। ਤਿੰਨਾਂ ਦੇ ਮਾਹਿਰ ਸਮਝੋ। ਰਾਜ਼ ਦੇ ਚਲਾਣੇ ਨਾਲ ਮੈਨੂੰ ਉਰਦੂ ਭਾਸ਼ਾ ਤੇ ਸਾਹਿਤ ਨਾਲ ਜੋੜਨ ਵਾਲਾ ਪੁਲ ਟੁੱਟ ਗਿਆ ਹੈ। ਉਂਝ ਵੀ ਉਹ ਹੱਸਣ ਹਸਾਉਣ ਵਾਲਾ ਬੰਦਾ ਸੀ। ਉਸਦੇ ਇਸ ਗੁਣ ਸਦਕਾ ਅੱਧੀ ਦਰਜਨ ਭਾਸ਼ਾਵਾਂ ਦੇ ਮਹਾਰਥੀ ਉਸਦੇ ਜਾਣੂ ਵੀ ਸਨ ਤੇ ਰਸੀਏ ਵੀ। ਖੁਸ਼ਵੰਤ ਸਿੰਘ, ਗੋਪੀਚੰਦ ਨਾਰੰਗ, ਕਮਲੇਸ਼ਵਰ, ਮੁਨੱਵਰ ਰਾਣਾ, ਹੱਕਾਨੀ ਅਲਕਾਸਮੀ, ਸਤਪਾਲ ਆਨੰਦ, ਕਤੀਲ ਸ਼ਫਾਈ, ਜਗਨਾਥ ਆਜ਼ਾਦ ਤੇ ਗਿਆਨ ਸਿੰਘ ਸ਼ਾਤਰ ਸਮੇਤ। ਪ੍ਰੇਮ ਲਾਲ ਵਫਾ ਦਾ ਸ਼ਿਅਰ ਰਾਜ਼ ਉੱਤੇ ਢੁਕਦਾ ਸੀ:

ਯਾ ਵੋ ਦੀਵਾਨਾ ਹੰਸੇ ਯਾ ਤੂ ਜਿਸੇ ਤੌਫੀਕ ਦੇ
ਵਰਨਾ ਇਸ ਦੁਨੀਆ ਮੇਂ ਆ ਕਰ ਮੁਸਕ੍ਰਾਤਾ ਕੌਨ ਹੈ

ਜਿੱਥੋਂ ਤੱਕ ਟੀ ਐਨ ਰਾਜ਼ ਦੀ ਮੁਸਕ੍ਰਾਹਟ ਦਾ ਸਬੰਧ ਹੈ ਉਸ ਵਿਚ ਤਨਜ਼ ਹੈ, ਵਿਅੰਗ ਹੈ ਤੇ ਮਸਤੀ ਵੀ।

ਯੇਹ ਦਿਲ ਦੀ ਮਸਤੀ ਹੈ ਜਿਸਨੇ ਮਚਾਈ ਹੈ ਹਲਚਲ
ਨਸ਼ਾ ਸ਼ਰਾਬ ਮੇਂ ਹੋਤਾ ਤੋ ਨਾਚਤੀ ਬੋਤਲ।

ਉਰਦੂ ਵਿਚ ਉੱਤਮ ਤੇ ਗੰਭੀਰ ਸ਼ਿਅਰ ਕਹਿਣ ਵਾਲੇ ਵਧੀਆ ਸ਼ਾਇਰਾਂ ਦੀ ਗਿਣਤੀ ਸੈਂਕੜੇ ਤੋਂ ਵੱਧ ਵੀ ਹੋ ਸਕਦੀ ਹੈ ਪਰ ਮਜ਼ਾਹੀਆ ਸ਼ਿਅਰ ਕਹਿਣ ਵਾਲੇ ਸ਼ਾਇਰ ਗਿਣੇ ਚੁਣੇ ਹਨ। ਸੰਜੀਦਗੀ ਦੇ ਸਹਿਮੇ ਹੋਏ ਮਾਹੌਲ ਵਿਚ ਰਾਜ ਦੇ ਸ਼ਿਅਰ ਕਹਿਕਹਾਨਾ ਜਜ਼ਬਾ ਰਖਦੇ ਹਨ। ਇਨ੍ਹਾਂ ਵਿਚ ਮੁਸਕ੍ਰਾਉਣ ਦੀ ਅਜਿਹੀ ਮਹਿਕ ਹੈ ਕਿ ਸਮਾਜ ਦੇ ਘਸੇ-ਪਿਟੇ ਮਾਹੌਲ ਵਿਚ ਆਪਣੀ ਕਿਸਮ ਦਾ ਲੁਤਫ਼ ਭਰ ਦਿੰਦੀ ਹੈ। ਜਿਵੇਂ:

ਤਬਲਾ ਨਵਾਜ਼ ਵੁਹ ਹੈ ਜੋ ਸੰਗਤ ਮੇਂ ਤਾਲ ਦੇ
ਔਹ ਬਲਾ ਬਾਜ ਵੁਹ ਹੈ ਜੋ ਛਿੱਕਾ ਉਛਾਲ ਦੇ।


ਆਸ਼ਕ ਹੈ ਵੁਹ ਜੋ ਧੂਪ ਮੇਂ ਫੁਰਸਤ ਸੇ ਬੈਠ ਕਰ
ਚੁਨ ਚੁਨ ਕੇ ਜ਼ੁਲਫੇਂ ਯਾਰ ਸੇ ਜੂਏਂ ਨਿਕਾਲ ਦੇ

ਤੁਮਹਾਰੇ ਮਾਇਕੇ ਸੇ ਆਨੇ ਵਾਲੀ ਰਾਹ ਤੱਕ ਤੱਕ ਕਰ
ਮੇਰੀ ਤੋ ਆਂਖ ਬ੍ਹੀ ਪਥਰਾ ਗਈ
ਕਿਆ ਤੁਮ ਨਾ ਆਓਗੇ ਤੁਮਹਾਰੇ ਗ਼ਮ ਮੇਂ ਮੁਲ ਬੇਹਾਲ
ਕਾ ਢਾਰਸ ਬੰਧਾਨੇ ਕੋ।
ਪੜੌਸਨ ਪਰ ਪੜੌਸਨ ਆ ਗਈ ਕਿਆ ਤੁਮ ਨਾ ਆਓਗੇ।

ਹੋਰ ਸੁਣਨਾ ਚਾਹੁੰਦੇ ਹੋ ਤਾਂ ਪੇਸ਼ ਹਨ ਕੁਲ ਚੋਣਵੇਂ ਸ਼ਿਅਰ:

ਜਬ ਹੂਈ ਇੱਕ ਲੜਕੀ ਅਗਵਾ ਸ਼ੇਖ ਨੇ ਦੀ ਬਦਦਵਾ
ਸ਼ਹਿਰ ਮੇਂ ਅੱਬ ਐ ਖੁਦਾ ਲੌਂਡਾ ਜਵਾਂ ਕੋਈ ਨਾ ਹੋ
ਮੌਲਵੀ ਸੇ ਹਸ਼ਰ ਮੇਂ ਅਸਕੋਰ ਪੂਛਾ ਜਾਏਗਾ
ਕਹੀਏ ਕਿਤਨੀ ਮੁਰਗੀਓਂ ਕੋਂ ਤੁਮ ਨੇ ਬੇਵਾ ਕਰ ਦੀਆ

ਦੋਨੋਂ ਹੀ ਅਪਨੀ ਅਪਨੀ ਨਿਗਾਹੋਂ ਮੇਂ ਚੋਰ ਥੇ
ਠੇਕੇ ਪੇ ਆ ਕੇ ਅੱਬਾ ਕੋ ਅਪਨੇ ਪਿਸਰ ਮਿਲੇ
ਤਿਗੜਮੇਂ ਸਿਆਸਤ ਕੀ ਪਹਿਲੇ ਥੀਂ ਬਹੁਤ ਹੀ ਪੇਚਦਾਰ
ਰਫਤਾ ਰਫਤਾ ਛਲ ਕਪਟ ਸੇ ਵੁਹ ਭ੍ਹੀ ਆਸਾਂ ਹੋ ਗਈਂ।



ਜਬ ਦੇਸ਼ ਮੇਂ ਗਰਮੀ ਪੜਤੀ ਹੋ, ਔ ਲੂ ਮੇ ਚਮੜੀ ਜਲਤੀ ਹੋ
ਤਬ ਕਿਸੀ ਬਹਾਨੇ ਫਾਰਨ ਕਾ ਇੱਕ ਟੂਰ ਲਗਾਓ ਨੇਤਾ ਜੀ

ਨਿੱਤ ਨਏਂ ਝਗੜੇ ਸਿਆਸਤ ਮੇਂ ਜ਼ਰੂਰੀ ਹੈਂ ਬਹੁਤ
ਫਿਰਕਾਦਾਰਾਨਾ ਫਸਾਦੋਂ ਕੋ ਭ੍ਹੀ ਭੜਕਾਤਾ ਹੂੰ ਮੈਂ।

ਫਾਈਲੇਂ ਚਲਤੀ ਹੈਂ ਕਛੂਆ ਚਾਲ ਸੇ
ਨੋਟ ਬਰਸੇਂ ਤੋਂ ਰਵਾਨੀ ਔਰ ਹੈ।

ਮੈਡੀਕਲ ਮੇਂ ਲੜਕੀਓਂ ਨੇ ਜਬ ਸੇ ਐਡਮਿਸ਼ਨ ਲੀਆ
ਡਾਕਟਰ ਸਭ ਪੜ੍ਹ ਗਏ ਬੀਮਾਰ ਮੇਰੇ ਸ਼ਹਿਰ ਮੇਂ

ਲੱਜ਼ਤੇਂ ਸਭ ਉੜ ਗਈਂ, ਸਾਰੀ ਗਿਜਾਏਂ ਛੁਟ ਗਈ
ਭੂਖ ਕੀ ਐਸੀ ਬਣਾ ਕੇ ਰਖ ਦੀ ਦੁਰਗਤ ਚਾਏ ਨੇ।

ਇਸ਼ਕ ਮੇਂ ਸਰ ਫੋੜ ਕਰ ਗਰ ਜਾਨ ਏ-ਪਨ ਮਰਨਾ ਹੀ ਹੈ
ਬੇਹ ਤੇਰੇ ਦੀਵਾਨ-ਓ-ਦਰ ਹੀ ਤੋੜ ਕਰ ਹਮ ਜਾਏਂਗੇ।

ਜੂਤੀਆਂ ਕਿਉਂਕਰ ਨਾ ਪੜਵੀ ਮੰਦ ਪਰ ਮਰਦੂਦ ਕੋ
ਲਫਜ਼ ਹਰ ਬੇਹੂਦਾ ਥਾ ਕਲ ਰਾਜ ਦੀ ਤਕਰੀਰ ਕਾ।

ਟੀ. ਐਨ. ਰਾਜ਼ ਦੀ ਮਜ਼ਾਹੀਆ ਸ਼ਾਇਰੀ ਵਿਚ ਦੋ ਸਤਰੇ ਤੋਂ ਬਿਨਾਂ ਹੋਰ ਵੀ ਬਹੁਤ ਕੁੱਝ ਹੈ ਜਿਹੜਾ ਉਦਾਸੀ ਵਿਚ ਡੁੱਬੇ ਦਿਲਾਂ ਨੂੰ ਸਹਾਰਾ ਦਿੰਦਾ ਹੈ।

ਐ ਖਿਸਕਤੀ ਕੁਰਸੀ! ਤੇਰੀ ਹੈ ਬੇਕਰਾਰੀ ਹਾਏ ਹਾਏ
ਨਿਆ ਹੂਈ ਆਖਰ ਵੁਹ ਅਪਨੀ ਦੋਸਤ ਦਾਰੀ ਹਾਏ ਹਾਏ।
ਪੂਰੀ ਤਰ੍ਹਾ ਸੇ ਨਾ ਚਖਾ ਥਾ ਘੁਟਾਲੋਂ ਕਾ ਮਜ਼ਾ
ਰਹਿ ਗਿਆ ਦਿਲ ਪੇ ਮਿਰੇ ਇਕ ਬੋਝ ਭਾਰੀ ਹਾਏ ਹਾਏ
ਕੋਈ ਭ੍ਹੀ ਕੁਝ ਦੇਰ ਤੇਰੇ ਪਾਸ ਇਕ ਪਾਇਆ ਨਹੀਂ
ਵਕਫੇ ਵਕਫੇ ਸੇ ਰਹੀ ਹੈ ਤੂੰ ਕੰਵਾਕੀ ਹਾਏ ਹਾਏ।

ਹਰ ਏਕ ਸਾਧੂ ਸੰਤ ਕਾ ਅਪਨਾ ਜਲਾਲ ਹੈ
ਧਰਮ ਓ ਕਰਮ ਕੀ ਮੰਡੀ ਦਾ ਵੁਹ ਇੱਕ ਦਲਾਲ ਹੈ
ਭਗਤਨ ਕੀ ਜ਼ੁਲਫੇਂ ਦੇਖ ਕਰ ਬੋਲੇ ਮਹਾਤਮਾ
ਦੇਵੀ! ਤਮਾਮ ਦੁਨੀਆ ਹੀ ਇੱਕ ਮਾਯਾ ਜਾਲ ਹੈ

ਹੈ ਪਾਸ ਮੇਂ ਰਜਾਈ ਨਾ ਘਰ ਮੇਂ ਲੁਗਾਈ ਹੈ
ਲੰਬੀ ਸ਼ਿਅਹ ਕੈਸੇ ਕਟੇ ਰਾਤ ਜਾੜੇ ਮੇਂ
ਅਬ ਗੁਲ ਰੁਖੋਂ ਕੇ ਘਰ ਸੇ ਨਿਕਲਨੇ ਕੇ ਦਿਨ ਨਹੀਂ
ਸੂਨੇ ਪੜੇ ਹੈਂ ਫੂਲੋਂ ਕੇ ਬਾਗਾਤ ਜਾੜੇ ਮੇਂ

ਹਾਏ ਸੈਲਾਬ ਮੇਂ ਕਰ ਦੇਤਾ ਹੈ ਕਿਆ ਕਿਆ ਪਾਨੀ
ਘਰ ਮੇਂ ਮੁਫਨਸ ਕੇ ਭ੍ਹੀ ਘੁਸ ਆਤਾ ਹੈ ਅੰਧਾ ਪਾਨੀ
ਮੇਂਡਕ ਔਰ ਸਾਂਪ ਮਿਰੇ ਰਾਤ ਕੇ ਮਹਿਮਾਂ ਬਨੇ
ਸ਼ਾਮ ਕੇ ਵਕਤ ਹੀ ਜੋ ਆਇਆ ਬਾੜ੍ਹ ਕਾ ਪਾਨੀ
ਤੁਮ ਵਜ਼ੀਰੋਂ ਪੇ ਨਾ ਇਲਜ਼ਾਮ ਰਖੋ ਰਿਸ਼ਵਤ ਕਾ
ਥੇਹ ਮੀਆ ਰਾਜ਼ ਹੈ ਉਨ ਯਾਰੋਂ ਕਾ ਧੰਦਾ ਪਾਨੀ

ਨਹੂੰ ਬਾਤ ਐਸੀ ਮੈਂ ਐ ਖ਼ੁਦਾ! ਜੋ ਹੰਸੀ ਖੁਸ਼ੀ ਕੋ ਜਮਾਲ ਦੇ
ਗਮ ਏ ਜ਼ਿੰਦਗੀ ਕੀ ਉਦਾਸੀਓਂ ਕੋ ਹਰ ਏਕ ਦਿਲ ਸੇ
ਨਿਕਾਲ ਦੇ
ਕੋਈ ਮੰਤ੍ਰੀ ਕੋ ਸੁਝਾਓ ਦੇ ਕਿ ਸਰੋਪਾ ਰਾਜ਼ ਕੋ ਭੇਂਟ ਹੋ
ਜੋ ਨਾ ਸ਼ਾਲ ਕੋਈ ਭ੍ਹੀ ਮਿਲ ਸਕੇ ਤੋ ਧੋਤੀ ਕੰਧੇ ਪੇ ਡਾਲ ਦੇ

ਜਬ ਸੇ ਆਬਾ ਹੈ ਬੁਢਾਪਾ ਸੂਝਤਾ ਕੁਛ ਭ੍ਹੀ ਨਹੀਂ
ਰੋਸ਼ਨੀ ਨਾ ਏਕ ਫੱਟਾ ਆਖੋਂ ਮੇ ਮੰਜ਼ਰ ਰਹਿ ਗਿਆ
ਏਕ ਅਲ੍ਹੜ ਸੀ ਹਸੀਨਾ ਹਮ ਕੋ ਬਾਬਾ ਕਹਿ ਗਈ
ਹਰ ਨਿਸ਼ਾਨ ਆਂਖ ਕਾ ਐਨਕ ਕੇ ਅੰਦਰ ਰਹਿ ਗਿਆ

ਬੈਰ ਨੇ ਲਾ ਸਰਵ ਕਰ ਦੀਏ ਟੇਬਲ ਪਰ ਦੋ ਖਾਨੇ
ਬੀਵੀ ਬੈਠੀ ਬਗਲੇਂ ਝਾਂਕੇ, ਮੀਆ ਲਗੇ ਉੜਾਨੇ
ਬੈਰਾ ਬੋਲਾ ਆਪ ਨਾ ਖਾਤੀ ਕਯਾ ਹੈ ਕੋਈ ਲੜਾਈ
ਸ਼ਬਦ ਸੁਨੇ ਗੁਸਤਾਖੀ ਕੇ ਤੋਂ ਮਹਿਲਾ ਧੂੰ ਝੱਲਾਈ
ਖਾ ਲੂੰਗੀ ਅਰੇ ਜਾ ਕੇ ਬੈਰਾ, ਤੂੰ ਕਿਉਂ ਹੂਆ ਉਦਾਸ
ਦਾਂਤੋਂ ਕਾ ਬਸ ਏਕ ਹੀ ਸੈੱਟ ਹੈ ਹਮ ਦੋਨੋ ਕੇ ਪਾਸ

ਹੋ ਮੁਬਾਰਕ ਸਾਲ ਕਾ ਪਹਿਲਾ ਮਹੀਨਾ ਆਪ ਕੋ
ਔਰ ਮਿਲ ਜਾਏ ਨਈ ਕੋਈ ਹਸੀਨਾ ਆਪ ਕੋ
ਹਮ ਦਸੰਬਰ ਮੇਂ ਮਗਰ ਪੂਛੇਂਗੇ ਹਜ਼ਰਤ ਯੀਹ ਜ਼ਰੂਰ
ਮਿਲ ਗਿਆ ਕਿਆ ਇਸ਼ਕ ਕੀ ਮੰਜ਼ਿਲ ਕਾ ਜ਼ੀਨਾ ਆਪ ਕੋ

ਇਹ ਤਾਂ ਰਾਜ਼ ਵੀ ਜਾਣਦਾ ਸੀ ਕਿ ਮੇਰੇ ਵਾਲੀ ਉਮਰੇ ਨਾ ਹਸੀਨਾ ਦੀ ਚਾਹ ਹੈ ਤੇ ਨਾ ਹੀ ਇਸ਼ਕ ਦੀ ਮੰਜ਼ਿਲ ਦੇ ਜੀਨੇ ਦੀ। ਆਸ ਹੈ ਕਿ ਉਪਰ ਜਾ ਕੇ ਉਹ ਮੇਰੇ ਲਈ ਆਰਾਮ ਗਾਹ ਤਾਂ ਲਭ ਲਏਗਾ! ਵੇਖਦੇ ਹਾਂ ਕਿੰਨਾ ਕੁ ਸਫਲ ਹੁੰਦਾ ਹੈ।

***ਅੰਤਿਕਾ***

ਸਵਰਗੀ ਮੌਜ ਮੇਲੇ॥

ਨਿਕਲਨਾ ਖੁਲਦ ਸੇ ਆਦਮ ਕਾ ਸੁਨਤੇ ਆਏ ਥੇ ਲੇਕਿਨ
ਬਹੁਤ ਬੇਆਬਰੂ ਹੋ ਕੇ ਤੇਰੇ ਕੂਚੇ ਸੇ ਹਮ ਨਿਕਲੇ
—ਮਿਰਜ਼ਾ ਗਾਲਿਬ

ਮੈਂ ਜਿਸ ਕੋ ਲਗਾ ਦੂੰ, ਵਹੀ ਜੰਨਤ ਮੇਂ ਚਲਾ ਜਾਏ
ਲਾਇਆ ਹੂੰ ਨਯਾ ਜੂਤਾ, ਮੈਂ ਮਸਜਿਦ ਸੇ ਚੁਰਾ ਕੇ
—ਬੋਗਮ ਹੈਦਰਾਬਾਦੀ

ਐਸੀ ਜੰਨਤ ਕਾ ਕਯਾ ਕਰੇ ਕੋਈ
ਜਿਸ ਮੇਂ ਲਾਖੋਂ ਬਰਸ ਕੀ ਹੂਰੇਂ ਹੋ
—ਦਾਗ਼ ਦਿਲਵੀ

ਮੈਂ ਨੇ ਜੰਨਤ ਹੀ ਕੋ ਛੋੜਾ, ਜੋ ਮਿਲੀ ਸ਼ੇਖ ਕੋ ਹੂਰ
ਮੁਝ ਸੇ ਦੇਖਾ ਨਾ ਗਿਆ ਹੁਸਮ ਨਾ ਰੁਸਣਾ ਹੋਨਾ
—ਮੌਲਾਨਾ ਅਬਦੁਲ ਸਲਾਮ ਨਕਵੀ

ਜੰਨਤ ਮੇਂ ਨਾ ਮੈਂ ਹੈ, ਨਾ ਮੁਹਬਤ, ਨਾ ਜਵਾਨੀ
ਕਿਸ ਚੀਜ਼ ਪੇ ਇਨਸਾਨ ਬਸਰ ਏ ਔਕਾਤ ਕਰੇਂਗੇ
—ਅਬਦੁਲ ਹਮੀਦ ਅਦਮ

ਘੁਸ ਜਾਊਗਾ ਜੰਨਤ ਮੇਂ, ਖੁਦਾ ਸੇ ਬਸ ਯਹੀ ਕਹਿ ਕਰ
ਯਹੀਂ ਸੇ ਆਏ ਥੇ ਆਦਮ, ਥੇਹ ਮੇਰੇ ਬਾਪ ਕਾ ਘਰ ਹੈ।
—ਸ਼ੌਕ ਬਹਿਰਾਇਚੀ

# ਆਨੰਦ ਤੇਲਤੁੰਬੜੇ ਦੀ ਨਵੀਂ ਕਿਤਾਬ: 'ਦ ਸੈੱਲ ਐਂਡ ਦ ਸੋਲ'

ਆਨੰਦ ਤੇਲਤੁੰਬੜੇ ਦੀ ਨਵੀਂ ਕਿਤਾਬ 'ਜੇਲ੍ਹ ਕੋਠੜੀ ਅਤੇ ਆਤਮਾ' (ਠਹਏ ਛਏਲਲ ਅਨਦ ਟਹਏ੍ਹਲ) ਉਸਦੇ 31 ਮਹੀਨਿਆਂ ਦੀ ਜੇਲ੍ਹ ਜ਼ਿੰਦਗੀ ਦੀਆਂ ਯਾਦਾਂ ਦਾ ਵਰਨਣ ਹੈ— ਉਹ ਸਮਾਂ ਜਦੋਂ ਉਹ 2018 ਦੇ ਭੀਮਾ ਕੋਰੇਗਾਓਂ ਹਿੰਸਾ ਮਾਮਲੇ 'ਚ ਵਿਚਾਰ-ਅਧੀਨ ਕੈਦੀ ਵਜੋਂ ਜੇਲ੍ਹ ਵਿਚ ਬੰਦ ਸਨ। ਪਰ ਇਹ ਮਹਿਜ਼ ਆਤਮਕਥਾ ਨਹੀਂ ਹੈ; ਇਸ ਵਿਚ ਲੇਖਕ— ਜੋ ਨਾਗਰਿਕ ਹੱਕਾਂ ਦੇ ਸਿਰਕੱਢ ਕਾਰਕੁਨ, ਦਲਿਤ ਸਵਾਲ ਅਤੇ ਅੰਬੇਡਕਰੀ ਵਿਚਾਰਧਾਰਾ ਦੇ ਆਲਮੀ ਪੱਧਰ ਦੇ ਖੋਜਕਾਰ ਵਿਦਵਾਨ ਅਤੇ ਆਈ.ਆਈ.ਐੱਮ. ਅਹਿਮਦਾਬਾਦ ਦਾ ਵਿਦਿਆਰਥੀ ਰਹਿ ਚੁੱਕਾ ਹੈ— ਆਪਣੀ ਗ੍ਰਿਫ਼ਤਾਰੀ (ਅਪਰੈਲ

ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ


2020) ਤੱਕ ਦੇ ਹਾਲਾਤ ਤੋਂ ਸ਼ੁਰੂ ਕਰਦਾ ਹੈ ਅਤੇ ਫਿਰ ਜੇਲ੍ਹ ਪ੍ਰਬੰਧ ਵਿਚ ਬੁਨਿਆਦੀ ਸੁਧਾਰਾਂ ਦੀ ਲੋੜ, ਪੀੜਤ ਮਜ਼ਲੂਮਾਂ ਨੂੰ ਨਿਆਂ ਦਿਵਾਉਣ (ਰਏਸਟੋਰਅਟਵਿਏ ਜੁਸਟਚਿਏ) ਦੇ ਸਿਧਾਂਤਾਂ ਨੂੰ ਅਪਣਾਉਣ ਦੀ ਜ਼ਰੂਰਤ, ਅਤੇ ਭਾਰਤੀ ਜੇਲ੍ਹਾਂ ਦੀਆਂ ਕਠੋਰ ਸਚਾਈਆਂ ਉੱਪਰ ਤਿੱਖੀਆਂ ਟਿੱਪਣੀਆਂ ਕਰਦਾ ਹੈ।

ਤੇਲਤੁੰਬੜੇ ਨੂੰ ਆਪਣੀ ਗ੍ਰਿਫ਼ਤਾਰੀ ਦੀ ਉਮੀਦ ਨਹੀਂ ਸੀ। 2018 ਵਿਚ ਪੁਲਿਸ ਨੇ ਕਈ ਕਾਰਕੁਨਾਂ ਅਤੇ ਬੁੱਧੀਜੀਵੀਆਂ ਨੂੰ ਇਹ ਕਹਿ ਕੇ ਗ੍ਰਿਫ਼ਤਾਰ ਕੀਤਾ ਕਿ ਉਨ੍ਹਾਂ ਨੇ ਭੀਮਾ ਕੋਰੇਗਾਓਂ ਦੀ ਲੜਾਈ ਦੀ 200ਵੀਂ ਵਰ੍ਹੇਗੰਢ ਮੌਕੇ ਮਾਓਵਾਦੀਆਂ ਨਾਲ ਮਿਲ ਕੇ ਹਿੰਸਾ ਭੜਕਾਉਣ ਦੀ ਸਾਜ਼ਿਸ਼ ਰਚੀ ਸੀ। 1818 ਵਿਚ ਮਹਾਰ ਫ਼ੌਜੀਆਂ ਨੇ ਅੰਗਰੇਜ਼ ਫ਼ੌਜ ਦੀ ਤਰਫ਼ਦਾਰੀ ਕਰਦਿਆਂ ਮਹਾਰਾਸ਼ਟਰ ਦੇ ਪੇਸ਼ਵਾ ਹਾਕਮਾਂ ਨੂੰ ਹਰਾਇਆ ਸੀ। ਮਹਾਰ ਸਮਾਜ ਇਸ ਯੁੱਧ ਨੂੰ ਜਾਤੀਗਤ ਜ਼ੁਲਮਾਂ ਦੇ ਖ਼ਿਲਾਫ਼ ਲੜਾਈ ਵਜੋਂ ਦੇਖਦਾ ਹੈ। ਜਦੋਂ 1927 ਵਿਚ ਡਾ. ਭੀਮਰਾਓ ਅੰਬੇਡਕਰ ਇਸ ਵਿਜੇ ਸਤੰਭ 'ਤੇ ਗਏ, ਉਸ ਸਮੇਂ ਤੋਂ ਹਰ ਸਾਲ 1 ਜਨਵਰੀ ਨੂੰ ਉਨ੍ਹਾਂ ਦੇ ਹਜ਼ਾਰਾਂ ਪੈਰੋਕਾਰ ਉੱਥੇ ਇਕੱਠੇ ਹੋ ਕੇ ਉਨ੍ਹਾਂ ਫ਼ੌਜੀਆਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਨ। 2018 ਵਿਚ ਇਸੇ ਦਿਨ ਦਲਿਤਾਂ ਅਤੇ ਪੇਸ਼ਵਿਆਂ ਵਿਚਕਾਰ ਝਗੜਾ ਹੋਇਆ, ਜਿਸ ਤੋਂ ਬਾਅਦ ਕਈ ਕਾਰਕੁਨਾਂ ਨੂੰ ਮਾਓਵਾਦੀਆਂ ਨਾਲ ਮਿਲ ਕੇ ਹਿੰਸਾ ਦੀ ਸਾਜ਼ਿਸ਼ ਘੜਨ ਦੇ ਦੋਸ਼ਾਂ 'ਚ ਫਸਾ ਕੇ ਗ੍ਰਿਫ਼ਤਾਰ ਕੀਤਾ ਗਿਆ।

ਉਸ ਵੇਲੇ ਤੇਲਤੁੰਬੜੇ ਗੋਆ ਇੰਸਟੀਚਿਊਟ ਆਫ਼ ਮੈਨੇਜਮੈਂਟ ਵਿਚ ਪ੍ਰੋਫ਼ੈਸਰ ਸਨ। ਉਹ ਲਿਖਦੇ ਹਨ— 'ਮੈਨੂੰ ਇਹ ਭਰਮ ਸੀ ਕਿ ਮੇਰੀ ਯੋਗਤਾਵਾਂ, ਕਾਰਪੋਰੇਟ ਜਗਤ ਵਿਚ ਮੇਰੇ ਉੱਚੇ ਅਹੁਦੇ, ਮੇਰੀ ਬੇਦਾਗ਼ ਈਮਾਨਦਾਰੀ ਅਤੇ ਮੇਰੀ ਜਨਤਕ ਅਕਸ ਦੇ ਕਾਰਨ ਮੈਨੂੰ ਸ਼ਾਇਦ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ।' ਪਰ ਇਹ ਭਰਮ ਸਾਬਤ ਹੋਇਆ, ਪੁਲਿਸ ਨੇ ਉਨ੍ਹਾਂ ਨੂੰ ਅੰਬੇਡਕਰ ਦਿਵਸ 'ਤੇ ਗ੍ਰਿਫ਼ਤਾਰ ਕਰ ਲਿਆ।

ਜਦੋਂ ਅਪ੍ਰੈਲ 2020 ਵਿਚ ਉਹ ਪੁਲਿਸ ਅੱਗੇ ਗ੍ਰਿਫ਼ਤਾਰੀ ਲਈ ਪੇਸ਼ ਹੋਏ, ਓਦੋਂ ਤੱਕ ਰੋਨਾ ਵਿਲਸਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਸੁਧੀਰ ਧਾਵਲੇ, ਪ੍ਰੋਫੈਸਰ ਸ਼ੋਮਾ ਸੇਨ, ਮਹੇਸ਼ ਰਾਵਤ, ਇਨਕਲਾਬੀ ਕਵੀ ਤੇ ਬੁੱਧੀਜੀਵੀ ਵਰਾਵਰਾ ਰਾਓ, ਐਡਵੋਕੇਟ ਤੇ ਕਾਰਟੂਨਿਸਟ ਅਰੁਣ ਫ਼ਰੇਰਾ, ਪ੍ਰੋਫੈਸਰ ਵਰਨੋਨ ਗੋਂਜ਼ਾਲਵੇਸ ਅਤੇ ਐਡਵੋਕੇਟ ਸੁਧਾ ਭਾਰਦਵਾਜ਼ ਵਰਗੇ ਹੋਰ ਕਈ ਉੱਘੇ ਕਾਰਕੁਨ ਇਸੇ ਕੇਸ ਵਿਚ ਪਹਿਲਾਂ ਹੀ ਜੇਲ੍ਹ ਵਿਚ ਸਨ। ਉਸੇ ਦਿਨ ਤੇਲਤੁੰਬੜੇ ਦੇ ਨਾਲ ਮਨੁੱਖੀ ਹੱਕਾਂ ਦੇ ਉੱਘੇ ਕਾਰਕੁਨ ਤੇ ਲੇਖਕ ਗੌਤਮ ਨਵਲਖਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਬਾਅਦ ਵਿਚ ਅਕਤੂਬਰ 2020 ਵਿਚ 83 ਸਾਲਾ ਸਟੈਨ ਸਵਾਮੀ ਨੂੰ ਵੀ ਕੌਮੀ ਜਾਂਚ ਏਜੰਸੀ ਨੇ ਇਸੇ ਕੇਸ ਵਿਚ ਗ੍ਰਿਫ਼ਤਾਰ ਕੀਤਾ।

ਕਿਤਾਬ ਤੇਲਤੁੰਬੜੇ ਦੇ ਜੀਵਨ ਸਫ਼ਰ ਨੂੰ ਵੀ ਦਰਸਾਉਂਦੀ ਹੈ— ਮਹਾਰਾਸ਼ਟਰ ਦੇ ਯਵਤਮਾਲ ਜ਼ਿਲ੍ਹੇ ਦੇ ਰਾਜੂਰ ਪਿੰਡ ਦੇ ਜੰਮਪਲ ਹੁਨਰਮੰਦ ਵਿਦਿਆਰਥੀ ਤੋਂ ਲੈ ਕੇ ਉਸ ਦੀਆਂ ਅਕਾਦਮਿਕ ਪ੍ਰਾਪਤੀਆਂ (ਆਈ.ਆਈ.ਐਮ. ਅਹਿਮਦਾਬਾਦ ਤੋਂ ਇਲਾਵਾ ਉਸ ਨੇ ਵਿਸ਼ਵੇਸ਼ਵਰਾਇਆ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੋਲੋਜੀ ਤੋਂ ਬੀਟੈੱਕ ਤੇ ਮੁੰਬਈ ਯੂਨੀਵਰਸਿਟੀ ਤੋਂ ਸਾਈਬਰਨੈਟਿਕ ਮਾਡਲਿੰਗ ਵਿਚ ਪੀ.ਐੱਚਡੀ ਕੀਤੀ), ਉਸ ਦੀ ਲੇਖਣੀ ਤੇ ਕਾਰਕੁਨ ਵਜੋਂ ਭੂਮਿਕਾ। ਇਸ ਵਿਚ ਜੇਲ੍ਹ ਦੇ ਅਨੁਭਵਾਂ, ਪਰਿਵਾਰ ਦੀ ਪੀੜਾ (ਉਸ ਦੀ ਪਤਨੀ ਰਮਾ ਡਾ. ਅੰਬੇਡਕਰ ਦੀ ਪੋਤੀ ਹੈ) ਅਤੇ 'ਰਾਸ਼ਟਰ-ਵਿਰੋਧੀ' ਕਹੇ ਜਾਣ ਦੇ ਅਪਮਾਨ ਨੂੰ ਵੀ ਦਰਜ ਕੀਤਾ ਗਿਆ ਹੈ।




ਕੋਵਿਡ-19 ਮਹਾਮਾਰੀ ਅਤੇ ਲੌਕਡਾਊਨ ਦੌਰਾਨ ਜੇਲ੍ਹ ਜ਼ਿੰਦਗੀ ਹੋਰ ਵੀ ਮੁਸ਼ਕਲ ਹੋ ਗਈ ਸੀ। ਨਵੀਂ ਮੁੰਬਈ ਦੀ ਤਲੋਜਾ ਜੇਲ੍ਹ ਵਿਚ 'ਸੋਸ਼ਲ ਡਿਸਟੈਂਸਿੰਗ' ਕਹਿਣੀ ਸੌਖੀ ਪਰ ਕਰਨੀ ਅਸੰਭਵ ਸੀ। ਉਹ ਆਪਣੇ ਸਾਥੀ ਕੈਦੀਆਂ, ਗੈਂਗਸਟਰਾਂ, ਕਾਰੋਬਾਰੀ ਅਪਰਾਧੀਆਂ, ਬਲਾਤਕਾਰੀਆਂ, ਛੋਟੇ ਅਪਰਾਧੀਆਂ ਆਦਿ ਨਾਲ ਹੋਈਆਂ ਗੱਲਾਂ ਦਾ ਵੀ ਵਿਸਤਾਰ 'ਚ ਜ਼ਿਕਰ ਕਰਦੇ ਹਨ। ਕਿਤਾਬ ਵਿਚ ਵਰਾਵਰਾ ਰਾਓ ਅਤੇ ਸਟੈਨ ਸਵਾਮੀ ਵਰਗੇ ਸਹਿ-ਮੁਲਜ਼ਮਾਂ ਨਾਲ ਹੋਏ ਸੰਵਾਦਾਂ ਦੀਆਂ ਝਲਕਾਂ ਵੀ ਹਨ।

ਤੇਲਤੁੰਬੜੇ ਨੇ ਇਸ ਕਿਤਾਬ ਵਿਚ ਇਕ ਕਵਿਤਾ ਵੀ ਸ਼ਾਮਲ ਕੀਤੀ ਹੈ ਜੋ ਉਸਨੇ ਸਟੈਨ ਸਵਾਮੀ ਦੀ ਯਾਦ ਵਿਚ ਲਿਖੀ ਸੀ। ਉਹ ਦੱਸਦੇ ਹਨ ਕਿ ਇਕ ਵਾਰ ਸਵਾਮੀ ਨੇ ਮਜ਼ਾਕ ਵਿਚ ਕਿਹਾ ਸੀ ਕਿ ਉਹ 185 ਸਾਲ ਤੱਕ ਜਿਉਣਗੇ— ਹੁਣ ਇਹ ਗੱਲ ਤੇਲਤੁੰਬੜੇ ਨੂੰ ਤਿੱਖੇ ਵਿਅੰਗ ਅਤੇ ਦਰਦ ਨਾਲ ਚੇਤੇ ਆਉਂਦੀ ਹੈ, ਕਿਉਂਕਿ ਉਸਦਾ ਪਰਿਵਾਰ ਅਤੇ ਦੋਸਤ ਮੰਨਦੇ ਹਨ ਕਿ ਸਵਾਮੀ ਦੀ ਮੌਤ ਜੇਲ੍ਹ ਵਿਚ ਇਲਾਜ ਪ੍ਰਤੀ ਲਾਪਰਵਾਹੀ ਕਾਰਨ ਹੋਈ।

ਕਿਤਾਬ ਵਿਚ ਆਨੰਦ ਦੇ ਭਰਾ ਮਿਲਿੰਦ (ਉੱਘਾ ਮਾਓਵਾਦੀ ਆਗੂ ਮਿਲਿੰਦ ਤੇਲਤੁੰਬੜੇ ਜਿਸ ਨੂੰ ਪੁਲਿਸ ਨੇ ਕੁਝ ਸਾਲ ਪਹਿਲਾਂ ਮੁਕਾਬਲੇ ਵਿਚ ਮਾਰ ਦਿੱਤਾ ਸੀ ) ਦੀ ਮੌਤ ਤੇ ਉਸ ਨਾਲ 'ਮਾਓਵਾਦੀ ਸੰਬੰਧ' ਜੋੜਣ ਦੇ ਯਤਨਾਂ 'ਤੇ ਵੀ ਗੱਲ ਕੀਤੀ ਗਈ ਹੈ। ਰਿਪੋਰਟਾਂ ਵਿਚ ਇਹ ਵੀ ਕਿਹਾ ਗਿਆ ਕਿ ਆਨੰਦ ਨੂੰ ਪੈਗਾਸਸ ਸਪਾਈਵੇਅਰ ਨਾਲ ਨਿਸ਼ਾਨਾ ਬਣਾਇਆ ਗਿਆ ਸੀ। ਨਵੰਬਰ 2022 ਵਿਚ ਜ਼ਮਾਨਤ ਮਿਲਣ ਤੋਂ ਬਾਅਦ ਉਸਦਾ ਜੇਲ੍ਹ ਤੋਂ ਬਾਹਰ ਦੀ ਜ਼ਿੰਦਗੀ ਨਾਲ ਅਨੁਕੂਲ ਹੋਣਾ ਅਤੇ ਹਾਲ ਹੀ ਵਿਚ ਅਦਾਲਤ ਵੱਲੋਂ ਉਸਨੂੰ ਅਕਾਦਮਿਕ ਕੰਮਾਂ ਲਈ ਬਰਤਾਨੀਆ ਤੇ ਨੈਦਰਲੈਂਡ ਜਾਣ ਦੀ ਇਜਾਜ਼ਤ ਨਾ ਦੇਣਾ— ਇਹ ਸਾਰੇ ਪ੍ਰਸੰਗ ਕਿਤਾਬ ਦੇ ਪ੍ਰਸੰਗਿਕ ਪਿਛੋਕੜ ਦਾ ਹਿੱਸਾ ਹਨ।

ਕਿਤਾਬ ਦਾ ਸਿਰਲੇਖ ਉਸ ਮੰਤਰ ਵੱਲ ਸੰਕੇਤ ਕਰਦਾ ਹੈ ਜਿਸ 'ਤੇ ਨਿਧੜਕ ਕਾਰਕੁਨ ਵਿਸ਼ਵਾਸ ਰੱਖਦੇ ਹਨ—

'ਆਪਣੀ ਜ਼ਮੀਰ ਕਦੇ ਨਾ ਵੇਚੋ।' ਇਹ ਭਗਵਾ ਹਕੂਮਤ ਹੇਠ ਅਜੋਕੇ ਭਾਰਤ ਦੇ ਹਾਲਾਤ ਅਤੇ ਇਸ ਵਿਚ ਲੋਕ ਹੱਕਾਂ ਨੂੰ ਪ੍ਰਣਾਏ ਕਾਰਕੁਨਾਂ ਅਤੇ ਲੋਕਪੱਖੀ ਬੁੱਧੀਜੀਵੀਆਂ ਦੇ ਖ਼ਤਰਿਆਂ ਭਰੇ ਸੰਘਰਸ਼ ਨੂੰ ਸਮਝਣ ਲਈ ਬਹੁਤ ਹੀ ਮਹੱਤਵਪੂਰਨ ਕਿਤਾਬ ਹੈ।

# ਬਾਬਾ ਬੁੱਲ੍ਹੇ ਸ਼ਾਹ ਦੀ ਰੂਹਾਨੀ ਹਸਤੀ ਨੂੰ ਕੀ ਜਾਨਣ ਮੌਲਵੀ!

ਬਾਬਾ ਬੁੱਲ੍ਹੇ ਸ਼ਾਹ ਦੀ ਰੂਹਾਨੀ ਹਸਤੀ ਨੂੰ ਕੀ ਜਾਨਣ ਮੌਲਵੀ, ਕਹਿੰਦੇ ਇਉਂ ਕਿਉਂ ਲਿਖਿਆ

ਜਦੋਂ ਬਾਬਾ ਬੁੱਲ੍ਹੇ ਸ਼ਾਹ ਜੀ ਦਾ ਇੰਤਕਾਲ ਹੋਇਆ ਤਾਂ ਬਾਬਾ ਬੁੱਲ੍ਹੇ ਸ਼ਾਹ ਜੀ ਦੀ ਮ੍ਰਿਤਕ ਦੇਹ ਨੂੰ ਹਿਜੜਿਆਂ ਤੇ ਭੰਗੀਆਂ ਨੇ ਕਬਰਸਤਾਨ ਦੀ ਬਜਾਏ ਕਸੂਰ ਸ਼ਹਿਰ ਦੇ ਬਾਹਰ ਇਕ ਵੀਰਾਨ ਜਗ੍ਹਾ 'ਤੇ ਕਿਉਂ ਦਫਨਾਇਆ ਸੀ? ਕੋਈ ਵੀ ਮੌਲਵੀ ਉਨ੍ਹਾਂ ਦਾ ਨਮਾਜ਼-ਏ-ਜਨਾਜ਼ਾ ਪੜ੍ਹਨ ਨੂੰ ਕਿਉਂ

**ਅਵਤਾਰ ਸਿੰਘ ਰਾਏਸਰ**
**ਫੋਨ: 98143 21087**

ਤਿਆਰ ਨਹੀਂ ਸੀ? ਉਨ੍ਹਾਂ ਦੀ ਨਮਾਜ਼ੇ ਜਨਾਜ਼ਾ ਖਵਾਜਾ ਸਰਾਂ ਨੇ ਕਿਉਂ ਪੜ੍ਹਾਈ ਸੀ?

ਬੁੱਲ੍ਹੇ ਸ਼ਾਹ ਦੇ ਦੌਰ ਦੇ ਲੋਕ ਉਸ ਨੂੰ ਨਫਰਤ ਕਿਉਂ ਕਰਦੇ ਸਨ, ਬੁੱਲ੍ਹੇ ਸ਼ਾਹ ਨੂੰ ਮੌਲਵੀਆਂ ਨੇ ਕਾਫਿਰ ਕਿਉਂ ਕਰਾਰ ਦਿੱਤਾ? ਉਸ ਉਪਰ ਕੁਫ਼ਰ ਦੇ ਫਤਵੇ ਤੱਕ ਲਗਾ ਦਿੱਤੇ ਸੀ। ਬਾਬਾ ਬੁੱਲ੍ਹੇ ਸ਼ਾਹ ਮਜ਼੍ਹਬੀ ਵਾਦ, ਜਾਤ-ਪਾਤ, ਨਸਲੀ ਵਿਤਕਰੇ, ਦਾ ਖੁੱਲਮ-ਖੁੱਲ੍ਹਾ ਵਿਰੋਧ ਕਰਦਾ ਸੀ। ਓਹ ਕਹਿੰਦਾ ਸੀ ਕਿ ਸਾਰੀ ਕਾਇਨਾਤ ਹੀ ਓਸ ਪਰਮ ਪਿਤਾ ਪਰਮਾਤਮਾ ਦੀ ਬਣਾਈ ਹੋਈ ਹੈ, ਰੱਬ ਦੇ ਭਾਣੇ ਨੂੰ ਮੰਨਣ ਤੇ ਦੁਨੀਆ ਦੇ ਵਿਚ ਅਮਨ ਤੇ ਪਿਆਰ ਰੱਖਣ ਵਾਲੇ ਸੱਚੇ ਸੰਤ ਸਨ। ਓਹ ਸੱਚੇ ਦਿਲੋਂ ਨਾਮ ਸਿਮਰਨ ਕਰਨ 'ਤੇ ਜ਼ੋਰ ਦਿੰਦਾ ਸੀ, ਇਹ ਸਭ ਉਸ ਦੇ ਕਲਾਮ ਤੋਂ ਪ੍ਰਤੀਤ ਹੁੰਦਾ ਹੈ। ਬਾਬਾ ਬੁੱਲ੍ਹੇ ਸ਼ਾਹ ਗੁਰੂ ਅਤੇ ਰੱਬ ਵਿਚ ਕੋਈ ਭੇਦ ਨਹੀਂ ਕਰਦਾ, ਰੱਬ ਨਾਲ ਇਸ਼ਕ ਹਕੀਕੀ ਸੂਫ਼ੀ ਰੱਹਸਵਾਦ ਦਾ ਧੁਰਾ ਹੈ, ਸੂਫ਼ੀਆਂ ਦਾ ਵਿਚਾਰ ਹੈ ਕਿ ਅਸਲੀ ਕਾਬਾ ਮਨੁੱਖ ਦੇ ਹਿਰਦੇ ਵਿਚ ਹੈ। ਜੇ ਕਿਸੇ ਨੇ ਰੱਬ ਨੂੰ ਪਾਉਣਾ ਹੈ ਤਾਂ ਅੰਦਰੋਂ ਹੀ ਪਾਉਣਾ ਹੈ।

ਬਾਬਾ ਬੁੱਲ੍ਹੇ ਸ਼ਾਹ ਨੇ ਫੁਰਮਾਇਆ ਹੈ: 'ਮੱਕੇ ਗਿਆਂ ਗੱਲ ਮੁੱਕਦੀ ਨਾਹੀਂ, ਭਾਵੇਂ ਸੌ-ਸੌ ਜੁੰਮੇ ਪੜ੍ਹ ਆਈਏ'...ਗੰਗਾ ਗਿਆ ਗੱਲ ਮੁੱਕਦੀ ਨਾਹੀਂ, ਭਾਵੇਂ ਸੌ-ਸੌ ਗੋਤੇ ਖਾਈਏ। ਗਯਾ ਗਿਆਂ ਗੱਲ ਮੁੱਕਦੀ ਨਾਹੀਂ, ਭਾਵੇਂ ਸੌ-ਸੌ ਪੰਡ ਪੜ੍ਹਾਈਏ...ਬੁੱਲ੍ਹੇ ਸ਼ਾਹ ਗੱਲ ਤਾਹੀਓਂ ਮੁੱਕਦੀ ਜਦੋਂ 'ਮੈਂ' ਨੂੰ ਦਿਲੋਂ ਗਵਾਈਏ॥'

ਬੁੱਲ੍ਹੇ ਸ਼ਾਹ ਫਕੀਰ ਹੋਣ ਦੇ ਨਾਤੇ ਫਰਖਾਦਿਲੀ ਦਾ ਮਾਲਿਕ ਸੀ। ਸੱਚੇ ਇਸ਼ਕ ਦੀ ਸ਼ਿੱਦਤ ਵਿਚ ਉਹ ਸ਼ਰ੍ਹਾ ਦੀਆਂ ਅਖੌਤੀ ਰਹੁ-ਰੀਤਾਂ ਅਤੇ ਰਿਵਾਇਤਾਂ ਨੂੰ ਵੀ ਉਲੰਘ ਗਿਆ। ਓਹ ਸੱਚੇ ਦਿਲ ਨਾਲ ਪ੍ਰਭੂ-ਭਗਤੀ ਕਰਨ ਵਿਚ ਵਿਸ਼ਵਾਸ ਰੱਖਦਾ ਸੀ। ਉਸ ਦਾ ਕਹਿਣਾ ਸੀ ਕਿ ਜੇ ਤੁਸੀਂ ਸੱਚੇ ਦਿਲ ਨਾਲ ਭਗਤੀ ਨਹੀਂ ਕਰਦੇ ਤਾਂ ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਨਾ ਇਕ ਦਿਖਾਵਾ ਹੈ, ਤੇ ਉਸਦਾ ਕੋਈ ਲਾਭ ਨਹੀਂ ਹੁੰਦਾ। ਇਹ ਗੱਲ ਉਸ ਦੀ ਇਸ ਕਾਫੀ ਤੋਂ ਪਤਾ ਚਲਦੀ ਹੈ: ਉਮਰ ਗਵਾਈ ਵਿਚ ਮਸੀਤਿ, ਅੰਦਰ ਭਰਿਆ ਨਾਲ ਪਲੀਤੀ। ਕਦੇ ਨਮਾਜ਼ ਵਹਦਤ ਨਾ ਕੀਤੀ, ਹੁਣ ਕਿਓਂ ਕਰਨਾ ਏ ਪਾਹੜਾ ਧਾੜੋ-ਧਾੜ। ਇਸ਼ਕ ਦੀ ਨਵੀਓਂ ਨਵੀ ਬਹਾਰ॥

ਫੋਕੇ ਰਸਮੋ ਰਿਵਾਜ ਅਤੇ ਬਾਹਰੀ ਦਿਖਾਵੇ ਦੀ ਰੱਜ ਕੇ ਭੰਡੀ ਅਤੇ ਇਸਲਾਮ ਦੀ ਤਿਖੀ ਟੀਕਾ ਟਿਪਣੀ ਕੀਤੀ, ਇਸ ਨਾਲ ਮੁੱਲਾ ਮੁਲਾਣੇ ਨਰਾਜ਼ ਹੋ ਗਏ। ਬਹੁਤ ਵਿਦਵਾਨਾਂ ਅਤੇ ਲੋਕਾਂ ਨੇ ਬੁੱਲ੍ਹੇ ਨੂੰ ਸਮਝਾਇਆ ਕਿ ਉਹ ਇਸਲਾਮ ਦੀਆਂ ਰਸਮਾਂ-ਰਿਵਾਜਾਂ ਦੇ ਖ਼ਿਲਾਫ ਨਾ ਬੋਲੇ। ਪਰ ਬੁੱਲ੍ਹੇ ਸ਼ਾਹ ਨੂੰ ਕਿਸੇ ਦਾ ਕੋਈ ਧਿਆਨ ਨਹੀਂ ਸੀ, ਓਹ ਰੱਬ ਦੀ ਭਗਤੀ ਵਿਚ ਲੀਨ ਹੋ ਗਿਆ ਸੀ, ਅਤੇ ਇਸ਼ਕ ਹਕੀਕੀ ਨੂੰ ਸਮਝ ਗਿਆ ਸੀ।

ਆਪਣੇ ਕਲਾਮ ਵਿਚ ਇਸਦਾ ਜ਼ਿਕਰ ਕੁੱਝ ਇੰਝ ਕੀਤਾ ਹੈ ਕਿ:

ਬੁੱਲ੍ਹੇ ਨੂੰ ਲੋਕ ਮੱਤੀਂ ਦੇਂਦੇ,
ਬੁੱਲ੍ਹਿਆ ਤੂੰ ਜਾ ਬਹਿ ਵਿਚ ਮਸੀਤਿ...
ਵਿਚ ਮਸੀਤਾਂ ਕੀ ਕੁਝ ਹੁੰਦਾ,
ਜੇ ਦਿਲੋਂ ਨਮਾਜ਼ ਨਾ ਕੀਤੀ...
ਬਾਹਰੋਂ ਪਾਕ ਕੀਤੇ ਕੀ ਹੁੰਦਾ,
ਜੇ ਅੰਦਰਿ ਨਾ ਗਈ ਪਲੀਤੀ...
ਬਿਨ ਮੁਰਸ਼ਦ ਕਾਮਲ ਬੁੱਲ੍ਹਿਆ,
ਤੇਰੀ ਐਵੇਂ ਗਈ ਇਬਾਦਤ ਕੀਤੀ॥

ਇੱਕ ਦਿਨ ਸਾਰੇ ਮੌਲਵੀ ਇੱਕਠੇ ਹੋ ਕੇ ਬਾਬਾ ਬੁੱਲ੍ਹੇ ਸ਼ਾਹ ਨੂੰ ਕਹਿਣ ਲੱਗੇ, ਤੇਰੇ ਨਾਲ ਸ਼ਿਕਵਾ ਹੈ ਸਾਨੂੰ, ਤੂੰ ਸਾਡੇ ਮਜ਼ਹਬ ਦਾ ਹੋ ਕੇ ਸਾਡੇ ਵਿਰੁੱਧ ਕੰਮ ਕਰਦਾ ਹੈਂ।

'ਕੀ ਹੋ ਗਿਆ ਜਨਾਬ? ਕੀ ਕੀਤਾ ਮੈਂ ਇੰਝ ਦਾ? ਮੈਂ ਤਾਂ ਫ਼ਕੀਰ ਆਦਮੀ ਹਾਂ, ਮੇਰੇ ਨਾਲ ਤੁਹਾਨੂੰ ਕੀ ਸ਼ਿਕਵਾ ਹੋ ਸਕਦਾ ਹੈ?'

ਮੌਲਵੀ ਕਹਿਣ ਲੱਗੇ ਕਿ ਤੂੰ ਲਿਖਿਆ ਹੈ:

ਮੰਦਿਰ ਢਾਹ ਦੇ, ਮਸਜਿਦ ਢਾਹ ਦੇ,
ਢਾਹ ਦੇ ਜੋ ਕੁੱਝ ਢਹਿੰਦਾ॥
ਇੱਕ ਬੰਦੇ ਦਾ ਦਿਲ ਨਾ ਢਾਹੀਂ,
ਰੱਬ ਦਿਲਾਂ ਵਿਚ ਰਹਿੰਦਾ॥

ਤਾਂ ਬਾਬਾ ਬੁੱਲ੍ਹੇ ਸ਼ਾਹ ਨੇ ਕਿਹਾ ਹਾਂ, ਪਰ ਇਸ ਵਿਚ ਗਲਤ ਕੀ ਹੈ?

ਮੌਲਵੀਆਂ ਨੇ ਕਿਹਾ ਤੂੰ ਸਾਡੇ ਧਰਮ ਦੀ ਤੌਹੀਨ ਕਰਦਾ ਏਂ ਨਾ ਮਸਜਿਦ ਜਾਂਦਾ ਏਂ, ਨਾ ਨਮਾਜ਼ ਪੜ੍ਹਦਾ ਏਂ। ਮੌਲਵੀਆਂ ਨੇ ਕਿਹਾ ਫੜ ਲਓ ਇਹਨੂੰ, ਅੱਜ ਮਸੀਤ ਲੈਅ ਕੇ ਜਾਣਾ ਏ। ਜਿਹੜੇ **ਨਾਲ** ਆਏ ਸਨ, ਉਨ੍ਹਾਂ ਬਾਬੇ ਬੁੱਲ੍ਹੇ ਨੂੰ ਫੜ ਲਿਆ ਤੇ ਹੱਥ ਪੈਰਾਂ ਨੂੰ ਰੱਸੀਆਂ ਨਾਲ ਬੰਨ੍ਹਣ ਲੱਗ ਪਏ। ਬੁੱਲ੍ਹੇ ਨੇ ਹੱਸ ਕੇ ਕਿਹਾ, ਪਰ ਮੈਂ ਇਕ ਸ਼ਰਤ 'ਤੇ ਚੱਲਣਾ ਹੈ। ਜੇਕਰ ਤੁਸੀਂ ਮੈਨੂੰ ਸ਼ਾਹ ਇਨਾਇਤ ਦੇ ਬੂਹੇ ਅੱਗਿਓਂ ਦੀ ਲੈ ਕੇ ਜਾਉਗੇ।

ਮੌਲਵੀਆਂ ਨੇ ਕਿਹਾ ਤੈਨੂੰ ਬੈਲ ਘੜੀਸ ਕੇ ਲੈਅ ਕੇ ਜਾਣਗੇ ਤੇ ਤੇਰੀ ਖ਼ਿਦਮਤ ਵੀ ਕਰਨਗੇ। ਬਾਬਾ ਬੁੱਲ੍ਹੇ ਸ਼ਾਹ ਦੇ ਪੈਰ ਬੰਨ੍ਹ ਲਏ ਗਏ ਤੇ ਘੜੀਸ ਕੇ ਤੁਰ ਪਏ। ਮੂੰਹ ਲਹੂ-ਲੁਹਾਨ ਹੋ ਗਿਆ, ਬਦਨ ਛਿੱਲਿਆ ਗਿਆ। ਜਦੋਂ ਸ਼ਾਹ ਇਨਾਇਤ ਦੇ ਬੂਹੇ ਅੱਗੇ ਪਹੁੰਚੇ ਤਾਂ ਰੌਲਾ ਪਾ ਦਿੱਤਾ, ਮੌਲਵੀ ਜੀ ਹੁਣ ਤਾਂ ਠਹਿਰ ਜਾਓ ਜ਼ਰਾ, ਮੇਰੇ ਯਾਰ ਦਾ ਘਰ ਆਉਣ ਵਾਲਾ ਏ। ਮੌਲਵੀ ਨੇ ਰੁਕਣ ਦਾ ਹੁਕਮ ਦਿੱਤਾ ਤੇ ਰੌਲਾ ਸੁਣ ਕੇ ਸ਼ਾਹ ਇਨਾਇਤ ਬਾਹਰ ਆਏ ਬੁੱਲ੍ਹੇ ਨੂੰ ਪਛਾਣ ਕੇ ਪੁੱਛਿਆ, ਓ ਬੁੱਲ੍ਹਿਆ ਕਿ ਹੋਇਆ? ਬੁੱਲ੍ਹੇ ਸ਼ਾਹ ਨੇ ਹੱਸ ਕੇ ਕਿਹਾ...ਇੱਕ ਕੰਮ ਜੱਗ ਵਿਚ ਇਹੋ ਕੀਤਾ, ਜਿਹੜਾ ਤੇਰੇ ਨਾਲ ਅੱਖੀਆਂ ਲਾਈਆਂ।

ਲੋਕੀ ਦੁਸ਼ਮਣ ਮੈਨੂੰ ਤਾਹਨੇ ਮਾਰਨ,
ਮੈਨੂੰ ਹੂਰਾਂ ਦੇਣ ਵਧਾਈਆਂ॥
ਦਿਲ ਯਾਰ ਦੇ ਨਜ਼ਾਰੇ ਬਾਜੋਂ ਰੱਜਦਾ ਨਈ,
ਦਿਲ ਯਾਰ ਦੇ ਨਜ਼ਾਰੇ ਬਾਜੋਂ ਰੱਜਦਾ ਨਈ॥

ਮੌਲਵੀਆਂ ਨੇ ਕਿਹਾ ਇਹ ਨਮਾਜ਼ ਨਹੀਂ ਪੜ੍ਹਦਾ ਤੇ ਮਸਜਿਦ ਵੀ ਨਹੀਂ ਜਾਂਦਾ,

ਤਾਂ ਬਾਬਾ ਬੁੱਲ੍ਹੇ ਸ਼ਾਹ ਨੇ ਕਿਹਾ...
ਦੀਦਾਰ ਕਰਾ ਕੇ ਨਮਾਜ਼ ਪੜ੍ਹਾਂ,
ਦੋਨੋ ਫਰਜ਼ ਕਰਾਂ ਅਦਾ,
ਕਿਹੜਾ ਦੀਦਾਰ ਮਾਹੀ ਦਾ ਫਰਜ,
ਅਵੱਲ ਛੱਡ ਨਮਾਜ਼ ਨਿਭਾਵਾਂ ਕਿਸ ਵੇਲੇ
ਜਿਹੜੇ ਯਾਰ ਦਾ ਦਰਸ਼ ਕਰ ਨਾ ਸਕੇ
ਉਹ ਅੱਖ ਬੇ ਹਯਾ ਤੇ ਨਿਗਾਹ ਕਿਹੜੇ ਕੰਮ,
ਜਿਹੜੇ ਲੰਘ ਗਏ ਨੇ ਯਾਰ ਦੀ ਯਾਦ ਬਿਨਾ,
ਓਹ ਜ਼ਿੰਦਗੀ ਹਰਾਮ ਤੇ ਸਾਹ ਕਿਹੜੇ ਕੰਮ॥

ਬਾਬਾ ਬੁੱਲ੍ਹੇ ਸ਼ਾਹ ਦੀ ਮੌਤ ਦੇ ਵਕ਼ਤ ਮੌਲਵੀਆਂ ਨੇ ਉਨ੍ਹਾਂ ਨੂੰ ਕਾਫ਼ਿਰ ਕਰਾਰ ਦਿੱਤਾ, ਤੇ ਜਨਾਜ਼ਾ ਪੜ੍ਹਾਉਣ ਵਾਲਿਆਂ ਉੱਤੇ ਵੀ ਇਹ ਫਤਵਾ ਲਾ ਦਿੱਤਾ ਕਿ ਓਸਦਾ ਨਿਕਾਹ ਮੁਸਲਮਾਨ ਔਰਤ ਨਾਲੋਂ ਖਤਮ ਹੋ ਜਾਵੇਗਾ, ਤੇ ਕੁਆਰੇ ਬੰਦੇ ਦਾ ਵਿਆਹ ਮੁਸਲਮਾਨ ਔਰਤ ਨਾਲ ਨਹੀਂ ਹੋਵੇਗਾ ਤੇ ਨਾ ਹੀ ਕੋਈ ਬਾਪ ਕੁਆਰੇ ਨੂੰ ਆਪਣੀ ਬੇਟੀ ਦੇਵੇਗਾ। ਫਿਰ ਉਥੋਂ ਦੇ ਲੋਕਾਂ ਤੇ ਚੌਧਰੀਆਂ ਨੇ ਫ਼ਤਵਾ ਜਾਰੀ ਹੋਣ ਤੋਂ ਬਾਅਦ ਇਹ ਵੀ ਫੈਸਲਾ ਕੀਤਾ ਕਿ ਬੁੱਲ੍ਹੇ ਸ਼ਾਹ ਦੀ ਲਾਸ਼ ਨੂੰ ਮੁਸਲਮਾਨਾਂ ਦੀਆਂ ਕਬਰਾਂ ਵਿਚ ਨਾ ਦਫਨਾਇਆ ਜਾਵੇ। ਦੋ ਦਿਨ ਬਾਅਦ ਉਨ੍ਹਾਂ ਦੀ ਨਮਾਜ਼ੇ-ਜਨਾਜ਼ਾ ਫਿਰ ਖਵਾਜਾ ਸਰਾਂ ਨੇ ਪੜ੍ਹਾਇਆ ਸੀ। ਹੀਜੜਿਆਂ ਤੇ ਭੰਗੀਆਂ ਨੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਦਾ ਜਨਾਜ਼ਾ ਉਠਾਇਆ ਤੇ ਕਸੂਰ ਸ਼ਹਿਰ ਤੋਂ ਦੂਰ ਜਾ ਕੇ ਕਬਰਸਤਾਨ ਦੀ ਬਜਾਏ ਇੱਕ ਵੀਰਾਨ ਜਗ੍ਹਾ 'ਤੇ ਦਫਨਾ ਦਿੱਤਾ। ਬਾਬਾ ਬੁੱਲ੍ਹੇ ਸ਼ਾਹ ਦੀ ਗੁੰਮਨਾਮ ਕਬਰ ਕੋਲ ਹੌਲੀ-ਹੌਲੀ ਸ਼ਹਿਰ ਵੱਸਦਾ ਗਿਆ। ਅੱਜ ਉਹੀ ਸ਼ਹਿਰ



ਬਾਬਾ ਬੁੱਲ੍ਹੇ ਸ਼ਾਹ ਦਾ ਕਸੂਰ ਸ਼ਹਿਰ ਅਖਵਾਉਂਦਾ ਹੈ। ਓਹ ਮੌਲਵੀ ਕੌਣ ਸੀ, ਜਾਂ ਚੌਧਰੀ ਕੌਣ ਸੀ ਜਿੰਨਾ ਬਾਬਾ ਬੁੱਲ੍ਹੇ ਨੂੰ ਕਾਫਰ ਕਰਾਰ ਦਿੱਤਾ ਤੇ ਉਨ੍ਹਾਂ ਦੀ ਲਾਸ਼ ਨੂੰ ਕਬਰਸਤਾਨ ਵਿਚ ਦਫ਼ਨ ਕਰਨ ਤੋਂ ਮਨ੍ਹਾਂ ਕੀਤਾ ਸੀ। ਓਹ ਸ਼ਹਿਰੀ ਲੋਕ ਕੌਣ ਸਨ ਜਿਨ੍ਹਾਂ ਬਾਬਾ ਬੁੱਲ੍ਹੇ ਸ਼ਾਹ ਦੀ ਲਾਸ਼ ਨੂੰ ਮੋਢਾ ਤਕ ਨਹੀਂ ਸੀ ਦਿੱਤਾ ਤੇ ਓਹ ਸਭ ਤਾਰੀਖ ਦੇ ਸਫਿਆਂ ਵਿਚ ਗੁੰਮ ਹੋ ਗਏ, ਪਰ ਬਾਬਾ ਬੁੱਲ੍ਹੇ ਸ਼ਾਹ ਅੱਜ ਵੀ ਕਰੋੜਾਂ ਅਕੀਦਤਮੰਦ ਲੋਕਾਂ ਦੇ ਦਿਲਾਂ ਵਿਚ ਜ਼ਿੰਦਾ ਹੈ, ਲੋਕ ਉਸ ਦੀ ਮਜ਼ਾਰ 'ਤੇ ਹਾਜ਼ਰੀ ਭਰਦੇ ਨੇ। ਬਾਬਾ ਬੁੱਲ੍ਹੇ ਸ਼ਾਹ ਅੱਜ ਵੀ ਆਪਣੀ ਗੁੰਮਨਾਮ ਕਬਰ ਵਿਚੋਂ ਬੋਲ ਰਿਹੈ ਤੇ ਹਮੇਸ਼ਾਂ ਬੋਲਦਾ ਰਹੇਗਾ:


'ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ,
ਕਬਰ ਪਿਆ ਕੋਈ ਹੋਰ।

ਮਤਲਬ ਲੇਖਕ ਨਹੀਂ ਮਰਦਾ, ਓਹਦੀ ਕਬਰ ਵਿਚ ਕੋਈ ਹੋਰ ਜੰਮ ਪੈਂਦਾ ਹੈ।

ਲੇਖਕ ਅਮਰ ਰਹਿੰਦਾ ਹੈ। ਇਸੇ ਤਰ੍ਹਾਂ ਬਾਬਾ ਬੁੱਲ੍ਹੇ ਸ਼ਾਹ ਆਪਣੇ ਕਲਾਮ, ਕਾਫ਼ੀਆਂ, ਕੀਰਤੀਆਂ ਅਤੇ ਕਰਮਯੋਗਤਾ ਜ਼ਰੀਏ ਰਹਿੰਦੀ ਦੁਨੀਆ ਤੱਕ ਅਮਰ ਰਹੇਗਾ।

# ਆਰਗੈਨਿਕ ਫੂਡ ਦੇ ਨਾਮ 'ਤੇ ਚੱਲ ਰਿਹਾ ਅਰਬਾਂ-ਖਰਬਾਂ ਦਾ ਗੋਰਖ ਧੰਦਾ

ਭਾਰਤ ਵਿਚ ਇਸ ਸਮੇਂ ਆਰਗੈਨਿਕ ਫੂਡ ਦੇ ਨਾਮ 'ਤੇ ਲੋਕਾਂ ਨੂੰ ਰੱਜ ਕੇ ਬੇਵਕੂਫ ਬਣਾਇਆ ਜਾ ਰਿਹਾ ਹੈ। ਕਈ ਚਲਾਕ ਕਿਸਮ ਦੇ ਲੋਕ ਇਸ ਫਰਾਡ ਤੋਂ ਕਰੋੜਾਂ ਰੁਪਏ ਦੀ ਕਮਾਈ ਕਰ ਰਹੇ ਹਨ, ਕਿਉਂਕਿ ਆਰਗੈਨਿਕ ਸ਼ਬਦ ਸੁਣਦੇ ਸਾਰ ਅਮੀਰ ਲੋਕ ਕੋਈ ਵੀ ਕੀਮਤ ਦੇਣ ਨੂੰ ਤਿਆਰ ਹੋ ਜਾਂਦੇ ਹਨ। ਪੇਂਡੂ ਬੰਦਾ ਤਾਂ ਸ਼ਾਇਦ ਇਹ ਪਹਿਚਾਣ ਕਰ ਲਵੇ ਕਿ ਇਹ ਅਨਾਜ (ਕਣਕ, ਚੌਲ, ਮੱਕੀ ਆਦਿ) ਜਾਂ ਸਬਜ਼ੀਆਂ ਆਰਗੈਨਿਕ ਨਹੀਂ



ਹਨ, ਪਰ ਸ਼ਹਿਰੀਏ ਇਹ ਪਹਿਚਾਣ ਕਦੇ ਵੀ ਨਹੀਂ ਕਰ ਸਕਦੇ, ਕਿਉਂਕਿ ਉਨ੍ਹਾਂ ਨੇ ਤਾਂ ਕਦੇ ਖੇਤਾਂ ਵਿਚ ਪੈਰ ਵੀ ਨਹੀਂ ਪਾਇਆ ਹੁੰਦਾ। ਆਰਗੈਨਿਕ ਅਨਾਜ ਤੇ ਸਬਜ਼ੀਆਂ ਪੈਦਾ ਕਰਨਾ ਬਹੁਤ ਹੀ ਮੁਸ਼ਕਿਲ

**ਬਲਰਾਜ ਸਿੰਘ ਸਿੱਧੂ, ਏ.ਆਈ.ਜੀ. (ਰਿਟਾ)**
**ਫੋਨ: 95011-00062**

ਅਤੇ ਘਾਟੇ ਵਾਲਾ ਸੌਦਾ ਹੈ। ਆਪਾਂ ਕਣਕ ਦੀ ਹੀ ਮਿਸਾਲ ਲੈ ਲੈਂਦੇ ਹਾਂ। ਖਾਦਾਂ, ਨਦੀਨ ਨਾਸ਼ਕ ਤੇ ਕੀਟ ਨਾਸ਼ਕਾਂ ਦੀ ਵਰਤੋਂ ਕਰ ਕੇ ਤਿਆਰ ਕੀਤੀ ਗਈ ਕਣਕ ਦਾ ਔਸਤ ਝਾੜ 20 ਕਵਿੰਟਲ (50 ਮਣ, 2000 ਕਿੱਲੋ) ਦੇ ਕਰੀਬ ਨਿਕਲਦਾ ਹੈ। ਪਰ ਜੇ ਕੋਈ ਕਿਸਾਨ ਕਣਕ ਨੂੰ ਰਸਾਇਣਕ ਖਾਦਾਂ ਆਦਿ ਦੀ ਬਜਾਏ ਪਸ਼ੂਆਂ ਦਾ ਗੋਹਾ ਜਾਂ ਮੁਰਗੀਆਂ ਦੀਆਂ ਵਿੱਠਾਂ ਵਰਤਦਾ ਹੈ ਤੇ ਸੋਸ਼ਲ ਮੀਡੀਆ 'ਤੇ ਖੂਬ ਪ੍ਰਚਾਰੇ ਜਾ ਰਹੇ ਗਾਂ ਦੇ ਮੂਤਰ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਕੀਟ ਨਾਸ਼ਕ ਦੀ ਵਰਤੋਂ ਕਰਦਾ ਹੈ ਤਾਂ ਕਿਸੇ ਵੀ ਹਾਲਤ ਵਿਚ ਝਾੜ 5-6 ਕਵਿੰਟਲ ਤੋਂ ਵੱਧ ਨਹੀਂ ਨਿਕਲ ਸਕਦਾ।

ਅਜਿਹੇ ਕਿਸਾਨ ਦਾ ਸਿਰਫ ਗੁਡਾਈ ਉੱਪਰ ਹੀ ਨੌਂ-ਦਸ ਹਜ਼ਾਰ ਪ੍ਰਤੀ ਏਕੜ ਲੱਗ ਜਾਣਾ ਹੈ। ਸ਼ਾਇਦ 5-6 ਕਵਿੰਟਲ ਵੀ ਝਾੜ ਨਾ ਨਿਕਲੇ ਕਿਉਂਕਿ ਕਣਕ ਨੂੰ ਪੈਣ ਵਾਲੇ ਦੁਸ਼ਮਣ ਕੀੜੇ (ਤੇਲਾ ਆਦਿ) ਦਾ ਸਰੀਰਕ ਸਿਸਟਮ ਕੀਟ ਨਾਸ਼ਕਾਂ ਪ੍ਰਤੀ ਐਨਾ ਪ੍ਰਤੀਰੋਧਕ ਹੋ ਚੁੱਕਾ ਹੈ ਕਿ ਬੇਹੱਦ ਜ਼ਹਿਰੀਲੀਆਂ ਦਵਾਈਆਂ ਦੀਆਂ ਚਾਰ-ਚਾਰ ਸਪਰੇਆਂ ਕਰਨ 'ਤੇ ਵੀ ਪੂਰੀ ਤਰ੍ਹਾਂ ਨਹੀਂ ਮਰਦੇ। ਹੁਣ ਤੁਸੀਂ ਸੋਚ ਲਉ ਕਿ ਗਾਂ ਮੂਤਰ, ਨਿੰਮ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਗਏ ਜੈਵਿਕ ਕੀਟ ਨਾਸ਼ਕ ਉਸ 'ਤੇ ਕੀ ਅਸਰ ਕਰਨਗੇ? ਇਸ ਵੇਲੇ ਕਣਕ ਦਾ ਸਰਕਾਰੀ ਰੇਟ ਸਾਲ 2025-2026 ਲਈ 2425 ਰੁਪਏ ਪ੍ਰਤੀ ਕਵਿੰਟਲ ਹੈ। ਇਸ ਦਾ ਮਤਲਬ ਇਹ ਹੈ ਕਿ ਆਰਗੈਨਿਕ ਕਣਕ ਉਗਾਉਣ ਵਾਲੇ ਕਿਸਾਨ ਨੂੰ ਜੇ ਆਮ ਕਣਕ ਨਾਲੋਂ 5 ਗੁਣਾ ਵੱਧ ਰੇਟ ਜੋ ਕਿ 12000 ਦੇ ਕਰੀਬ ਬਣਦਾ ਹੈ, ਮਿਲੇ ਤਾਂ ਕਿਤੇ ਉਸ ਦਾ ਘਾਟਾ ਪੂਰਾ ਹੋ ਸਕਦਾ ਹੈ। ਪਰ ਦੂਸਰੇ ਪਾਸੇ ਰਾਜਸਥਾਨੀ ਦੇਸੀ ਤੇ ਆਰਗੈਨਿਕ ਦੱਸ ਕੇ ਵੇਚੀ ਜਾ ਰਹੀ ਕਣਕ 4-5 ਹਜ਼ਾਰ ਪ੍ਰਤੀ ਕਵਿੰਟਲ ਅਰਾਮ ਨਾਲ ਜਿੰਨੀ ਚਾਹੋ ਮਿਲ ਜਾਂਦੀ ਹੈ। ਐਨੀ ਕਣਕ ਕਿੱਥੋਂ ਆ ਰਹੀ ਹੈ? ਇਹ ਅਸਲ ਵਿਚ ਪੰਜਾਬ ਦੀ ਹੀ ਕਣਕ ਹੈ ਜਿਸ ਨੂੰ ਧੋ-ਸਵਾਰ ਕੇ ਰਾਜਸਥਾਨੀ ਕਣਕ ਦੇ ਨਾਮ 'ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ।



ਕੁੱਝ ਸਾਲ ਪਹਿਲਾਂ ਮੈਂ ਬਤੌਰ ਐਸ.ਪੀ. ਸਬ-ਡਿਵੀਜ਼ਨ ਅਬੋਹਰ ਲੱਗਾ ਹੋਇਆ ਸੀ। ਉਥੇ ਨਜ਼ਦੀਕ ਇਕ ਪਿੰਡ ਵਿਚ ਇੱਕ ਕਿਸਾਨ ਦੀ ਬੜੀ ਚਰਚਾ ਸੀ ਕਿ ਉਹ ਆਰਗੈਨਿਕ ਫਸਲਾਂ ਬੀਜਦਾ ਹੈ। ਜਦੋਂ ਮੈਂ ਉਸ ਦੇ ਫਾਰਮ 'ਤੇ ਗਿਆ, ਉਦੋਂ ਕਣਕ ਨਿੰਸਰੀ ਹੋਈ ਸੀ। ਮੈਂ ਉਸ ਨੂੰ ਪੁੱਛਿਆ ਕਿ ਕਣਕ ਲਈ ਖਾਦ ਜਾਂ ਕੀਟ-ਨਾਸ਼ਕ ਜਾਂ ਨਦੀਨ-ਨਾਸ਼ਕ ਵਰਤਦੇ ਓ? ਉਹ ਤੜਾਕ ਦੇਣੀ ਬੋਲਿਆ ਕਿ ਮਤਲਬ ਈ ਨਹੀਂ, ਸਿਰਫ ਆਰਗੈਨਿਕ ਵਸਤੂਆਂ ਦੀ ਵਰਤੋਂ ਹੀ ਖਾਦ ਅਤੇ ਸਪਰੇਅ ਵਾਸਤੇ ਕੀਤੀ ਜਾਂਦੀ ਹੈ। ਮੇਰੇ ਕੋਲੋਂ ਰਿਹਾ ਨਾ ਗਿਆ, ਮੈਂ ਕਿਹਾ ਕਿ ਭਾਈ ਸਾਹਿਬ ਤੁਸੀਂ ਇਨ੍ਹਾਂ ਗੱਲਾਂ ਨਾਲ ਸ਼ਹਿਰੀਆਂ ਨੂੰ ਬੇਵਕੂਫ ਬਣਾ ਸਕਦੇ ਓ, ਪਰ ਕਿਸੇ ਕਿਸਾਨ ਨੂੰ ਨਹੀਂ। ਤੇਰੀ ਤਕਰੀਬਨ 40-50 ਏਕੜ ਕਣਕ ਕਾਲੀ ਸ਼ਾਹ ਖੜ੍ਹੀ ਆ ਤੇ ਤੂੰ ਲੋਕ ਵਿਖਾਵਾ ਕਰਨ ਲਈ ਇਸ ਚੁਬੱਚੇ ਵਿਚ 8-10 ਲੀਟਰ ਲੱਸੀ ਵਾਲਾ ਕੀਟ ਨਾਸ਼ਕ ਰੱਖਿਆ ਹੋਇਆ ਹੈ। ਤੇਰੇ ਖੇਤਾਂ ਵਿਚ ਜੌਂਧਰ ਵਰਗੇ ਕਰੜੇ ਨਦੀਨ ਸਮੇਤ ਕਿਸੇ ਨਦੀਨ ਦਾ ਨਾਮੋ-ਨਿਸ਼ਾਨ ਨਹੀਂ ਹੈ। ਗਾਵਾਂ ਤੇਰੇ ਕੋਲ ਸਿਰਫ ਚਾਰ ਖੜ੍ਹੀਆਂ ਨੇ, ਇਹ ਤੀਹ-ਚਾਲੀ ਖੇਤਾਂ 'ਤੇ ਸਪਰੇਅ ਕਰਨ ਜੋਗਾ ਮੂਤਰ ਕਿਵੇਂ ਪੈਦਾ ਕਰ ਸਕਦੀਆਂ ਹਨ? ਬਿਨਾਂ ਰਸਾਇਣਕ ਖਾਦ ਜਾਂ ਸਪਰੇਅ ਤੋਂ ਇਸ ਤਰ੍ਹਾਂ ਦੀ ਸ਼ਾਨਦਾਰ ਕਣਕ ਹੋ ਹੀ ਨਹੀਂ ਸਕਦੀ। ਕੁਝ ਦੇਰ ਤਾਂ ਉਹ ਬਹਿਸ ਕਰਦਾ ਰਿਹਾ ਪਰ ਅਖੀਰ ਵਿਚ ਉਸ ਨੂੰ ਮੰਨਣਾ ਪਿਆ ਕਿ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਧੂੰਆਂ-ਧਾਰ ਪ੍ਰਚਾਰ ਕਾਰਨ ਉਸ ਦਾ ਠਕ-ਠਕਾ ਵਧੀਆ ਚੱਲ ਰਿਹਾ ਹੈ। ਖਾਦ, ਨਦੀਨ ਨਾਸ਼ਕ ਅਤੇ ਕੀਟ ਨਾਸ਼ਕ ਤਾਂ ਵਰਤਣੇ ਹੀ ਪੈਂਦੇ ਹਨ, ਉਹ ਗੱਲ ਵੱਖਰੀ ਹੈ ਕਿ ਮੈਂ ਬਾਕੀ ਲੋਕਾਂ ਤੋਂ ਥੋੜ੍ਹੇ ਬਹੁਤੇ ਘੱਟ ਵਰਤਦਾ ਹਾਂ।

ਮੇਰਾ ਇੱਕ ਦੋਸਤ ਮੋਹਾਲੀ ਰਹਿੰਦਾ ਹੈ ਤੇ ਸਰਕਾਰੀ ਨੌਕਰੀ ਕਰਦਾ ਹੈ। ਉਸ ਦੀ ਆਪਣੇ ਮਹਿਕਮੇ ਦੇ ਅਫਸਰਾਂ ਨਾਲ ਬਹੁਤ ਬਣਦੀ ਹੈ, ਜਿਸ ਦੀ ਬਦੌਲਤ ਉਹ ਮਨਮਰਜ਼ੀ ਦੀ ਪੋਸਟਿੰਗ ਕਰਵਾ ਲੈਂਦਾ ਹੈ। ਇੱਕ ਦਿਨ ਮੈਂ ਉਸ ਨੂੰ ਮਿਲਣ ਗਿਆ ਤਾਂ ਅੱਗੇ ਉਹ ਲਾਅਨ ਵਿਚ ਅੱਠ-ਦਸ ਤਰ੍ਹਾਂ ਦੀਆਂ ਸਬਜ਼ੀਆਂ ਦੀਆਂ ਬੋਰੀਆਂ ਖੋਲ੍ਹੀ ਬੈਠਾ ਸੀ, ਜਿਨ੍ਹਾਂ ਨੂੰ ਕੁਝ ਮਜ਼ਦੂਰ ਧੋ-ਸੁਕਾ ਕੇ ਲਿਫਾਫਿਆਂ ਵਿਚ ਪੈਕ ਕਰ ਰਹੇ ਸਨ। ਮੈਂ ਜਦੋਂ ਉਸ ਨੂੰ ਇਸ ਤਮਾਸ਼ੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਅਫਸਰਾਂ ਵਾਸਤੇ ਆਪਣੇ ਫਾਰਮ ਦੀ ਆਰਗੈਨਿਕ ਸਬਜ਼ੀ ਪੈਕ ਕਰਵਾ ਰਿਹਾ ਹੈ। ਮੈਂ ਉਸ ਨੂੰ ਪੁੱਛਿਆ ਕਿ ਕਿੱਥੇ ਆ ਤੇਰਾ ਫਾਰਮ, ਕਦੇ ਵਿਖਾਇਆ ਹੀ ਨਹੀਂ। ਉਹ ਹੱਸ ਕੇ ਬੋਲਿਆ ਕਿ ਕਿਹੜਾ ਫਾਰਮ? ਮੈਂ ਆਪਣੇ ਅਫਸਰਾਂ ਨੂੰ ਦੱਸਿਆ ਹੋਇਆ ਹੈ ਕਿ ਖਰੜ ਵੱਲ ਮੇਰਾ ਇੱਕ ਫਾਰਮ ਹੈ ਜਿੱਥੇ ਮੈਂ ਆਰਗੈਨਿਕ ਸਬਜ਼ੀਆਂ ਦੀ ਖੇਤੀ ਕਰਦਾ ਹਾਂ। ਦਸੀਂ-ਪੰਦਰੀਂ ਦਿਨੀਂ ਚੰਡੀਗੜ੍ਹ ਦੀ ਸਬਜ਼ੀ ਮੰਡੀ ਤੋਂ ਸਬਜ਼ੀਆਂ ਲੈ ਆਉਂਦਾ ਹਾਂ ਤੇ ਧੋ-ਸਵਾਰ ਕੇ ਉਨ੍ਹਾਂ ਦੇ ਘਰੀ ਪਹੁੰਚਾ ਦਿੰਦਾ ਹਾਂ। ਅਫਸਰਾਂ ਦੀਆਂ ਪਤਨੀਆਂ ਮੇਰੇ ਪਿੱਛੇ ਪਈਆਂ ਰਹਿੰਦੀਆਂ ਹਨ ਕਿ ਬਜ਼ਾਰ ਵਿਚੋਂ ਖਰੀਦੀ ਹੋਈ ਸਬਜ਼ੀ ਤੇਰੀ ਆਰਗੈਨਿਕ ਸਬਜ਼ੀ ਵਰਗੀ ਸਵਾਦ ਨਹੀਂ ਬਣਦੀ, ਦੁਬਾਰਾ ਦੇ ਕੇ ਜਾਓ। ਬੱਸ ਇਸੇ ਆਰਗੈਨਿਕ ਸਬਜ਼ੀ ਦੇ ਸਿਰ 'ਤੇ ਮਨਮਰਜ਼ੀ ਦੀ ਪੋਸਟਿੰਗ ਹੋ ਜਾਂਦੀ ਹੈ।

ਆਪਣੀ ਘਰੇਲੂ ਵਰਤੋਂ ਵਾਸਤੇ ਤਾਂ ਕਿਚਨ ਗਾਰਡਨ ਵਿਚ ਆਰਗੈਨਿਕ ਸਬਜ਼ੀ ਆਦਿ ਉਗਾਈ ਜਾ ਸਕਦੀ ਹੈ ਪਰ ਕਮਰਸ਼ੀਅਲ ਤੌਰ 'ਤੇ ਇਸ ਨੂੰ ਉਗਾਉਣਾ ਘਾਟੇਵੰਦਾ ਸੌਦਾ ਹੈ। ਜੇ ਤੁਸੀਂ ਜ਼ਰੂਰ ਹੀ ਆਰਗੈਨਿਕ ਸਬਜ਼ੀਆਂ ਜਾਂ ਆਟਾ, ਚੌਲ ਆਦਿ ਲੈਣੇ ਹਨ ਤਾਂ ਬਹੁਤ ਹੀ ਭਰੋਸੇਯੋਗ ਵਿਅਕਤੀ ਕੋਲੋਂ ਲਉ ਨਹੀਂ ਤਾਂ ਆਪ ਉਗਾ ਲਉ। ਅੱਜ-ਕਲ੍ਹ ਸੈਂਕੜੇ ਮਿਹਨਤੀ ਲੋਕ ਆਪਣੇ ਜੋਗੀ ਸਬਜ਼ੀ ਘਰ ਦੀਆਂ ਛੱਤਾਂ ਉੱਪਰ ਹੀ ਗਮਲਿਆਂ ਵਿਚ ਉਗਾ ਰਹੇ ਹਨ।

# ਅਕਾਲ ਤਖ਼ਤ ਅਤੇ ਐਸ.ਜੀ.ਪੀ.ਸੀ. ਦਾ ਸਿੱਖ ਰਹਿਤ ਮਰਯਾਦਾ ਪ੍ਰਤੀ ਰਵੱਈਆ

ਭਾਰਤ ਦਾ ਸੰਵਿਧਾਨ ਬਣਿਆ ਸੰਨ 1950 ਨੂੰ, ਜਿਸ ਵਿਚ 130 ਦੇ ਕਰੀਬ ਸੋਧਾਂ (ਤਰਮੀਮਾਂ) ਹੋ ਚੁੱਕੀਆਂ ਹਨ। ਫੌਜ ਵਿਚ ਟੈਂਕ ਵਿਜੰਤਾ ਸ਼ਾਮਲ ਹੋਇਆ ਸੰਨ 1963 ਵਿਚ, ਜਿਸ 'ਚ ਵੀ ਸੌ ਦੇ ਕਰੀਬ ਨਵੀਨੀਕਰਨ (Modification) ਹੋ ਚੁੱਕੇ ਹਨ। ਦੁਨੀਆ ਹਰ ਖੇਤਰ ਵਿਚ ਕਿੱਥੋਂ ਕਿੱਥੇ ਪਹੁੰਚ ਗਈ ਹੈ। ਸਿੱਖ ਰਹਿਤ ਮਰਯਾਦਾ ਪੰਜ ਸਾਲ ਦੀ ਸਖ਼ਤ ਮੇਹਨਤ ਨਾਲ ਸੰਨ 1936 ਨੂੰ ਬਣੀ ਅਤੇ 1945 ਵਿਚ ਲਾਗੂ ਕੀਤੀ ਗਈ। ਸਿੱਖ ਪਾਰਲੀਮੈਂਟ ਸੰਨ 1920 ਤੋਂ ਕਾਰਜਸ਼ੀਲ ਹੋਣ 'ਤੇ ਵੀ ਇਕ ਵੀ ਸੋਧ ਨਹੀਂ ਕੀਤੀ ਗਈ। ਸੰਨ 1947 ਦੀ ਦੇਸ਼ ਵੰਡ ਨੇ ਸਿੱਖਾਂ ਦੇ ਧਾਰਮਿਕ ਅਸਥਾਨਾਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਸਿੱਖਾਂ ਦਾ ਸਭ ਤੋਂ ਵੱਧ ਨੁਕਸਾਨ ਕੀਤਾ। ਮੇਰੀ ਉਮਰ ਉਸ ਵੇਲੇ ਦੋ ਸਾਲ ਸੀ ਜਦੋਂ ਉਜਾੜੇ ਦਾ ਦੁੱਖ ਸਹਿਣਾ ਪਿਆ।



**ਤਿੰਨ ਗੱਲਾਂ:**

(ੳ) ਰਾਸ਼ਟਰੀਆ ਸਵੈਮ ਸੇਵਕ ਸੰਘ (RSS) ਦੀ ਸਥਾਪਨਾ ਕੀਤੀ ਗਈ ਸੰਨ 1925 ਨੂੰ ਨਾਗਪੁਰ ਮਹਾਰਾਸ਼ਟਰ ਵਿਚ। ਦੋ

**ਭਜਨ ਸਿੰਘ ਪ੍ਰਦੇਸੀ, ਸਿਨਸਿਨੈਟੀ**
**ਫੋਨ: 513-290-9812**

ਵਾਰ ਬੈਨ ਲੱਗਣ ਦੇ ਬਾਵਜੂਦ ਇਤਨੇ ਸੰਘ ਸੇਵਕ ਭਰਤੀ ਕੀਤੇ ਕਿ ਅੱਜ ਪੂਰੇ ਦੇਸ਼ 'ਤੇ ਭਾਜਪਾ ਸਰਕਾਰ ਦਾ ਕਬਜ਼ਾ ਹੈ। ਪੂਰਾ ਕੰਟਰੋਲ ਹੈਡਕੁਆਰਟਰ ਨਾਗਪੁਰ ਦੇ ਅਧੀਨ ਹੋਣ ਕਰਕੇ ਕਿਸੇ ਦੀ ਹਿੰਮਤ ਨਹੀਂ ਕਿ ਮੂੰਹ ਵੀ ਖੋਲ੍ਹ ਸਕੇ। ਪੰਜਾਬ ਦੇ ਮਾੜੇ ਹਾਲਾਤ ਦੌਰਾਨ 1986 ਵੇਲੇ ਸੰਘ ਨੇ ਰਾਸ਼ਟਰੀ ਸਿੱਖ ਸੰਗਤ (RSS) ਬਣਾ ਕੇ ਸਿੱਖਾਂ ਵਿਚ ਘੁਸਪੈਠ ਕਰ ਲਈ ਸੀ।

(ਅ) ਕਮਿਊਨਿਸਟ ਪਾਰਟੀ ਦੀ ਸਥਾਪਨਾ ਹੋਈ 1925 ਵਿਚ, ਇਹ ਵਿਚਾਰਧਾਰਾ ਰਸ਼ੀਆ ਤੋਂ ਆਈ ਅਤੇ ਸਾਡੇ ਪੜ੍ਹੇ-ਲਿਖੇ ਲੋਕਾਂ ਨੇ ਐਸਾ ਪ੍ਰਚਾਰ ਕੀਤਾ ਕਿ ਪੂਰੇ ਦੇਸ਼ ਵਿਚ ਫੈਲੀ, ਕਈ ਸੂਬਿਆਂ ਵਿਚ ਰਾਜ ਕੀਤਾ ਤੇ ਅੱਜ ਵੀ ਕਰ ਰਹੀ ਹੈ। ਨੱਬੇ-ਪਚਾਨਵੇਂ ਪਰਸੈਂਟ ਸਿੱਖਾਂ ਨੂੰ ਕੌਣ ਦੱਸੇ ਕਿ ਬਾਬੇ ਨਾਨਕ ਦੀ ਵਿਚਾਰਧਾਰਾ ਸਦੀਆਂ ਤੋਂ ਇਨਸਾਨ ਨੂੰ ਕਿਰਤੀ ਹੋਣਾ ਅਤੇ ਇੱਕ ਕੁਦਰਤ ਦੇ ਪਸਾਰੇ ਨੂੰ ਬਿਆਨ ਕਰਦੀ ਹੈ।

(ੲ) ਸੰਨ 1609 ਨੂੰ ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹੋਈ ਅਤੇ 1920 ਨੂੰ ਸਿੱਖ ਪਾਰਲੀਮੈਂਟ ਦੀ ਸਥਾਪਨਾ ਕੀਤੀ ਗਈ ਸੀ। ਅੰਗਰੇਜ਼ਾਂ ਵੇਲੇ ਦੀਆਂ ਤਿੰਨ ਵੱਡੀਆਂ ਪ੍ਰਾਪਤੀਆਂ, ਅਨੰਦ ਕਾਰਜ ਐਕਟ 1909, ਸਿੱਖ ਪਾਰਲੀਮੈਂਟ (ਐਸ.ਜੀ.ਪੀ.ਸੀ) ਦਾ ਗਠਨ ਅਤੇ ਸਿੱਖ ਰਹਿਤ ਮਰਯਾਦਾ ਦਾ ਬਣਾਉਣਾ ਹੈ। ਆਜ਼ਾਦੀ ਤੋਂ ਬਾਅਦ ਸਿੱਖ ਧਰਮ ਦੀਆਂ ਕੀਤੀਆਂ ਪ੍ਰਾਪਤੀਆਂ ਵਿਚ ਜੋ ਗਿਰਾਵਟ ਆਈ ਹੈ ਆਪ ਸਭਨਾਂ ਦੇ ਸਾਹਮਣੇ ਹੈ। ਜੇਕਰ ਸਾਡੇ ਉੱਪਰ ਧਰਮ ਦਾ ਕੁੰਡਾ ਹੁੰਦਾ, ਅਕਾਲ ਤਖ਼ਤ ਸਾਹਿਬ ਦਾ ਭੈਅ ਹੁੰਦਾ, ਸਿੱਖ ਰਹਿਤ ਮਰਯਾਦਾ ਦਾ ਪ੍ਰਚਾਰ ਹੁੰਦਾ, ਗੁਰਬਾਣੀ ਦਾ ਗਿਆਨ ਹੁੰਦਾ ਅਤੇ ਬਾਬੇ ਨਾਨਕ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਹੁੰਦਾ ਤਾਂ ਅਸੀਂ ਨਾਗਪੁਰ ਕੀ ਰੂਸੀ ਵਿਚਾਰਧਾਰਾ ਤੋਂ ਵੀ ਅੱਗੇ ਨਿਕਲ ਸਕਦੇ ਸੀ।

ਮੇਰੇ ਵਰਗਾ ਜੇਕਰ ਕੋਈ ਇਹ ਕਹਿ ਦੇਵੇ ਕਿ ਧਰਮ ਤੇ ਸਿਆਸਤ ਵੱਖੋ-ਵੱਖ ਚਾਹੀਦੇ ਹਨ ਤਾਂ ਹੰਗਾਮਾ ਖੜ੍ਹਾ ਹੋ ਜਾਂਦਾ ਹੈ। ਸੰਨ 1986-87 ਵਿਚ ਪਹਿਲੀ ਵਾਰ ਇਹ ਪਤਾ ਲੱਗਾ ਕਿ ਸਿੱਖਾਂ ਦੀ ਸਿੱਖ ਰਹਿਤ ਮਰਯਾਦਾ ਵੀ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਪੰਜ-ਛੇ ਸਾਲ ਤੱਕ ਅਕਾਲੀ ਤੇ ਕਾਂਗਰਸੀ ਮਿਲ ਕੇ ਚੱਲ ਰਹੇ ਸਨ, ਪੰਜਾਬ ਨਾਲ ਵਿਤਕਰਾ ਕਰਨ 'ਤੇ ਝਗੜਾ ਸ਼ੁਰੂ ਹੋਇਆ। ਸਿਆਸੀ ਬਾਦਲ ਸਾਹਿਬ ਕਾਂਗਰਸ ਤੋਂ ਅਕਾਲੀ ਪਾਰਟੀ ਵਿਚ ਅਤੇ ਪੜ੍ਹੇ-ਲਿਖੇ ਕੈਰੋਂ ਸਾਹਿਬ ਅਕਾਲੀ ਤੋਂ ਕਾਂਗਰਸ ਪਾਰਟੀ ਵਿਚ ਆ ਗਏ, ਇਹ ਪਾਰਟੀਆਂ ਬਦਲਣਾ ਅਜੇ ਵੀ ਜਾਰੀ ਹੈ। ਦੂਸਰਾ ਕਈ ਕਮੇਟੀ ਮੈਂਬਰ MLA ਜਾਂ MP ਵੀ ਹਨ। ਸਿੱਖ ਪਾਰਲੀਮੈਂਟ ਦਾ ਸਿਆਸੀਕਰਣ ਹੋਣ ਕਰਕੇ ਡੇਰੇ ਬਹੁਤ ਵਧੇ ਫੁੱਲੇ। ਵੋਟਾਂ ਦਾ ਗੜ੍ਹ ਬਣਨਾ ਹੀ ਸਿੱਖ ਰਹਿਤ ਮਰਯਾਦਾ ਤੋਂ ਦੂਰ ਜਾਣਾ ਹੈ। ਹੁਣ ਮੁਫ਼ਤ ਵਿਚ ਵੰਡੀ ਮਰਯਾਦਾ ਦਾ ਕੀ ਫ਼ਾਇਦਾ?

ਆਓ ਸਿੱਖ ਰਹਿਤ ਮਰਯਾਦਾ ਦੀਆਂ ਕੁਝ ਰਹੁ-ਰੀਤਾਂ ਉੱਪਰ ਵਿਚਾਰ ਕਰੀਏ।

(1) ਨਿਤਨੇਮ ਦੀਆਂ ਬਾਣੀਆਂ ਸਫ਼ਾ ਨੌਂ:— ਤਿੰਨ ਬਾਣੀਆਂ ਸਵੇਰੇ ਚੌਥੀ ਸ਼ਾਮ ਨੂੰ ਰਹਿਰਾਸ ਪੰਜਵੀਂ ਰਾਤ ਨੂੰ ਸੌਣ ਵੇਲੇ ਕੀਰਤਨ ਸੋਹਿਲਾ ਦੀਆਂ ਇਹ ਪੰਜ ਬਾਣੀਆਂ ਸਿੱਖਾਂ ਵਾਸਤੇ ਪੜ੍ਹਨੀਆਂ ਜ਼ਰੂਰੀ ਹਨ। ਸਫ਼ਾ ਨੌਂ ਅਤੇ ਦਸ 'ਤੇ ਹੁਕਮ ਹੋਣ ਦੇ ਬਾਵਜੂਦ ਕਿਉਂ ਸੱਤ ਜਾਂ ਅੱਠ ਬਾਣੀਆਂ ਪੜ੍ਹਨਾ ਪ੍ਰਚਾਰਿਆ ਜਾ ਰਿਹਾ ਹੈ?

(2). ਕਈ ਸੰਸਥਾਵਾਂ ਨੇ ਸੋ ਦਰੁ ਰਹਿਰਾਸ ਦੇ ਪਾਠ ਵਿਚ ਕਈ ਸ਼ਬਦਾਂ ਦਾ ਵਾਧਾ ਕਿਸ ਮਰਯਾਦਾ ਦੇ ਅਨੁਸਾਰ ਕੀਤਾ ਹੈ?

(3). ਅਰਦਾਸ ਸਫ਼ਾ 10.11.12

ਜਿਥੇ ਸਾਡੀਆਂ ਨਿਤਨੇਮ ਦੀਆਂ ਬਾਣੀਆਂ ਇਕ ਸਾਰ ਨਹੀਂ ਹਨ ਉਥੇ ਹੀ ਸਾਡੀ ਅਰਦਾਸ ਤਾਂ ਘੱਟੋ-ਘੱਟ ਇਕ ਹੀ ਹੋਣੀ ਚਾਹੀਦੀ ਹੈ। ਨਾਨਕਸਰੀਆਂ ਦੀ ਅਤੇ ਨਾਮਧਾਰੀ ਆਦਿ ਸੰਸਥਾਵਾਂ ਦੀ ਅਰਦਾਸ ਸਿੱਖ ਰਹਿਤ ਮਰਯਾਦਾ ਅਨੁਸਾਰ ਕਿਉਂ ਨਹੀਂ ਹੈ?

ਡੇਰਾ ਸੰਸਥਾਵਾਂ ਨੂੰ ਨਿਤਨੇਮ ਦੀਆਂ ਬਾਣੀਆਂ, ਅਰਦਾਸ ਆਦਿ ਗੁਟਕੇ ਛਾਪਣ ਤੋਂ ਕਿਉਂ ਨਹੀਂ ਰੋਕਿਆ ਗਿਆ? ਕਿਸ ਦਾ ਫਰਜ਼ ਸੀ ਰੋਕਣਾ?

(4) ਸਫ਼ਾ 13 (ਸ) ਅੱਜ ਵੀ ਕੁਝ ਗੁਰਦੁਆਰਿਆਂ ਵਿਚ ਦੀਵਿਆਂ ਨਾਲ ਆਰਤੀ ਕਿਉਂ ਹੋ ਰਹੀ ਹੈ? ਜੋ ਮਨਮਤ ਹੈ।

(5) ਸਫ਼ਾ 13 (ਹ) ਕਈ ਥਾਈਂ ਗੁਰੂ ਗ੍ਰੰਥ ਸਾਹਿਬ ਦੇ ਨਾਲ ਦਸਮ ਗ੍ਰੰਥ ਕਿਉਂ ਪ੍ਰਕਾਸ਼ ਕੀਤਾ ਜਾਂਦਾ ਹੈ?

(6) ਸਫ਼ਾ 15 (ਢ) ਸੰਨ 1950-60 ਦੇ ਦਰਮਿਆਨ ਪਿੰਡਾਂ ਦੇ ਸਭਨਾਂ ਗੁਰਦੁਆਰਿਆਂ ਵਿਚ ਨਿਤਨੇਮ ਵੇਲੇ ਸੰਖ ਵਜਾਇਆ ਜਾਂਦਾ ਸੀ, ਘਰਾਂ ਵਿਚ ਬੀਬੀਆਂ ਬੱਚੇ ਅਤੇ ਰਸਤਿਆਂ ਉੱਪਰ ਚੱਲਦਾ ਹਰ ਇਨਸਾਨ ਰੁਕ ਜਾਂਦਾ ਤੇ ਬੋਲਦਾ, 'ਸਤਨਾਮ ਵਾਹਿਗੁਰੂ'। ਕਮਾਲ ਦਾ ਨਜ਼ਾਰਾ ਸੀ। ਹੁਣ ਪਿਛਲੇ ਅੱਠਾਂ-ਦਸਾਂ ਸਾਲਾਂ ਤੋਂ ਹੀ ਗੁਰਦੁਆਰਿਆਂ ਵਿਚ ਨਗਾਰੇ ਰੱਖਣ ਤੇ ਵਜਾਉਣ ਦਾ ਚੇਤਾ ਹੀ ਕਿਉਂ ਆਇਆ?

(7) ਸਫ਼ਾ 15 ਹੁਕਮ ਲੈਣਾ (ਅ) ਖ਼ਾਸ ਕਰ ਪੰਜਾਬ ਵਿਚ ਕਈ ਗੁਰਦੁਆਰਿਆਂ ਵਿਚ ਚੱਲ ਰਹੇ ਅਖੰਡ ਪਾਠ ਸਾਹਿਬ ਵੇਲੇ ਕੀਰਤਨ ਵੀ ਹੁੰਦਾ ਹੈ, ਕਈ ਨਿਤਨੇਮ ਕਰਦੇ ਅਤੇ ਸੁਖਮਨੀ ਸਾਹਿਬ ਆਦਿ ਦਾ ਪਾਠ ਕਰਦੇ ਹਨ। ਕਦੋਂ ਅਤੇ ਕੌਣ ਇਸ ਦਾ ਸੁਧਾਰ ਕਰੇਗਾ? ਪੰਜਾਬੋਂ ਬਾਹਰ ਕਈ ਦੇਸ਼ਾਂ ਦੇ ਗੁਰਦੁਆਰਿਆਂ ਵਿਚ ਸਿੱਖ ਰਹਿਤ ਮਰਯਾਦਾ ਦਾ ਤਕਰੀਬਨ ਖ਼ਿਆਲ ਰੱਖਿਆ ਜਾਂਦਾ ਹੈ।

(8) ਸਫ਼ਾ 16 ਸਾਧਾਰਨ ਪਾਠ:— ਸਾਧਾਰਨ ਪਾਠ ਦੀ ਥਾਂ ਸਹਿਜ ਪਾਠ ਦਾ ਸ਼ਬਦ ਲਿਖਣਾ ਠੀਕ ਰਹੇਗਾ ਜੀ। ਵੈਸੇ ਅੱਜ-ਕੱਲ੍ਹ ਸਪਤਾਹਿਕ ਪਾਠ ਅਤੇ ਖੁੱਲ੍ਹਾ ਪਾਠ (ਸਮਾਂ ਸੀਮਾ ਨਹੀਂ) ਵੀ ਚੱਲ ਰਹੇ ਹਨ।

(9) ਸਫ਼ਾ 17 ਅਖੰਡ ਪਾਠ:—ਮਰਯਾਦਾ ਦਾ ਹਰ ਇੱਕ ਸ਼ਬਦ ਪੜ੍ਹਨ 'ਤੇ ਸਿਰ ਝੁਕਦਾ ਹੈ। ਅਸੀਂ ਆਜ਼ਾਦ ਭਾਰਤ ਵਿਚ ਕਿਉਂ ਸੌਂ ਗਏ। ਅਕਾਲ ਤਖ਼ਤ ਸਾਹਿਬ, ਦਰਬਾਰ ਸਾਹਿਬ, ਹੋਰ ਤਖ਼ਤ ਸਾਹਿਬਾਨ, ਵੱਡੇ ਧਾਰਮਿਕ ਅਸਥਾਨਾਂ ਉੱਪਰ ਅਖੰਡ ਪਾਠਾਂ ਦੀ ਅਗਾਊਂ ਸਾਲਾਂਬੱਧੀ ਬੁਕਿੰਗ ਹੋ ਰਹੀ ਹੈ, ਕੌਣ ਪਾਠ ਸੁਣਦਾ ਹੈ? ਪਾਠ ਦੇ ਭੋਗ ਵਕਤ ਹਾਜ਼ਰੀ ਲਗਦੀ ਹੈ, ਕਈ ਤਾਂ ਅਰਦਾਸ ਵੇਲੇ ਵੀ ਗ਼ੈਰ-ਹਾਜ਼ਰ ਹੁੰਦੇ ਹਨ। ਇਕ ਕਮਰੇ ਜਾਂ ਹਾਲ ਜਾਂ ਦਰਬਾਰ ਹਾਲ ਵਿਚ ਕੇਵਲ ਇਕ ਹੀ ਅਖੰਡ ਪਾਠ ਹੋਵੇਗਾ, ਬਹੁਤ ਹੀ ਵਧੀਆ ਮਰਯਾਦਾ ਹੈ। ਪੈਹਿਰਾ (ੲ) ਵਿਚ ਲਿਖਿਆ ਤਾਂ ਹੈ, "ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮਤ ਹੈ,"। ਫਿਰ ਵੀ ਬਹੁਤ ਸਾਰੀਆਂ ਸੰਸਥਾਵਾਂ ਅਤੇ ਮਨਮਤੀਏ ਜਿਵੇਂ ਗੁਰਦੁਆਰਾ ਤੱਲ੍ਹਣ ਸਾਹਿਬ ਨਜ਼ਦੀਕ ਜਲੰਧਰ ਸ਼ਹਿਰ ਵਿਚ 45 ਤੋਂ 47-48 ਤੱਕ ਅਖੰਡ ਪਾਠ ਸਾਹਿਬ ਇਕ ਹੀ ਹਾਲ ਵਿਚ ਕਰਵਾਏ ਜਾਂਦੇ ਹਨ, ਇਸੇ ਤਰ੍ਹਾਂ ਨਾਨਕਸਰ ਗੁਰਦੁਆਰੇ ਜਗਰਾਵਾਂ ਇਕੋਤਰੀ (101) ਅਖੰਡ ਪਾਠਾਂ ਦੀ ਲੜੀ ਇੱਕ ਕਮਰੇ ਵਿਚ ਚੱਲ ਰਹੀ ਸੀ ਵੇਖ ਕੇ ਹੈਰਾਨ ਸਾਂ। ਕਿਸ ਤਰ੍ਹਾਂ ਪਾਠੀ ਸਿੰਘ ਪਿੱਠਾਂ ਜੋੜ ਕੇ ਕਤਾਰਾਂ ਵਿਚ ਬੈਠੇ ਪਾਠ ਕਰ ਰਹੇ ਸਨ।

ਜੋ ਇਸ ਵਕਤ ਚੱਲ ਰਿਹਾ ਹੈ, ਕੇਵਲ ਕਮੇਟੀਆਂ ਵਾਸਤੇ ਮਾਇਆ ਕਮਾਉਣ ਦਾ ਸਾਧਨ ਹੈ, ਪਾਠੀਆਂ ਵਾਸਤੇ ਰੁਜ਼ਗਾਰ ਦਾ ਸਾਧਨ ਬਣ ਗਿਆ ਹੈ ਅਤੇ ਸਿੱਖਾਂ ਵਾਸਤੇ ਪੂਜਾ ਕਰਨ ਦਾ ਸਾਧਨ ਬਣ ਰਿਹਾ ਹੈ। ਮੁਆਫ਼ ਕਰਨਾ, ਪਾਠ ਦੀ ਭੇਟਾ ਦੀ ਪਰਚੀ ਕਟਵਾ ਕੇ ਘਰਾਂ/ਵਤਨਾਂ ਨੂੰ ਚਲੇ ਗਏ, ਗੁਰਬਾਣੀ ਸੁਣੀ ਨਹੀਂ, ਗੁਰਬਾਣੀ ਪੜ੍ਹੀ ਨਹੀਂ, ਗੁਰਬਾਣੀ ਕੀ ਕਹਿੰਦੀ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ, ਇਹ ਪੂਜਾ ਨਹੀਂ ਤਾਂ ਹੋਰ ਕੀ ਹੈ? ਰਹਿਤ ਮਰਯਾਦਾ ਵਿਚ ਦੱਸੀਆਂ ਗੱਲਾਂ ਵਿਚੋਂ ਕਿਸ ਗੱਲ ਉੱਪਰ ਅਸੀਂ ਪੂਰੇ ਉੱਤਰੇ ਹਾਂ ਵਿਚਾਰਨ ਦਾ ਮੁੱਦਾ ਹੈ?

ਕੁਝ ਕੁ ਸੰਸਥਾਵਾਂ ਸੰਪਟ ਅਖੰਡ ਪਾਠ ਕਰਦੀਆਂ ਹਨ ਜਿਸਦਾ ਭੋਗ ਛੇ ਤੋਂ ਸੱਤ ਦਿਨਾਂ ਵਿਚ ਪੈਂਦਾ ਹੈ। ਕਈ ਅਖੰਡ ਪਾਠ ਦੇ ਨਾਲ ਹੀ ਜਪੁ ਜੀ ਸਾਹਿਬ ਦਾ ਅਖੰਡ ਪਾਠ ਵੀ ਕਰਦੇ ਹਨ। ਕਈ ਭੋਗ ਤੋਂ ਬਾਅਦ ਜਪੁ ਜੀ ਸਾਹਿਬ ਦਾ ਪਾਠ ਵੀ ਕਰਦੇ ਹਨ। ਇਨ੍ਹਾਂ ਸੰਸਥਾਵਾਂ ਨੂੰ ਰਹਿਤ ਮਰਯਾਦਾ ਦੇ ਅਧੀਨ ਕੌਣ ਲਿਆਵੇਗਾ?

(10) ਸਫ਼ਾ 18 ਭੋਗ (ੳ):—ਪਾਠ ਦੇ ਭੋਗ ਸਮੇਂ ਰਾਗਮਾਲਾ ਦੀ ਬਾਣੀ ਪੜ੍ਹਨੀ ਹੈ ਜਾਂ ਨਹੀਂ ਪੜ੍ਹਨੀ ਸੰਨ 1942 ਤੋਂ ਹੀ ਮਾਮਲਾ ਵਿਚਾਰਾਂ ਅਧੀਨ ਹੈ। ਕੌਣ ਤੇ ਕਦੋਂ ਫ਼ੈਸਲਾ ਕਰੇਗਾ?

(11) ਸਫ਼ਾ 18 (ਅ) ਪਾਠਾਂ ਦੇ ਭੋਗ ਸਮੇਂ ਅਤੇ ਵੈਸੇ ਵੀ ਅਣਗਿਣਤ ਰੁਮਾਲਾ ਸਾਹਿਬ ਗੁਰਦੁਆਰਿਆਂ ਵਿਚ ਚੜ੍ਹਦੇ ਹਨ। ਵਰਤੋਂ ਵਿਚ ਨਾ ਆਉਣ 'ਤੇ ਬੇਕਾਰ ਹੋਣ 'ਤੇ ਬੇਅਦਬੀ ਹੁੰਦੀ ਹੈ। ਸੰਨ 2002 ਦੀ ਵਾਰਤਾ, ਜਲੰਧਰ ਕੈਂਟ ਦੀਪਨਗਰ ਵਿਚ ਇੱਕ ਦਿਨ ਦਾਸ ਗੁਰਦੁਆਰੇ ਖੜ੍ਹਾ ਸੀ ਕਿ ਇੱਕ ਲਾਲਾ ਆਇਆ, ਵੈਨ ਖੜ੍ਹੀ ਕੀਤੀ, ਕਹਿੰਦਾ ਸਰਦਾਰ ਸਾਹਿਬ ਰੁਮਾਲੇ ਵੇਚਣੇ ਜੇ? ਪਹਿਲੀ ਵਾਰ ਵੇਚਣੇ ਸ਼ਬਦ ਸੁਣ ਕੇ ਮੈਂ ਹੈਰਾਨ ਪਰੇਸ਼ਾਨ ਸਾਂ, ਲਾਲਾ ਕਹਿੰਦਾ ਸਰਦਾਰ ਜੀ ਕੀ ਸੋਚਾਂ ਵਿਚ ਪੈ ਗਏ ਹੋ, ਮੈਂ ਮੋਗੇ ਤੋਂ ਆਉਂਦਾ ਹਾਂ ਸ਼ਹਿਰ ਦੇ ਕਈ ਗੁਰਦੁਆਰਿਆਂ ਦੇ ਨਾਮ ਦੱਸੇ ਕਿ ਸਭਨਾਂ ਦੇ ਰੁਮਾਲਾ ਸਾਹਿਬ ਮੈਂ ਹੀ ਖ਼ਰੀਦ ਕੇ ਲੈ ਜਾਂਦਾ ਹਾਂ। ਜਵਾਬ ਦਿੱਤਾ ਵਿਚਾਰ ਕਰਕੇ ਦੱਸਾਂਗੇ।

ਅਗਲੇ ਸਾਲ 2003 ਵਿਚ ਫਿਰ ਲਾਲਾ ਜੀ ਆਏ। ਦੋ ਬੀਬੀਆਂ ਅਤੇ ਤਿੰਨ ਕਮੇਟੀ ਮੈਂਬਰਾਂ ਨੂੰ ਲਿਖਤੀ ਹੁਕਮ ਕਿ ਦਸ ਤੋਂ ਪੰਦਰਾਂ ਵਧੀਆ ਰੁਮਾਲਾ ਸਾਹਿਬ ਰੱਖਣੇ ਤੇ ਬਾਕੀ ਸਾਰੇ ਵੇਚ ਕੇ ਪ੍ਰਾਪਤ ਕੀਤੇ ਪੈਸਿਆਂ ਦੀ ਰਸੀਦ ਕੱਟਣੀ। ਤਿੰਨ ਹਜ਼ਾਰ ਰੁਪਈਏ ਗੁਰਦੁਆਰੇ ਦੇ ਖਾਤੇ ਵਿਚ ਆਏ ਸਨ। ਉਸ ਤੋਂ ਬਾਅਦ ਇਹੀ ਕੋਸ਼ਿਸ਼ ਕਿ ਭੋਗ ਮੌਕੇ ਜ਼ਰੂਰੀ ਵਸਤੂ ਜਾਂ ਮਾਇਆ ਦਿੱਤੀ ਜਾਵੇ। ਸੰਨ 2023 ਵਿਚ ਦਸਮੇਸ਼ ਗੁਰੂ ਦੇ ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ ਵੇਲੇ ਗ੍ਰੰਥੀ ਸਿੰਘ ਅਤੇ ਕਮੇਟੀ ਵਲੋਂ ਸੰਗਤਾਂ ਨੂੰ ਦੱਸਣਾ ਕਿ ਰੁਮਾਲਾ ਸਾਹਿਬ ਦੀ ਜ਼ਰੂਰਤ ਨਹੀਂ ਹੈ। ਸੱਚ ਜਾਣੋਂ 80% ਸੰਗਤਾਂ ਨੇ ਮਾਇਆ ਅਰਦਾਸ ਕਰਵਾਈ।

8 ਅਕਤੂਬਰ 2024 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਰੁਮਾਲਿਆਂ ਬਾਰੇ ਸੰਦੇਸ਼ ਜਾਰੀ ਕੀਤਾ ਹੈ। ਵੈਸੇ ਮਰਯਾਦਾ ਵਿਚ ਲਿਖਿਆ ਤਾਂ ਹੈ, ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਭੇਟਾ ਅਤੇ ਵਿੱਤ ਮੁਤਾਬਕ ਮਾਇਆ।



ਅਰਦਾਸ ਬਾਰੇ ਸਾਡੇ ਬਜ਼ੁਰਗਾਂ ਨੇ ਸੰਨ 1936 ਵਿਚ ਸਾਨੂੰ ਸਮਝਾਇਆ ਪਰ ਅਸੀਂ ਨਹੀਂ ਸਮਝੇ। ਇਸ ਤਰ੍ਹਾਂ ਲੱਗਦਾ ਜਿਵੇਂ ਬਾਬਿਆਂ ਨੇ ਗੁਰਬਾਣੀ ਦੀ ਤੁਕ, ਪ੍ਰੇਮ ਪਟੋਲਾ ਤੈ ਸਹਿ ਦਿੱਤਾ ਢਕਣ ਕੂ ਪਤਿ ਮੇਰੀ॥ ਦਾ ਗਲਤ ਪ੍ਰਚਾਰ ਕਰਨ ਤੇ ਰੁਮਾਲੇ ਭੇਟ ਕਰਨ ਦਾ ਅੰਧਵਿਸ਼ਵਾਸ ਫੈਲਾਇਆ।


(12) ਸਫ਼ਾ 19 ਗੁਰਦੁਆਰੇ ਦਾ ਪ੍ਰੋਗਰਾਮ:— ਇਸ ਵਿਚ ਜਾਂ ਸਿੱਖ ਰਹਿਤ ਮਰਯਾਦਾ ਵਿਚ ਕਿਤੇ ਵੀ ਢਾਡੀ ਜਥੇ ਅਤੇ ਕਵੀਸ਼ਰੀ ਜਥੇ ਬਾਰੇ ਜ਼ਿਕਰ ਨਹੀਂ ਹੈ ।

(13) ਸਫ਼ਾ 19,20,21 ਗੁਰਮਤਿ ਦੀ ਰਹਿਣੀ:— 95% ਸਿੱਖ ਇਸ ਵਿਚ ਸੋਧੇ ਹੋਏ ਅਸੂਲਾਂ ਨੂੰ ਨਹੀਂ ਮੰਨਦੇ, ਜੇਕਰ ਮੰਨ ਲੈਣ ਤਾਂ ਪੂਰਨ ਗੁਰਸਿੱਖ ਬਣ ਜਾਣਗੇ।

ਸਫ਼ਾ 20 (ਖ) ਗੁਰਮੁਖੀ ਵਿਦਿਆ ਪੜ੍ਹਨੀ:— ਅੰਗਰੇਜ਼ਾਂ ਵੇਲੇ ਸਰਕਾਰੀ ਸਕੂਲਾਂ ਕਾਲਜਾਂ ਵਿਚ ਉਰਦੂ ਅਤੇ ਅੰਗਰੇਜ਼ੀ ਭਾਸ਼ਾ ਸੀ। ਗੁਰਮੁਖੀ ਗੁਰਦੁਆਰਿਆਂ, ਖ਼ਾਲਸਾ ਸਕੂਲਾਂ ਅਤੇ ਕਾਲਜ ਵਿਚ ਪੜ੍ਹਦੇ ਸਨ, ਸਨਾਤਨ ਮੱਤ ਦੇ ਸਕੂਲ ਤੇ ਕਾਲਜਾਂ ਵਿਚ ਹਿੰਦੀ ਅਤੇ ਸੰਸਕ੍ਰਿਤ ਪੜ੍ਹਾਈ ਜਾਂਦੀ ਸੀ। ਕੋਈ ਵੀ ਸਿੱਖ 1947 ਵੇਲੇ ਪੰਜਾਬ ਦੀ ਵੰਡ ਨਹੀਂ ਸੀ ਚਾਹੁੰਦਾ ਜੋ ਵੰਡ ਹੋਈ ਇਸ ਪਿੱਛੇ ਕੱਟੜ ਆਰੀਆ ਸਮਾਜ ਅਤੇ ਰਾਸ਼ਟਰੀਆ ਸਵੈਮਸੇਵਕ ਸੰਘ (RSS) ਸੀ। ਆਜ਼ਾਦੀ ਤੋਂ ਬਾਅਦ ਦੇਸ਼ ਵਾਸਤੇ ਯੁੱਧ ਲੜੇ (1962 ਦੀ ਜੰਗ ਵੇਲੇ ਪੰਜਾਬ ਨੇ ਸੋਨੇ, ਪੈਸੇ-ਧੇਲੇ ਨਾਲ ਦੇਸ਼ ਦਾ ਭੰਡਾਰ ਭਰਿਆ ਜੋ ਦੇਸ਼ ਦੇ ਸਾਰੇ ਸੂਬਿਆਂ ਦੇ ਜੋੜ ਦੇ ਕਰੀਬ ਸੀ), ਹਰੀ ਕ੍ਰਾਂਤੀ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ, ਅਨਾਜ ਦੇ ਭੰਡਾਰ ਭਰੇ ਅਤੇ ਖੇਡਾਂ ਵਿਚ ਵੀ ਮੋਹਰੀ ਰਹੇ। ਆਰੀਆ ਸਮਾਜੀ ਬੋਲਦੇ ਪੰਜਾਬੀ ਹਨ ਅਤੇ ਜਨਗਣਨਾ ਵੇਲੇ ਮਾਤ ਭਾਸ਼ਾ ਲਿਖਾਉਂਦੇ ਹਿੰਦੀ ਹਨ, ਸਕੂਲਾਂ ਵਿਚ ਵੀ ਹਿੰਦੀ ਅਤੇ ਸੰਸਕ੍ਰਿਤ ਨੂੰ ਪਹਿਲ ਦਿੰਦੇ। ਮਾਤ ਭਾਸ਼ਾ ਦੇ ਝਗੜੇ ਨੇ ਪੰਜਾਬ ਨੂੰ 1966 ਵਿਚ ਫਿਰ ਚਾਰ ਹਿੱਸਿਆਂ ਵਿਚ ਵੰਡ ਦਿੱਤਾ। ਸਿੱਖ ਕਈ ਸਿਆਸੀ ਪਾਰਟੀਆਂ, ਧੜਿਆਂ ਅਤੇ ਡੇਰਾਵਾਦ ਆਦਿ ਵਿਚ ਵੰਡੇ ਹੋਏ ਹਨ। ਸੰਨ 2004 ਵਿਚ ਅਜੀਤ ਅਖ਼ਬਾਰ ਵਿਚ ਇੱਕ ਬੁੱਧੀਜੀਵੀ ਦਾ ਲੇਖ ਪੜ੍ਹਿਆ ਸੀ ਕਿ ਆਂਧਰਾ ਜਾਂ ਕਰਨਾਟਕਾ ਸੂਬੇ ਦੇ ਸਾਰੇ ਸਕੂਲਾਂ ਵਿਚ ਚਾਹੇ ਕੇਂਦਰੀ ਵਿਦਿਆਲੇ ਜਾਂ ਆਰਮੀ ਸਕੂਲ ਹੋਣ ਨੂੰ ਸੂਬੇ ਦੀ ਮੁੱਖ ਭਾਸ਼ਾ ਲਾਜ਼ਮੀ ਪੜ੍ਹਾਉਣੀ ਪਵੇਗੀ। ਪੰਜਾਬ ਨੂੰ ਹੋਸ਼ ਆਈ ਸੰਨ 2008 ਵਿਚ। ਪੰਜਾਬ ਨੇ ਵੀ ਕਾਨੂੰਨ ਬਣਾਇਆ, ਪੰਜਾਬੀ ਲਾਗੂ ਤਾਂ ਹੈ ਪਰ ਅੰਸ਼ਕ ਰੂਪ ਵਿਚ। ਪਹਿਲਾਂ ਸਾਡੇ ਪੰਜਾਬ ਦੇ ਫ਼ੌਜੀਆਂ ਦੇ ਬੱਚੇ ਵੀ ਪੰਜਾਬ ਵਿਚ ਹਿੰਦੀ ਤੇ ਸੰਸਕ੍ਰਿਤ ਪੜ੍ਹਦੇ ਰਹੇ ਸਨ।

(14) ਸਫ਼ਾ 21 ਜਨਮ ਤੇ ਨਾਮ ਸੰਸਕਾਰ:—ਜਨਮ ਤੇ ਸੂਤਕ-ਪਾਤਕ 'ਚੋਂ ਕੱਢਣ ਲਈ ਹੋਰ ਪ੍ਰਚਾਰ ਕਰਨ ਦੀ ਜ਼ਰੂਰਤ ਹੈ। ਸਫ਼ਾ 22,23,24 ਅਨੰਦ ਸੰਸਕਾਰ 70-80% ਠੀਕ ਹੈ। ਸੰਨ 1936 ਤੋਂ ਹੁਣ ਤਕ ਬਹੁਤ ਕੁੱਝ ਬਦਲ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਹੋਟਲਾਂ, ਮੈਰਿਜ ਪੈਲਸਾਂ ਵਿਚ ਨਹੀਂ ਜਾਵੇਗਾ ਦਾ ਹੁਕਮ ਦਰਜ ਕਰਨ ਦੀ ਲੋੜ ਹੈ।

(15) ਸਫ਼ਾ 26 ਮ੍ਰਿਤਕ ਸੰਸਕਾਰ (ਖ):—ਪਹਿਰਾ (ਕ) ਤੱਕ ਤਕਰੀਬਨ ਠੀਕ ਹੈ ਮਾਮੂਲੀ ਸੋਧ ਦੀ ਜ਼ਰੂਰਤ ਹੈ। ਪਹਿਰਾ (ਖ) ਜਿਥੇ 5 ਤੋਂ 10% ਸੁਧਾਰ ਹੋਇਆ ਓਥੇ 90 ਤੋਂ 95% ਸੁਧਾਰ ਤਾਂ ਕੀ ਹੋਣਾ ਸੀ ਉਲਟਾ ਵਾਧਾ ਹੋਇਆ ਹੈ? ਬਿਲਕੁਲ ਸਾਫ਼ ਲਿਖਿਆ ਹੈ ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਾਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਂਵਾਂ ਵਿਚ ਜਾ ਕੇ ਪਾਉਣੇ ਮਨਮਤ ਹੈ॥ ਇਹ ਮਰਯਾਦਾ ਬਣੀ ਹੈ ਸੰਨ 1936 ਦੀ, ਗੰਗਾ ਤੋਂ ਮਤਲਬ ਗੰਗਾ ਨਦੀ ਹਰਿਦੁਆਰ ਆਦਿ, ਪਾਤਾਲਪੁਰੀ ਦਾ ਮਤਲਬ ਹੈ ਕੀਰਤਪੁਰ ਸਾਹਿਬ ਸਤਲੁਜ ਨਦੀ ਅਤੇ ਕਰਤਾਰਪੁਰ ਸਾਹਿਬ ਦਾ ਮਤਲਬ ਹੈ ਦਰਿਆ ਰਾਵੀ ਦੇ ਕੰਢੇ ਪਾਕਿਸਤਾਨ ਬਾਬੇ ਨਾਨਕ ਦਾ ਕਰਤਾਰਪੁਰ ਸਾਹਿਬ। ਅੰਗਰੇਜ਼ਾਂ ਨੇ ਦਸ ਲਾਹੌਰ ਸ਼ਹਿਰ ਤੋਂ ਹਰਿਦੁਆਰ ਪੈਸੰਜਰ ਗੱਡੀ ਦੇਹਰਾਦੂਨ ਤਕ ਚਲਾਈ ਸੀ। ਜਿਸ ਨੂੰ ਕਹਿੰਦੇ ਸਨ ਫੁੱਲਾਂ ਵਾਲੀ ਗੱਡੀ, ਜੋ ਅੱਜ ਵੀ ਅੰਮ੍ਰਿਤਸਰ ਤੋਂ ਚੱਲਦੀ ਹੈ। ਹਰਿ ਕੀ ਪਉੜੀ ਦੇ ਪਾਂਡਿਆਂ ਨੇ ਸਿੱਖਾਂ ਦੇ ਵੀ ਗੋਤਾਂ ਮੁਤਾਬਕ ਵਹੀ-ਖਾਤਾ ਸਾਂਭਿਆ ਹੈ। ਦਸ-ਪੰਦਰਾਂ ਸਾਲ ਦੀ ਉਮਰ ਤੱਕ ਪਿੰਡਾਂ ਵਿਚੋਂ ਬਜ਼ੁਰਗਾਂ ਦੇ ਫੁੱਲ ਹਰਿਦੁਆਰ ਜਾ ਕੇ ਪਾਉਣ ਦਾ ਗਵਾਹ ਹਾਂ। ਅਸਾਂ ਨੇ ਗੰਗਾ, ਰਾਵੀ, ਸਤਿਲੁਜ ਦਰਿਆਵਾਂ ਆਦਿ ਵਿਚ ਫੁੱਲ ਪਾਉਣ ਤੋਂ ਰੋਕਣ ਦੀ ਬਜਾਏ ਬਿਆਸ




ਦਰਿਆ, ਗੋਇੰਦਵਾਲ ਸਾਹਿਬ ਇੱਕ ਹੋਰ ਫੁੱਲ ਪਾਉਣ ਦਾ ਤੀਰਥ ਬਣਾ ਲਿਆ ਹੈ। ਸਵਾਲ ਪੈਦਾ ਹੁੰਦਾ, ਕੌਣ ਜ਼ਿੰਮੇਵਾਰ ਹੈ? ਧਰਮ ਪ੍ਰਚਾਰ ਕਮੇਟੀਆਂ, ਪ੍ਰਬੰਧਕ ਕਮੇਟੀਆਂ, ਸਿੱਖ ਜਥੇਬੰਦੀਆਂ, ਡੇਰਾਵਾਦ ਜਾਂ ਅਕਾਲ ਤਖਤ ਸਾਹਿਬ ਉੱਪਰ ਬੈਠੇ ਅਹੁਦੇਦਾਰ?

(16) ਸਫ਼ਾ 29 ਮੂਲ ਮੰਤ੍ਰ:— ਬਿਲਕੁਲ ਸਹੀ ਮੂਲ ਮੰਤਰ ਲਿਖਿਆ ਹੈ, ਮਹਾਨ ਸਿੱਖ ਵਿਦਵਾਨ ਗਿਆਨੀ ਸੰਤ ਸਿੰਘ ਜੀ ਮਸਕੀਨ ਵੀ ਇਸੇ ਮੂਲ ਮੰਤਰ ਦੀ ਵਿਆਖਿਆ ਕਰਦੇ ਸਨ। ਫਿਰ ਕਿਉਂ ਕੁੱਝ ਸੰਸਥਾਵਾਂ ਵੱਲੋਂ ਨਾਨਕ ਹੋਸੀ ਭੀ ਸਚੁ॥ ਤੱਕ ਦੇ ਮੂਲ ਮੰਤਰ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ? ਕੌਣ ਰੋਕੇਗਾ?

(17) ਸਫ਼ਾ 9 ਸਿੱਖ ਦੀ ਤਾਰੀਫ ਅਤੇ ਸਫ਼ਾ 30 ਦੀ ਅੱਠਵੀਂ ਸਤਰ ਸ਼ਬਦ ਹੈ, ਦਸ ਗੁਰੂ ਸਾਹਿਬਾਨ ਦੀ ਬਾਣੀ। ਜਦ ਕਿ ਛੇ ਗੁਰੂਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਸਮ ਗ੍ਰੰਥ ਵਿਚ ਦਰਜ ਹੈ। ਤਿੰਨ ਗੁਰੂ ਸਾਹਿਬਾਨਾਂ ਦੀ ਬਾਣੀ ਕਿਥੇ ਹੈ, ਇਸ ਸਵਾਲ ਤੋਂ ਬਚਣ ਲਈ ਸੋਧ ਕੀਤੀ ਜਾਵੇ ਜੀ।

(18) ਸਫ਼ਾ 31 ਤਨਖ਼ਾਹ ਲਾਉਣ ਦੀ ਵਿਧੀ:— ਪੈਹਰਾ (ੳ) ਵਿਚ ਸੋਧ ਕਰਨ ਦੀ ਜ਼ਰੂਰਤ ਹੈ। ਕਾਫ਼ੀ ਸਮੇਂ ਤੋਂ ਗੁਰ ਸੰਗਤਾਂ ਪ੍ਰਬੰਧਕ ਕਮੇਟੀਆਂ ਚੁਣਦੀਆਂ ਹਨ, ਸ਼ਿਕਾਇਤ ਮਿਲਦੇ ਹੀ ਕਮੇਟੀ ਪੰਜ ਪਿਆਰਿਆਂ ਨੂੰ ਨਿਯੁਕਤ ਕਰਦੀ ਹੈ ਅਤੇ ਲਾਈ ਤਨਖਾਹ ਦਾ ਵੇਰਵਾ ਗੁਰ ਸੰਗਤ ਨੂੰ ਦਸਿਆ ਜਾਂਦਾ ਹੈ।

**ਕੁਝ ਵਿਚਾਰ:**

(1) ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਜੁਗਿੰਦਰ ਸਿੰਘ ਵੇਦਾਂਤੀ ਜੀ ਨੇ ਸਿੱਖ ਕੌਮ ਨੂੰ ਕਈ ਸੰਦੇਸ਼ ਦਿੱਤੇ ਜਿਵੇਂ ਜਿਨ੍ਹਾਂ ਵਿਚ ਆਰ.ਐਸ.ਐਸ., ਜਥੇਦਾਰ ਦੀ ਨਿਯੁਕਤੀ ਅਤੇ ਨਾਨਕ ਸ਼ਾਹੀ ਕੈਲੰਡਰ ਬਾਰੇ ਸੰਦੇਸ਼ ਸ਼ਾਮਲ ਹਨ। ਸੰਨ 2003 ਵਿਚ ਸੰਦੇਸ਼ ਦਿੱਤਾ ਕਿ ਅਕਾਲ ਤਖ਼ਤ ਸਾਹਿਬ ਕੇਵਲ ਸਿੱਖਾਂ ਦੇ ਕੌਮੀ ਮਸਲਿਆਂ ਬਾਰੇ ਵਿਚਾਰ ਕਰਨ। ਕੌਣ ਗ਼ੌਰ ਕਰੇਗਾ?

(2) ਪਹਿਲਾਂ ਸਾਡੇ ਚਾਰ ਤਖ਼ਤ ਸਨ, ਕਿਸੇ ਬੁੱਧੀਮਾਨ ਸਿੱਖ ਨੇ ਪੰਜ ਤਖ਼ਤ ਸਾਹਿਬ ਦਾ ਨਾਮਕਰਣ ਕਰਵਾ ਦਿੱਤਾ ਤਾਂ ਕਿ ਸਿੱਖ ਬਹੁ-ਸੰਮਤੀ ਨਾਲ ਆਪਣੀ ਕੌਮ ਦੇ ਇਤਿਹਾਸਕ ਫ਼ੈਸਲੇ ਲੈ ਸਕਣ। ਸਿਆਸੀ ਆਗੂਆਂ ਨੇ ਸਾਡੇ ਜਥੇਦਾਰ ਸਾਹਿਬਾਨ ਨੂੰ ਇੱਕਸੁਰ ਨਹੀਂ ਹੋਣ ਦਿੱਤਾ।

(3) ਅਕਾਲ ਤਖ਼ਤ ਸਾਹਿਬ ਉੱਪਰ ਬੈਠੇ ਸਾਹਿਬਾਨ ਦਾ ਫਰਜ਼ ਹੈ ਸਿੱਖ ਰਹਿਤ ਮਰਯਾਦਾ ਨੂੰ ਮੰਨਣਾ ਅਤੇ ਕੌਮ ਨੂੰ ਮਨਵਾਉਣਾ। ਰਹਿਤ ਮੁਤਾਬਕ ਦਾਹੜਾ ਰੰਗਣ ਵਾਲਾ ਤਨਖ਼ਾਹੀਆ ਹੈ। ਪਿਛਲੇ ਡੇਢ ਸਾਲ ਤੋਂ ਦਾਸ ਵੀ ਕਈ ਵਾਰ ਅਕਾਲ ਤਖ਼ਤ ਦੇ ਅਹੁਦੇਦਾਰਾਂ ਨੂੰ ਮਿਲ ਚੁੱਕਾ ਹੈ ਸਭ ਠੀਕ ਨਹੀਂ ਹੈ।

ਗੁਰਬਾਣੀ ਕਹਿੰਦੀ ਹੈ।

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠੱਗ ॥੧॥ ਅੰਗ 476

ਕਿਤੇ ਸਿੱਖਾਂ 'ਤੇ ਵੀ ਲਾਗੂ ਨਾ ਹੋ ਜਾਵੇ?

ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਬੇਨਤੀ ਹੈ ਕਿ ਪੰਜਾਬ ਵਾਲੀਆਂ ਧੜੇਬੰਦੀਆਂ ਵਿਚੋਂ ਬਾਹਰ ਨਿਕਲ ਕੇ ਗੁਰੂ ਘਰਾਂ ਦੀਆਂ ਨਾਂਹ ਪੱਖੀ ਗੱਲਾਂ ਦਾ ਕਿਸੇ ਤਰ੍ਹਾਂ ਦਾ ਵੀ ਪ੍ਰਚਾਰ ਨਾ ਕਰਨ। ਬੇਲੋੜੀਆਂ ਰਹਿਤ ਮਰਯਾਦਾ ਦੇ ਉਲਟ ਅਕਾਲ ਤਖ਼ਤ ਸਾਹਿਬ ਨੂੰ ਅਪੀਲਾਂ ਕਰੋਗੇ ਤਾਂ ਸਮਝੋ ਆਪ ਪੈਸੇ ਅਤੇ ਵਕਤ ਦੀ ਬਰਬਾਦੀ ਕਰ ਰਹੇ ਹੋ ਜੀ।

# ਨਾਮ ਜਪਣਾ ਜਾਂ ਬਾਣੀ ਪੜ੍ਹਨੀ: ਗੁਰੂ ਗ੍ਰੰਥ ਸਾਹਿਬ ਅਨੁਸਾਰ ਕੀ ਹੈ ਵੱਧ ਜ਼ਰੂਰੀ?

'ਨਾਮ' ਅਤੇ 'ਬਾਣੀ' ਦੋਵੇਂ ਵੱਖੋ-ਵੱਖ ਹਨ। 'ਬਾਣੀ' ਅਸਾਨੂੰ 'ਨਾਮ' ਜਪਣ ਦੀ ਪ੍ਰੇਰਨਾ ਦਿੰਦੀ ਹੈ ਅਤੇ ਅਸਾਡੇ ਸਾਹਮਣੇ ਇਹ ਤੱਥ ਰੱਖਦੀ ਹੈ ਕਿ ਜੇ 'ਨਾਮ' ਨਾ ਜਪੀਏ; ਤਾਂ ਜੀਵਨ ਕਿਵੇਂ ਵਿਅਰਥ ਬਣ ਕੇ, ਦੁੱਖਾਂ ਨਾਲ ਭਰ ਜਾਂਦਾ ਹੈ। ਵਿਸ਼ੇਸ਼ ਧਿਆਨਯੋਗ: ਨਾਮ ਰਸਨਾ ਨਾਲ ਜਪਿਆ ਜਾਂਦਾ ਹੈ "ਰਸਨਾ ਜਪੀਐ ਏਕੁ ਨਾਮ" (ਮ. ੫)।

ਬਾਣੀ: 'ਨਾਮ' ਜਪਣ ਲਈ ਪ੍ਰੇਰਿਤ ਕਰਨ ਵਾਲਾ ਐਸਾ ਦੀਪਕ ਹੈ, ਜੋ ਅਸਾਨੂੰ ਰਾਹ ਦਿਖਾਉਂਦਾ ਹੈ ਕਿ ਮਨੁੱਖੀ ਜੀਵਨ ਦਾ ਅਸਲੀ ਲਕਸ਼ 'ਮੁਕਤੀ'; ਨਾਮ ਜਪ ਕੇ ਹੀ ਪੂਰਾ ਹੁੰਦਾ ਹੈ। 'ਬਾਣੀ' ਅਸਾਨੂੰ 'ਨਾਮ' ਜਪਣ ਦੇ ਮਹੱਤਵ ਅਤੇ ਇਸ ਦੇ ਅਭਿਆਸ ਦੁਆਰਾ ਪ੍ਰਾਪਤ ਹੋਣ ਵਾਲੇ ਅਨਮੋਲ ਖਜ਼ਾਨਿਆਂ ਬਾਰੇ ਸਿਖਾਉਂਦੀ ਹੈ। ਇਸ ਤਰ੍ਹਾਂ, 'ਬਾਣੀ'



**ਠਾਕੁਰ ਦਲੀਪ ਸਿੰਘ**

ਅਸਾਨੂੰ ਨਾਮ ਜਪਣ ਦੇ ਲਾਭ ਦਰਸਾਉਂਦੀ ਅਤੇ ਸਮਝਾਉਂਦੀ ਹੈ; ਪਰ, 'ਬਾਣੀ' ਖੁਦ 'ਨਾਮ' ਨਹੀਂ। 'ਨਾਮ' ਤਾਂ ਉਹ 'ਗੁਰਮੰਤ੍ਰ' ਹੈ; ਜੋ ਗੁਰੂ ਦੁਆਰਾ ਸਿੱਖ ਨੂੰ ਕੰਨ ਵਿਚ ਦਿੱਤਾ ਜਾਂਦਾ ਹੈ "ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ" (ਮ. ੫), ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ" (ਮ.੫)।

ਵਿਚਾਰਨ ਯੋਗ ਹੈ: ਸਤਿਗੁਰੂ ਜੀ ਦੇ 'ਸ੍ਰੀ ਮੁਖਵਾਕ' ਤੋਂ ਉਚਾਰੀ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ; ਉਥੇ ਸਤਿਗੁਰ ਜੀ ਨੇ ਹਜ਼ਾਰਾਂ ਵਾਰੀ ਨਾਮ ਜਪਣ ਦਾ ਆਦੇਸ਼ ਕੀਤਾ ਹੈ। ਬਾਣੀ ਵਿਚ ਨਾਮ ਜਪਣਾ ਇਤਨਾ ਜ਼ਰੂਰੀ ਲਿਖਿਆ ਹੈ "ਜਿਹੜੀ ਰਸਨਾ ਨਾਮ ਨਹੀਂ ਜਪਦੀ, ਉਸ ਨੂੰ ਤਿਲ-ਤਿਲ ਕਰ ਕੇ ਕੱਟ ਦਿੱਤਾ ਜਾਵੇ" "ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ" (ਮ. ੫)। ਜਿਸ ਘਰ, ਸ਼ਹਿਰ ਜਾਂ ਪਿੰਡ ਵਿਚ ਨਾਮ ਨਾ ਜਪਿਆ ਜਾਵੇ; ਉਹ ਵੱਸਦੇ ਸ਼ਹਿਰ ਭੀ ਉਜਾੜ ਸਮਾਨ ਹਨ "ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ" (ਮ. ੫)। ਜਿਹੜੇ ਨਾਮ ਨਹੀਂ ਜਪਦੇ; ਉਹ ਵਿਸਟਾ (ਮਨੁੱਖੀ ਗੰਦਗੀ) ਦੇ ਕੀੜਿਆਂ ਵਾਂਗ, ਵਿਸਟਾ ਵਿਚ ਹੀ ਪਏ ਰਹਿੰਦੇ ਹਨ "ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ॥ ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ॥ ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ" (ਮ.੩)। ਜਿਹੜੇ ਮਨਮੁਖ ਮਨੁੱਖ ਨਾਮ ਨਹੀਂ ਜਪਦੇ, ਨਾਮ ਦੀ ਥਾਂ ਦੁਨਿਆਵੀ ਰਸਾਂ ਵਿਚ ਲਿਪਤ ਰਹਿੰਦੇ ਹਨ; ਉਨ੍ਹਾਂ ਦੇ ਮੂੰਹ ਉਤੇ ਥੁੱਕਾਂ ਪੈਂਦੀਆਂ ਹਨ "ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ" (ਮ. ੧)।

ਗੁਰਬਾਣੀ ਵਿਚ, ਬਹੁਤ ਥਾਂ ਉਤੇ ਨਾਮ ਜਪਣ ਦੇ ਲਾਭ ਲਿਖੇ ਹੋਏ ਹਨ। ਜਿਵੇਂ: ਨਾਮ ਜਪਣ ਨਾਲ ਹਰ ਤਰ੍ਹਾਂ ਦੇ ਸੁੱਖ ਮਿਲਦੇ ਹਨ ਅਤੇ ਦਰਗਾਹ ਵਿਚ ਵੀ ਵਧੀਆ ਅਸਥਾਨ ਪ੍ਰਾਪਤ ਹੁੰਦਾ ਹੈ "ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ" (ਮ.੫)। ਨਾਮ ਜਪਣ ਨਾਲ ਕਰੋੜਾਂ ਪਾਪ ਮਿਟ ਜਾਂਦੇ ਹਨ "ਨਾਮੁ ਜਪਤ ਮਿਟਹਿ ਪਾਪ ਕੋਟਿ" (ਮ. ੫)। ਨਾਮ ਜਪਣ ਕਰ ਕੇ, ਕੰਮ ਵਿਚ ਅਟਕਾ ਕਦੇ ਨਹੀਂ ਪੈਂਦਾ "ਹਰਿ ਨਾਮੁ ਜਪਤ ਕਛੁ ਪਰੈ ਨ ਭੰਗੁ" (ਮ. ੫)। ਪ੍ਰਭੂ ਦਾ ਨਾਮ ਜਪਦਿਆਂ ਸਾਰੇ ਰੋਗ, ਫਿਕਰ, ਦੁੱਖ ਮਿਟ ਜਾਂਦੇ ਹਨ "ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ" (ਮ. ੫)। ਦਿਨ-ਰਾਤ ਹਰੀ ਨਾਮ ਜਪਣ ਨਾਲ, ਮਨੁੱਖ ਮਨ ਚਾਹਿਆ ਫਲ ਪ੍ਰਾਪਤ ਕਰ ਲੈਂਦਾ ਹੈ "ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ" (ਮ. ੫)।

ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਪੜ੍ਹਨ ਬਾਰੇ "ਆਇਓ ਸੁਨਨ ਪੜਨ ਕਉ ਬਾਣੀ" (ਮ.੫) ਅਤੇ "ਬਾਣੀ ਤ ਗਾਵਹੁ ਗੁਰੂ ਕੇਰੀ" (ਮ.੩) ਵਰਗੀਆਂ ਬਾਣੀ ਪੜ੍ਹਨ ਜਾਂ ਬਾਣੀ ਗਾਉਣ ਦੇ ਆਦੇਸ਼ ਵਾਲੀਆਂ ਪੰਕਤੀਆਂ ਤਾਂ ਚਾਰ ਕੁ ਹੀ ਲੱਭਣਗੀਆਂ। ਪਰੰਤੂ, ਨਾਮ ਜਪਣ ਅਤੇ ਕੀਰਤਨ ਕਰਨ ਦੇ ਆਦੇਸ਼ ਵਾਲੀਆਂ ਪੰਕਤੀਆਂ ਹਜ਼ਾਰਾਂ ਮਿਲ ਜਾਣਗੀਆਂ। ਬਾਣੀ ਵਿਚ ਕਿਤੇ ਵੀ ਇਹ ਲਿਖਿਆ ਨਹੀਂ ਮਿਲਦਾ "ਜਿਸ ਘਰ ਵਿਚ ਜਾਂ ਜਿਸ ਪਿੰਡ ਵਿਚ ਬਾਣੀ ਨਾ ਪੜ੍ਹੀ ਜਾਂਦੀ ਹੋਵੇ; ਉਥੇ ਭੂਤਾਂ ਦਾ ਵਾਸਾ ਹੈ, ਜਾਂ ਉਹ ਘਰ, ਸ਼ਹਿਰ ਉਜਾੜ ਸਮਾਨ ਹਨ। ਜਾਂ, ਜਿਹੜੀ ਰਸਨਾ ਬਾਣੀ ਨਾ ਪੜ੍ਹਦੀ ਹੋਵੇ, ਉਹ ਰਸਨਾ ਤਿਲ-ਤਿਲ ਕਰਕੇ ਕੱਟੀ ਜਾਣੀ ਚਾਹੀਦੀ ਹੈ, ਆਦਿ"।

ਅੱਜ-ਕਲ, ਪੰਥ ਵਿਚ ਬਾਣੀ ਪੜ੍ਹਨ ਦਾ ਬਹੁਤ ਜ਼ਿਆਦਾ ਰੁਝਾਨ ਹੈ, ਜੋ ਬਹੁਤ ਵਧੀਆ ਕੰਮ ਹੈ। ਪ੍ਰੰਤੂ, ਬਾਣੀ ਵਿਚ ਲਿਖੇ ਹੋਏ 'ਨਾਮ ਜਪਣ', 'ਕੀਰਤਨ ਕਰਨ' ਵਾਲੇ ਹੁਕਮ ਨੂੰ, ਮੰਨਣ ਦਾ ਰੁਝਾਨ ਬਹੁਤ ਘਟ ਗਿਆ ਹੈ; ਜੋ ਠੀਕ ਨਹੀਂ। ਆਪਾਂ ਨੂੰ ਗੁਰੂ ਆਸ਼ੇ ਅਤੇ ਗੁਰੂ ਕੇ ਆਦੇਸ਼ ਅਨੁਸਾਰ ਚੱਲਣਾ ਚਾਹੀਦਾ ਹੈ; ਅਸੀਂ 'ਸੱਚੇ ਸਿੱਖ/ਗੁਰਮੁਖ' ਤਾਂ ਹੀ ਹਾਂ। ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਕਾ ਆਦੇਸ਼, ਸਭ ਤੋਂ ਵੱਧ ਵਾਰੀ ਮੁੱਖ ਰੂਪ ਵਿਚ: 'ਨਾਮ ਜਪਣ' ਦਾ ਹੈ। ਉਸ ਤੋਂ ਦੂਸਰੇ ਥਾਂ ਉਤੇ: 'ਹਰੀ ਕੀਰਤਨ' ਕਰਨਾ ਭਾਵ: ਪ੍ਰਭੂ ਸੋਭਾ, ਹਰੀ ਜਸ ਵਾਲੀ ਬਾਣੀ ਨੂੰ ਗਾਉਣ ਦਾ ਆਦੇਸ਼ ਲਿਖਿਆ ਹੈ। ਪਾਠਕਾਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਬਾਣੀ ਦੀ ਹਰ ਪੰਕਤੀ; ਪ੍ਰਭੂ-ਸੋਭਾ ਨਹੀਂ ਅਤੇ ਕੀਰਤਨ ਕਰਨ ਵਾਸਤੇ ਵੀ ਨਹੀਂ ਲਿਖੀ। ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਨੂੰ ਗਾਉਣ ਦਾ ਹੁਕਮ ਤਾਂ ਹੈ "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ" (ਮ. ੩)। ਇਸ ਪੰਕਤੀ ਦਾ ਅਰਥ ਹੈ: ਹਰੀ ਸੋਭਾ ਵਾਲੀ ਬਾਣੀ ਗਾਓ। ਪਰੰਤੂ, ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਗਾਉਣ ਦਾ: ਇਸ ਰੂਪ ਵਿਚ, ਇਸ ਤਰ੍ਹਾਂ ਦਾ ਵਿਸ਼ੇਸ਼ ਹੁਕਮ ਨਹੀਂ, ਜਿਵੇਂ ਦਾ ਵਿਸ਼ੇਸ਼ ਹੁਕਮ; ਹਰ ਸਮੇਂ ਨਾਮ ਜਪਣ ਦਾ ਅਤੇ ਹਰੀ ਕੀਰਤਨ ਕਰਨ ਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ, ਜਿਸ ਤਰ੍ਹਾਂ ਨਾਮ ਨਾ ਜਪਣ ਦੀਆਂ ਹਾਨੀਆਂ ਲਿਖੀਆਂ ਹਨ; ਬਾਣੀ ਨਾ ਪੜ੍ਹਨ ਦੀਆਂ, ਉਸੇ ਤਰ੍ਹਾਂ ਦੀਆਂ ਕੋਈ ਹਾਨੀਆਂ ਨਹੀਂ ਲਿਖੀਆਂ; ਬਾਣੀ ਪੜ੍ਹਨ ਦੇ ਕੇਵਲ ਚਾਰ ਕੁ ਥਾਵਾਂ ਉਪਰ ਹੀ ਲਾਭ ਲਿਖੇ ਹਨ। ਜਿਵੇਂ: 'ਅਨੰਦ ਸਾਹਿਬ' ਦੀ ਅਖੀਰਲੀ ਪਉੜੀ ਵਿਚ ਉਚਾਰਿਆ ਹੈ "ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ" (ਮ. ੩) ਭਾਵ: 'ਅਨੰਦ' ਨਾਮ ਦੀ ਬਾਣੀ ਨੂੰ ਪੜ੍ਹ ਕੇ, ਸੁਣ ਕੇ ਮੰਨਣ ਵਾਲੇ ਪਵਿੱਤਰ ਹੋ ਜਾਂਦੇ ਹਨ। ਉਨ੍ਹਾਂ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ। ਦੁੱਖ, ਰੋਗ, ਕਲੇਸ਼ ਮਿਟ ਕੇ, ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ। ਪ੍ਰਭੂ-ਪ੍ਰਾਪਤੀ ਹੋ ਕੇ, ਗੁਰੂ ਜੀ ਦੀ ਚਰਨੀਂ ਲੱਗਣ ਨਾਲ, ਰਸ-ਭਰਪੂਰ ਹੋ ਕੇ ਅਨਹਦ ਵਾਜੇ ਵੱਜਣ ਲੱਗ ਪੈਂਦੇ ਹਨ।

ਪਰੰਤੂ, ਗੁਰੂ ਜੀ ਨੇ ਹਰ ਰੋਜ਼ ਕੋਈ ਇੱਕ ਵਿਸ਼ੇਸ਼ ਬਾਣੀ, ਜਾਂ ਬਹੁਤ ਸਾਰੀਆਂ ਬਾਣੀਆਂ ਪੜ੍ਹਨ ਵਾਸਤੇ, ਕੋਈ ਵਿਸ਼ੇਸ਼ ਆਦੇਸ਼; 'ਸ੍ਰੀ ਮੁੱਖ' ਤੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ, ਜਾਂ ਹਸਤਲਿਖਤ ਹੁਕਮਨਾਮਿਆਂ ਵਿਚ ਨਹੀਂ ਕੀਤਾ; ਜਿਸ ਤਰ੍ਹਾਂ ਦਾ ਜ਼ਰੂਰੀ ਆਦੇਸ਼: ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ-ਜਪਣ ਦਾ ਅਤੇ ਹਰੀ-ਕੀਰਤਨ ਕਰਨ ਦਾ ਕੀਤਾ ਹੈ। ਸੰਭਵ ਹੈ: 'ਪ੍ਰੇਮ ਸੁਮਾਰਗ' ਗ੍ਰੰਥ ਅਤੇ ਰਹਿਤਨਾਮਿਆਂ ਤੋਂ ਪ੍ਰਭਾਵਿਤ ਹੋ ਕੇ, ਅੱਜ ਸਿੱਖ ਪੰਥ ਵਿਚ ਬਹੁਤ ਸਾਰੀਆਂ ਬਾਣੀਆਂ ਦੇ ਹਰ ਰੋਜ਼ ਬਹੁਤ ਸਾਰੇ ਪਾਠ ਕਰਨ, ਸਧਾਰਨ ਪਾਠ ਕਰਨ ਅਤੇ ਅਖੰਡ ਪਾਠ ਕਰਨ ਦੀ ਪਰੰਪਰਾ ਪ੍ਰਚੱਲਿਤ ਹੋ ਗਈ ਹੈ। ਪ੍ਰੰਤੂ, ਗੁਰੂ ਜੀ ਨੇ ਨਾਮ-ਜਪਣ ਅਤੇ ਕੀਰਤਨ ਕਰਨ ਦੇ, ਜੋ ਦੋ ਆਦੇਸ਼; ਸਭ ਤੋਂ ਵੱਧ ਵਾਰੀ, ਗੁਰਬਾਣੀ ਵਿਚ 'ਸ੍ਰੀ ਮੁੱਖ' ਤੋਂ ਕੀਤੇ ਹਨ, ਉਨ੍ਹਾਂ ਦਾ ਪਾਲਣ ਕਰਨਾ ਬਹੁਤ ਘਟ ਗਿਆ ਹੈ।

ਸਾਧ ਸੰਗਤ ਜੀ! ਗੁਰੂ ਜੀ ਦਾ ਹੁਕਮ ਹੈ, ਮੇਰੀ ਬੇਨਤੀ ਹੈ ਕਿ ਗੁਰੂ ਜੀ ਦਾ ਹੁਕਮ ਮੰਨਦੇ ਹੋਏ ਨਾਮ ਜ਼ਰੂਰ ਜਪਿਆ ਕਰੋ "ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ" (ਮ. ੫), ਸਾਸਿ ਗਿਰਾਸਿ ਜਪਉ ਹਰਿ ਹਰੀ" (ਮ. ੫)। ਗੁਰਬਾਣੀ ਦੀਆਂ ਹਰੀ ਜਸ ਵਾਲੀਆਂ ਕੁਝ ਪੰਕਤੀਆਂ ਵੀ ਜ਼ਰੂਰ ਗਾ ਕੇ ਪੜ੍ਹ ਲਿਆ ਕਰੋ। ਕਿਉਂਕਿ, ਬਾਣੀ ਵਿਚ ਹੁਕਮ ਹੈ: ਕੀਰਤਨ ਕਰੋ, ਕੀਰਤਨ ਸੁਣੋ "ਸਾਧਸੰਗਿ ਹਰਿ ਕੀਰਤਨੁ ਗਾਵੈ" (ਮ.੫), "ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ" (ਮ.੫) ਆਦਿ।

ਵਿਸ਼ੇਸ਼: ਗੁਰਬਾਣੀ ਵਿਚ ਸਾਰੇ ਸ਼ਬਦ, ਪੰਕਤੀਆਂ; ਹਰੀ ਸੋਭਾ ਨਹੀਂ ਹਨ ਅਤੇ ਨਾ ਹੀ 'ਕੀਰਤਨ' ਕਰਨ ਵਾਸਤੇ ਲਿਖੀਆਂ ਗਈਆਂ ਹਨ। ਬਹੁਤ ਸਾਰੇ ਸ਼ਬਦ ਅਤੇ ਪੰਕਤੀਆਂ, ਵੱਖੋ-ਵੱਖਰੇ ਵਿਸ਼ਿਆਂ ਨਾਲ ਸੰਬੰਧਿਤ ਹਨ; ਜੋ ਕਥਾ ਵਿਚ ਪ੍ਰਮਾਣ ਦੇਣ ਲਈ ਵਰਤੀਆਂ ਜਾ ਸਕਦੀਆਂ ਹਨ। ਉਨ੍ਹਾਂ ਸ਼ਬਦਾਂ ਅਤੇ ਪੰਕਤੀਆਂ ਵਿਚ ਕਿਤੇ 'ਵਿਅੰਗ' ਹੈ "ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ" (ਮ.੧), "ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥ ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ" (ਕਬੀਰ ਜੀ, ਪੰਨਾ 476)। ਕਿਤੇ 'ਇਤਿਹਾਸ' ਹੈ "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ" (ਮ.੧), "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ" (ਮ.੧)। ਕਿਤੇ 'ਸਿੱਖਿਆਵਾਂ' ਹਨ "ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ" (ਮ.੧), ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ" (ਮ.੩) ਆਦਿ। ਉਪਰੋਕਤ ਪੰਕਤੀਆਂ ਹਰੀ ਸੋਭਾ ਨਾ ਹੋਣ ਕਰ ਕੇ, 'ਕੀਰਤਨ' ਸ਼ਬਦ ਵਿਚ ਢੁਕਦੀਆਂ ਨਹੀਂ।

ਵਿਚਾਰਨ ਦੀ ਲੋੜ ਹੈ: 'ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ' (ਮ.੫) ਅਤੇ "ਬਾਣੀ ਤ ਗਾਵਹੁ ਗੁਰੂ ਕੇਰੀ" (ਮ.੩) ਆਦਿ ਪੰਕਤੀਆਂ ਦਾ ਭਾਵ ਹੈ ਕਿ "ਹਰੀ ਜਸ" ਵਾਲੀ ਬਾਣੀ ਗਾਵੋ। ਗੁਰੂ ਜੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਕਿਹੜੀ ਬਾਣੀ ਗਾਉਣੀ ਹੈ "ਹਰਿ ਗੁਣ ਗਾਉ ਮਨਾ ਸਤਿਗੁਰਿ ਸੇਵਿ ਪਿਆਰਿ" (ਮ.੫)। ਕਿਉਂਕਿ, 'ਕੀਰਤਨ' ਸ਼ਬਦ ਦਾ ਅਰਥ ਹੀ 'ਸੁਰ ਤਾਲ ਵਿਚ, ਹਰੀ ਜਸ' ਗਾਉਣਾ ਹੈ। ਗੁਰੂ ਜੀ ਨੇ ਹਰੀ ਜਸ ਗਾਉਣਾ, ਸਭ ਤੋਂ ਵੱਡਾ ਧਰਮ-ਕਰਮ ਲਿਖਿਆ ਹੈ "ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ" (ਮ.੯)। ਹਰੀ ਕੀਰਤ (ਸੋਭਾ/ਜੱਸ) ਦੀਆਂ ਪੰਕਤੀਆਂ ਹਨ: "ਤੂ ਬੇਅੰਤ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ" (ਮ.੫), "ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ" (ਮ.੧), "ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ" (ਮ. ੧) "ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ" (ਮ.੪), "ਜਲਿ ਥਲਿ ਮਹੀਅਲਿ ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ" (ਮ. ੫) ਆਦਿ।

ਇਸ ਕਰ ਕੇ, ਸਾਰੇ 'ਗੁਰੂ ਨਾਨਕ ਨਾਮ ਲੇਵਾ' ਨੂੰ ਮੇਰੀ ਬੇਨਤੀ ਹੈ: ਗੁਰੂ ਆਸ਼ੇ ਅਨੁਸਾਰ, ਗੁਰੂ ਕੇ ਆਦੇਸ਼ ਨੂੰ ਮੰਨਦੇ ਹੋਏ; ਨਾਮ ਜਪਣ ਅਤੇ ਹਰੀ ਕੀਰਤਨ ਕਰਨ (ਹਰੀ ਸੋਭਾ ਵਾਲੀ ਬਾਣੀ ਨੂੰ ਗਾ ਕੇ ਕੀਰਤਨ ਕਰਨ) ਉਪਰ ਵੱਧ ਬਲ ਦਿੱਤਾ ਜਾਵੇ, ਉਸੇ ਉਤੇ ਵੱਧ ਸਮਾਂ ਲਾਇਆ ਜਾਵੇ (ਬਾਣੀ ਦੇ ਬਹੁਤੇ ਪਾਠ ਕਰਨ ਉਪਰ ਨਹੀਂ) "ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ (ਮ. ੫), "ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ" (ਮ. ੪)। ਕਿਉਂਕਿ, ਇਹ ਆਦੇਸ਼ ਉਸੇ ਬਾਣੀ ਵਿਚ ਹੀ ਲਿਖਿਆ ਹੈ, ਜਿਸ ਦੇ ਆਪਾਂ ਬਹੁਤ ਸਾਰੇ ਪਾਠ ਕਰਨੇ ਆਰੰਭ ਕਰ ਦਿੱਤੇ ਹਨ। ਪਰੰਤੂ, ਉਸ ਵਿਚ ਲਿਖੇ ਨੂੰ ਮੰਨਣਾ ਛੱਡ ਦਿੱਤਾ ਹੈ।

ਕਿਸੇ ਮਨੋਰਥ ਦੀ ਪ੍ਰਾਪਤੀ ਵਾਸਤੇ, ਕਿਸੇ ਵਿਸ਼ੇਸ਼ ਬਾਣੀ ਦੇ, ਵਿਸ਼ੇਸ਼ ਢੰਗ ਨਾਲ ਪਾਠ ਕਰਨੇ (ਜਿਵੇਂ ਕਈ ਸੱਜਣ 40 ਦਿਨ ਕੋਈ ਵਿਸ਼ੇਸ਼ ਪਾਠ ਕਰਦੇ ਹਨ), ਸਧਾਰਨ ਪਾਠ ਕਰਨੇ ਜਾਂ ਅਖੰਡ ਪਾਠ ਕਰਨੇ: ਆਪਣੀ ਥਾਂ ਉਪਰ ਠੀਕ ਹਨ। ਪਾਠ ਕਰਨ ਨਾਲ ਸ਼ਰਧਾਲੂਆਂ ਦੇ ਮਨੋਰਥ ਪੂਰੇ ਹੁੰਦੇ ਹਨ। ਬਾਣੀ ਪੜ੍ਹੀ-ਸੁਣੀ ਜਾਵੇ; ਪਰ ਇੰਨੀ ਜ਼ਿਆਦਾ ਨਹੀਂ ਕਿ ਉਹ ਨਾਮ ਜਪਣ ਅਤੇ ਕੀਰਤਨ ਕਰਨ-ਸੁਣਨ ਤੋਂ ਵੀ ਉਪਰ ਹੋ ਜਾਵੇ। ਮੇਰੀ ਬੇਨਤੀ ਹੈ ਕਿ ਬਾਣੀ ਪੜ੍ਹਨ ਜਾਂ ਸੁਣਨ ਉਤੇ ਘੱਟ ਸਮਾਂ ਲਾ ਕੇ; ਬਾਣੀ ਵਿਚ ਲਿਖੇ ਨੂੰ ਮੰਨਣ ਉਤੇ ਬਹੁਤਾ ਸਮਾਂ ਲਾਇਆ ਜਾਵੇ ਅਤੇ ਬਾਣੀ ਵਿਚ ਲਿਖੇ ਨੂੰ ਮੰਨਣ ਦਾ ਅਭਿਆਸ ਵੀ ਕੀਤਾ ਜਾਵੇ। ਮੈਂ ਬਾਣੀ ਦੇ ਬਹੁਤ ਸਾਰੇ ਪਾਠ ਕਰਨ ਦੇ ਵਿਰੁੱਧ ਨਹੀਂ; ਪਰ ਮੈਂ, ਬਾਣੀ ਵਿਚ ਲਿਖੇ ਨੂੰ ਮੰਨਣ ਦੇ ਹੱਕ ਵਿਚ ਹਾਂ। ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਕਾ ਆਦੇਸ਼ ਅੰਕਿਤ ਹੈ; ਉਸ ਨੂੰ ਸਮਝ ਕੇ, ਉਸ ਦੇ ਅਨੁਸਾਰ ਜੀਵਨ ਜਿਉਣ ਵਾਸਤੇ; ਇਹ ਬੇਨਤੀ ਆਪ ਜੀ ਨੂੰ ਕਰ ਰਿਹਾ ਹਾਂ। ਮੇਰੀ ਇਸ ਬੇਨਤੀ ਦਾ ਇਹ ਅਰਥ ਨਾ ਕੱਢਿਆ ਜਾਵੇ ਕਿ ਮੈਂ ਸਧਾਰਨ ਪਾਠ ਕਰਨ, ਅਖੰਡ ਪਾਠ ਕਰਨ ਜਾਂ ਬਾਣੀ ਪੜ੍ਹਨ ਦੇ ਵਿਰੁੱਧ ਹਾਂ। ਮੈਂ ਸਧਾਰਨ ਪਾਠ ਜਾਂ ਅਖੰਡ ਪਾਠ ਜਾਂ ਕਿਸੇ ਵੀ ਬਾਣੀ ਦੇ ਪਾਠ ਕਰਨ ਦਾ ਵਿਰੋਧੀ ਨਹੀਂ। ਮੈਂ ਤਾਂ ਕੇਵਲ ਗੁਰੂ ਆਸ਼ੇ ਅਨੁਸਾਰ, ਗੁਰਬਾਣੀ ਵਿਚ ਲਿਖੇ ਹੋਏ ਨੂੰ ਸਪੱਸ਼ਟ ਕਰ ਕੇ, ਆਪ ਜੀ ਸਾਹਮਣੇ ਪ੍ਰਸਤੁਤ ਕੀਤਾ ਹੈ। ਵਿਚਾਰਵਾਨ ਬਣ ਕੇ ਮੇਰੀ ਬੇਨਤੀ ਪ੍ਰਵਾਨ ਕਰੋ ਜੀ।

# ਨਵੀਂ ਸਵੇਰ !

ਬਚਪਨ ਵਿਚ ਕਹਾਣੀ ਪੜ੍ਹਦੇ-ਸੁਣਦੇ ਸੀ ਕਿ ਸ਼ਿਕਾਰੀ ਨੇ ਕਬੂਤਰ ਫੜਨ ਲਈ ਉਨ੍ਹਾਂ ਉਤੇ ਜਾਲ ਸੁੱਟ ਦਿੱਤਾ। ਇਸ ਤੋਂ ਪਹਿਲਾਂ ਕਿ ਉਹ ਉਨ੍ਹਾਂ ਨੂੰ ਫੜਦਾ, ਕਬੂਤਰਾਂ ਨੇ 'ਕੱਠੇ ਹੋ ਕੇ ਐਸੀ ਉਡਾਰੀ ਮਾਰੀ ਕਿ ਜਾਲ ਹੀ ਉਡਾ ਕੇ ਲੈ ਗਏ। ਤਿੰਨ ਸਾਲਾਂ ਤੋਂ ਅਸੀਂ ਚੰਡੀਗੜ੍ਹ ਦੇ ਸੈਕਟਰ 45-ਸੀ ਵਿਚ ਰਹਿ ਰਹੇ ਹਾਂ। ਇਸ ਬਲਾਕ ਵਿਚ 124 ਮਕਾਨ ਹਨ। ਨੇੜਲੇ ਘਰਾਂ ਤੋਂ ਬਿਨਾਂ ਕਿਸੇ ਨਾਲ ਬਹੁਤੀ ਜਾਣ-ਪਛਾਣ ਨਹੀਂ ਹੋਈ ਕਿਉਂਕਿ ਪੱਥਰਾਂ ਦੇ ਇਸ ਸ਼ਹਿਰ ਵਿਚ ਪਿੰਡਾਂ ਤੋਂ ਆ ਕੇ ਲੋਕ ਪਤਾ ਨੀ ਕਿਉਂ ਅਜੀਬ ਵਤੀਰਾ ਧਾਰ ਲੈਂਦੇ ਹਨ। ਜਦੋਂ ਦੇ ਆਏ ਸੀ, ਇਹੀ ਸੁਣਦੇ ਸੀ ਕਿ ਬਲਾਕ ਸੁਸਾਇਟੀ ਬਣੀ ਹੋਈ ਹੈ ਪ੍ਰੰਤੂ ਕਦੇ ਕਿਸੇ ਮੀਟਿੰਗ ਦਾ ਜਾਂ ਜਨਰਲ ਇਜਲਾਸ ਦਾ ਜ਼ਿਕਰ ਤਕ ਨਹੀਂ ਸੁਣਿਆ। ਦੋ ਮੂੰਹ ਹੋਰ ਪਾਸੇ, ਦੋ ਦੇ ਦੂਜੇ ਪਾਸੇ। ਕੁੱਲ ਮਿਲ ਕੇ ਇਸ ਟੀਮ ਦਾ ਹਾਲ ਅਕਾਲੀ ਦਲ ਵਰਗਾ ਹੋ ਗਿਆ ਸੀ।

ਬਲਾਕ ਦੇ ਦੋਵੇਂ ਪਾਸੇ ਇਕ-ਇਕ ਗੇਟ ਹੈ। ਇਕ ਗੇਟ ਕੋਲ ਤਾਂ ਚੌਕੀਦਾਰ ਬਹਿੰਦਾ ਤੇ ਦੂਜਾ ਰੱਬ ਆਸਰੇ ਖੁੱਲ੍ਹਾ ਰਹਿੰਦਾ। ਰਾਤ ਨੂੰ ਜਿੰਦਾ ਲਾ ਦਿੱਤਾ ਜਾਂਦਾ ਤੇ ਸਵੇਰੇ ਖੋਲ੍ਹਿਆ ਜਾਂਦਾ। ਹਰ ਘਰ ਤੋਂ ਪ੍ਰਤੀ ਮਹੀਨਾ 250-250 ਰੁਪਏ ਚੌਕੀਦਾਰ ਆ ਕੇ ਲੈ ਜਾਂਦਾ। ਦਿਨ-ਰਾਤ ਲਈ ਦੋ ਚੌਕੀਦਾਰਾਂ ਦੇ ਬਾਵਜੂਦ ਲੋਕਾਂ ਦੇ ਸਾਈਕਲ ਚੋਰੀ ਹੋ ਰਹੇ ਸਨ। ਇਸ ਕਾਰਨ ਬਹੁਤੇ ਲੋਕਾਂ ਨੇ 250 ਰੁਪਏ ਦੇਣੇ ਬੰਦ ਕਰ ਦਿੱਤੇ।

ਆਖਰ ਇਕ ਦਿਨ ਸਾਰੇ ਬਲਾਕ ਦੀ ਮੀਟਿੰਗ ਸੱਦੀ ਗਈ ਤੇ ਸਰਬਸੰਮਤੀ ਨਾਲ ਦਿਲਬਾਗ ਰਾਏ -ਚੇਅਰਮੈਨ, ਵਿਸ਼ਾਲ ਸ਼ਰਮਾ -ਸਲਾਹਕਾਰ, ਰਮਨ ਛਾਬੜਾ -ਪ੍ਰਧਾਨ, ਬਲਜੀਤ ਸ਼ਰਮਾ -ਉਪ-ਪ੍ਰਧਾਨ, ਜਤਿੰਦਰ ਪੁਰੀ -ਜਨਰਲ ਸੈਕਟਰੀ, ਸਤੀਸ਼ ਕੁਮਾਰ ਗੁਪਤਾ -ਖਜ਼ਾਨਚੀ ਚੁਣੇ ਗਏ। ਇਸ ਵਿਚ ਵਿਲੱਖਣ ਗੱਲ ਇਹ ਹੋਈ ਕਿ ਮੰਜੂ, ਉਰਮਿਲਾ, ਰਸ਼ਮੀ, ਸਪਨਾ ਸਾਗਰ ਅਤੇ ਗੁਰਮੀਤ ਕੌਰ ਸਮੇਤ ਪੰਜ ਇਸਤਰੀਆਂ ਵੀ ਚੁਣੀਆਂ ਗਈਆਂ। ਇਨ੍ਹਾਂ ਤੋਂ ਇਲਾਵਾ ਪਿਊਸ਼ ਨੰਦੀ, ਪ੍ਰਵੀਨ, ਸੀ.ਡੀ. ਭੁੱਲਰ, ਰਾਕੇਸ਼ ਸ਼ਰਮਾ, ਆਰ.ਕੇ. ਚੰਦੇਲ ਅਤੇ ਮੇਵਾ ਸਿੰਘ ਨੂੰ ਮੈਂਬਰ ਵਜੋਂ ਲਿਆ ਗਿਆ।

ਸਭ ਤੋਂ ਪਹਿਲਾਂ ਨਵੀਂ ਟੀਮ ਨੇ, ਜਿਹੜੇ ਲੋਕਾਂ ਨੇ 250-250 ਰੁਪਏ ਦੇਣੇ ਬੰਦ ਕਰ ਦਿੱਤੇ ਸਨ, ਦੇ ਘਰ-ਘਰ ਜਾ ਕੇ ਰੁਪਏ ਦੇਣ ਲਈ ਪ੍ਰੇਰਿਆ। ਸਾਰਿਆਂ ਦਾ ਇਕੋ ਹੀ ਮੁੱਦਾ (ਮਸਲਾ) ਸੀ ਕਿ ਚੌਕੀਦਾਰੀ ਦੇ ਰੁਪਏ ਦੇਣ ਦਾ ਕੀ ਫਾਇਦਾ? ਜਦੋਂ ਚੋਰੀਆਂ ਹੋ ਰਹੀਆਂ ਹੋਣ। ਉਨ੍ਹਾਂ ਨੂੰ ਸਮਝਾਇਆ ਕਿ ਚੋਰੀਆਂ ਰੋਕਣ ਲਈ ਦੋਵੇਂ ਗੇਟਾਂ ਉਤੇ ਕੈਮਰੇ ਲਾਏ ਜਾਣਗੇ ਤੇ ਉਨ੍ਹਾਂ ਦਾ ਜਾਇਜ਼ ਗੁੱਸਾ ਕੁਝ ਠੰਢਾ ਹੋਇਆ। ਇਸ ਨਾਲ ਜਿੱਥੇ ਲੋਕਾਂ ਨੇ ਹਾਂ-ਪੱਖੀ ਹੁੰਗਾਰਾ ਭਰਿਆ, ਉਥੇ ਭਾਈਚਾਰਕ ਸਾਂਝ ਵੀ ਵਧ ਗਈ ਕਿਉਂਕਿ ਜਿਹੜੇ ਬਲਾਕ ਵਿਚ ਪਹਿਲਾਂ ਅਜਨਬੀਆਂ ਵਾਂਗ ਰਹਿੰਦੇ ਸੀ, ਘਰ-ਘਰ ਜਾਣ ਕਰਕੇ ਪਤਾ ਲੱਗਿਆ ਇਕ ਜੋੜੀ ਮਲੇਰਕੋਟਲਾ ਵੱਲ ਦੀ ਹੈ। ਦਿਲਬਾਗ ਰਾਏ (ਜਿਹੜੇ ਪੰਜਾਬ ਰੋਡਵੇਜ਼ ਤੋਂ ਸੇਵਾ ਮੁਕਤ ਹੋਏ ਹਨ, ਉਥੇ ਲਾਣੇਦਾਰਨੀ ਦੀ ਮਾਸੀ ਦਾ ਜਵਾਈ ਦਰਸ਼ਨ ਸਿੰਘ ਮੈਨੇਜਰ ਸੀ) ਦਾ ਪਿੰਡ ਮੌੜ ਮੰਡੀ ਤੇ ਉਨ੍ਹਾਂ ਦੇ ਨਾਨਕੇ ਦਮਦਮਾ ਸਾਹਿਬ ਹਨ। ਇਸੇ ਤਰ੍ਹਾਂ ਇਕ ਸੱਚਦੇਵਾ ਪਰਿਵਾਰ ਦੀ ਮਹਿਲਾ ਸ੍ਰੀਮਤੀ ਦੇ ਪੇਕਿਆਂ ਕੋਲੇ ਦੀ ਭਵਾਨੀਗੜ੍ਹ ਦੀ ਮਿਲੀ ਤੇ ਉਹਦਾ ਪਤੀ ਸੁਨਾਮ ਤੋਂ ਹੈ।

ਪਹਿਲਾ ਕੰਮ ਲੋਕਾਂ ਨਾਲ ਕੀਤੇ ਵਾਅਦੇ ਅਨੁਸਾਰ ਦੋਵੇਂ ਗੇਟਾਂ ਉਤੇ ਕੈਮਰੇ ਲਾ ਦਿੱਤੇ। ਇਕ ਵੱਡੇ ਗੇਟ ਨੂੰ ਪੱਕੇ ਤੌਰ 'ਤੇ ਜਿੰਦਾ ਲਾ ਦਿੱਤਾ। ਜਿਹੜੀ ਚੈੱਕ ਪੋਸਟ ਵਿਚ ਚੌਕੀਦਾਰ



*15 ਅਗਸਤ ਨੂੰ ਝੰਡਾ ਲਹਿਰਾਉਣ ਦਾ ਦ੍ਰਿਸ਼।*

ਬਹਿੰਦਾ ਸੀ, ਉਹਦੇ ਦੁਆਲੇ ਸਫ਼ਾਈ ਨਾ ਹੋਣ ਕਾਰਨ ਚੂਹਿਆਂ ਦੀਆਂ ਖੁੱਡਾਂ ਹੀ ਖੁੱਡਾਂ ਸਨ ਤੇ ਇਥੇ ਔਲੇ ਦੇ ਦਰੱਖਤ ਉਤੇ ਗਲੋਹ ਨੇ ਅਮਰਵਾਲੇ ਵਾਂਗ ਐਸਾ ਝੁਰਮਟ ਪਾਇਆ ਹੋਇਆ ਸੀ ਕਿ ਗੇਟ ਉਤੇ ਰੋਸ਼ਨੀ ਨਾਂ ਦੀ ਚੀਜ਼ ਨਾ ਹੋਣ ਕਾਰਨ ਘੁੱਪ ਹਨੇਰਾ ਰਹਿੰਦਾ ਸੀ। ਗੇਟ ਉਤੇ ਲੱਗੇ ਦੋਵੇਂ ਬਲਬ ਇਸ ਨੇ ਕਲਾਵੇ ਵਿਚ ਲੈ ਰੱਖੇ ਸਨ। ਕਾਰ ਸੇਵਾ ਦੇ ਨਾਂ ਉਤੇ ਇਕ ਐਤਵਾਰ ਨੂੰ ਕੋਰ ਕਮੇਟੀ ਨੇ ਆਪਣੇ ਤੌਰ 'ਤੇ ਸਫ਼ਾਈ ਆਰੰਭੀ। ਇਸ ਤੋਂ ਖੁਸ਼ ਹੋ ਕੇ ਇਕ ਮੈਡਮ ਨੇ ਚੈੱਕ ਪੋਸਟ ਦੁਆਲੇ ਪੇਵਰ ਬਲਾਕ ਲਾਉਣ ਲਈ 3000 ਰੁਪਏ ਦੇ ਦਿੱਤੇ। ਪੇਵਰ ਬਲਾਕ ਲਾ ਕੇ ਇਸ ਉਤੇ ਇਕ ਬੈਂਚ ਰੱਖ ਦਿੱਤਾ ਗਿਆ, ਜਿੱਥੇ ਦੀ ਪਹਿਲਾਂ ਲੰਘਣ ਵੇਲੇ ਲੋਕ ਕੀੜੇ-ਮਕੌੜੇ ਹੋਣ ਤੋਂ ਡਰਦੇ ਸਨ, ਹੁਣ ਉਥੇ ਬੈਠ ਵਾਹ! ਵਾਹ! ਕਰਦੇ ਨਹੀਂ ਥੱਕਦੇ। ਇਹ ਬਦਲਾ" ਜਿੱਥੇ ਲੋਕਾਂ ਨੂੰ ਚੜਦੇ ਸੂਰਜ ਦੀ ਲਾਲੀ ਵਰਗਾ ਲੱਗਿਆ, ਉਥੇ ਨਵੀਂ ਟੀਮ ਨੂੰ ਵੀ ਉਤਸ਼ਾਹ ਮਿਲਿਆ। ਇਸ ਤੋਂ ਬਾਅਦ ਟੀਮ ਨੇ ਇਕ ਹੋਰ ਐਤਵਾਰ ਕਾਰ ਸੇਵਾ ਦੇ ਲੇਖੇ ਲਾ ਪਾਰਕ ਵਿਚਲੇ ਦਰੱਖਤਾਂ ਦੀਆਂ ਨੀਵੀਆਂ ਟਾਹਣੀਆਂ ਛਾਂਗ ਦਿੱਤੀਆਂ, ਜਿਸ ਨਾਲ ਸਟਰੀਟ ਲਾਈਟਾਂ ਦੀ ਰੌਸ਼ਨੀ ਵਧ ਗਈ। ਏਅਰ ਫੋਰਸ ਤੋਂ ਸੇਵਾ ਮੁਕਤ ਅਤੇ ਬੈਂਕ ਕਾਰਜਰਤ ਆਰ.ਕੇ. ਚੰਦੇਲ ਨੇ ਖੁਦ ਸਾਰੇ ਪਾਰਕ ਵਿਚੋਂ ਤੰਗਲੀ ਨਾਲ ਪੱਤੇ-ਟਾਹਣੀਆਂ 'ਕੱਠੀਆਂ ਕੀਤੀਆਂ। ਉਨ੍ਹਾਂ ਦਾ ਕਹਿਣੈ ਕਿ ਕੰਮ ਵੱਡਾ-ਛੋਟਾ ਨਹੀਂ ਹੁੰਦਾ, ਬੰਦੇ ਦੀ ਨੀਅਤ ਛੋਟੀ ਨੀ ਹੋਣੀ ਚਾਹੀਦੀ। ਏਅਰ ਫੋਰਸ ਜਾਂ ਫੌਜ ਦੀ ਨੌਕਰੀ ਇਹੋ ਭਾਈਚਾਰਕ ਸਾਂਝ ਸਿਖਾਉਂਦੀ ਹੈ।

ਸਫਾਈ ਵਗੈਰਾ ਤੋਂ ਬਾਅਦ ਟੀਮ ਨੇ 15 ਅਗਸਤ ਮਨਾਉਣ ਦੀ ਵਿਉਂਤ ਉਲੀਕੀ। ਬਲਾਕ ਵਾਸੀਆਂ ਤੋਂ ਰੁਪਏ 'ਕੱਠੇ ਕਰਨ ਦੀ ਥਾਂ ਕੋਰ ਕਮੇਟੀ ਦੇ ਹਰ ਮੈਂਬਰ ਨੇ 1000-1000 ਰੁਪਏ ਪਾ ਕੇ ਜਦੋਂ 15 ਅਗਸਤ ਦਾ ਦਿਹਾੜਾ ਮਨਾਉਣ ਦਾ ਐਲਾਨ ਕਰ ਦਿੱਤਾ ਤਾਂ ਇਕ ਵਿਅਕਤੀ ਨੇ ਆਪਣੇ ਵੱਲੋਂ ਪਨੀਰ ਦੇ ਪਕੌੜੇ ਮੁਫਤ ਦੇਣ ਦਾ ਐਲਾਨ ਕਰ ਦਿੱਤਾ। ਸ੍ਰੀ ਰਾਜਿੰਦਰ ਵਰਮਾ ਨੇ 3100 ਰੁਪਏ ਦਿੱਤੇ। ਸਭ ਤੋਂ ਪਹਿਲਾਂ ਕੌਮੀ ਝੰਡਾ ਲਹਿਰਾਇਆ ਗਿਆ। 'ਮੇਰਾ ਰੰਗ ਦੇ ਬਸੰਤੀ ਚੋਲਾ' ਆਦਿ ਦੇਸ਼ ਭਗਤੀ ਦੇ ਗੀਤਾਂ ਨੇ ਨੌਜਵਾਨਾਂ ਖਾਸ ਕਰਕੇ ਬੱਚਿਆਂ ਵਿਚ ਨਵਾਂ ਜੋਸ਼ ਭਰ ਦਿੱਤਾ। ਬੱਚਿਆਂ ਨੇ ਗੀਤ ਪੇਸ਼ ਕੀਤੇ। ਇਸ ਤੋਂ ਇਲਾਵਾ ਬੱਚਿਆਂ ਅਤੇ ਨਿਆਣਿਆਂ, ਸਿਆਣਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ। ਮੁਹੱਲੇ ਵਿਚ ਤੀਆਂ ਵਰਗਾ ਮਾਹੌਲ ਹੋ ਗਿਆ ਤੇ ਹਾਜ਼ਰੀਨ ਨੂੰ ਚਾਹ ਪਾਰਟੀ ਦਿੱਤੀ ਗਈ।

31 ਅਗਸਤ ਨੂੰ ਹੋਏ ਜਨਰਲ ਇਜਲਾਸ ਦੌਰਾਨ ਸਤੰਬਰ ਮਹੀਨੇ ਤੋਂ 50 ਰੁਪਏ ਵਧਾ ਕੇ ਪ੍ਰਤੀ ਮਹੀਨਾ 300 ਰੁਪਏ ਕਰ ਦਿੱਤੇ ਹਨ, ਜਿਸ ਨੂੰ ਸਭ ਨੇ ਖੁਸ਼ੀ-ਖੁਸ਼ੀ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਅਤੇ ਫੈਸਲਾ ਕੀਤਾ ਗਿਆ ਬਲਾਕ ਵਿਚ ਹੋਰ ਕੈਮਰੇ ਵੀ ਲਾਏ ਜਾਣਗੇ। ਇਸ ਤਰ੍ਹਾਂ ਬਲਾਕ ਅਤੇ ਪਾਰਕ ਵਿਚ ਪਹਿਲਾਂ ਦੇ ਮੁਕਾਬਲੇ ਸਫ਼ਾਈ ਨਜ਼ਰ ਆਉਣ ਲੱਗੀ। ਲੋਕਾਂ ਦੇ ਛੋਟੇ-ਮੋਟੇ ਮਸਲੇ ਟੀਮ ਪੰਚਾਇਤ ਦੀ ਤਰ੍ਹਾਂ ਮਿਲ-ਬੈਠ ਕੇ ਨਿਪਟਾਉਣ ਲੱਗ ਪਈ ਹੈ। ਡਾਂਡੀਆ ਦਾ ਉਤਸਵ ਮਨਾਉਣ ਸਮੇਂ ਚਾਹ-ਪਾਣੀ ਦਾ ਖਰਚਾ ਬਲਜੀਤ ਸ਼ਰਮਾ ਨੇ ਪੋਤਾ ਹੋਣ ਦੀ ਖੁਸ਼ੀ ਵਿਚ ਓਟ ਲਿਆ। ਇਸੇ ਤਰ੍ਹਾਂ ਸਾਰੇ ਬਲਾਕ ਵੱਲੋਂ ਮਿਲ ਕੇ 30 ਨਵੰਬਰ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾ ਰਿਹਾ ਹੈ। ਕੁੱਲ ਮਿਲਾ ਕੇ ਇਸ ਨਵੀਂ ਸਵੇਰ ਦੀ ਅੰਗੜਾਈ ਨੇ ਜਿੱਥੇ ਲੋਕਾਂ ਵਿਚ ਜੋਸ਼ ਭਰਿਆ, ਉਥੇ ਨਵੀਂ ਟੀਮ ਦੇ ਵੀ ਹੌਂਸਲੇ ਬੁਲੰਦ ਹੋਏ ਹਨ।

# ਭਾਰਤ-ਪਾਕਿਸਤਾਨ ਸੰਕਟ: ਸਰਹੱਦਾਂ ਦੀ ਅੱਗ ਵਿਚ ਸੜਦੀ ਸ਼ਾਂਤੀ ਦੀ ਆਸ



**ਮਨਮੀਤ ਕੱਕੜ, ਮੋਹਾਲੀ**
**ਫੋਨ: +91 79863-07793**


ਭਾਰਤ ਤੇ ਪਾਕਿਸਤਾਨ ਵਿਚਕਾਰ ਫਿਰ ਉਹੀ ਪੁਰਾਣੀ ਅੱਗ ਭੜਕ ਰਹੀ ਹੈ, ਜੋ ਸਰਹੱਦਾਂ ਨੂੰ ਨਹੀਂ, ਸਗੋਂ ਦਿਲਾਂ ਨੂੰ ਸਾੜਦੀ ਹੈ। ਇਹ ਤਣਾਅ ਹੁਣ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ, ਜਿੱਥੇ ਹਰ ਸ਼ਬਦ, ਹਰ ਧਮਕੀ ਤੇ ਹਰ ਹਰਕਤ ਜਿਵੇਂ ਜੰਗ ਦੀਆਂ ਤਾਰਾਂ ਨੂੰ ਹੋਰ ਤਣਦੀ ਜਾ ਰਹੀ ਹੈ। ਦੋਹਾਂ ਮੁਲਕਾਂ ਦੇ ਫੌਜੀ ਮੁਖੀਆਂ ਦੇ ਤਾਜ਼ਾ ਬਿਆਨਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਜੇ ਅੱਗੇ ਕੋਈ ਟਕਰਾਅ ਹੋਇਆ, ਤਾਂ ਉਹ ਪਹਿਲਾਂ ਵਾਂਗ ਸੀਮਤ ਨਹੀਂ ਰਹੇਗਾ- ਸਗੋਂ ਇੱਕ ਅਜਿਹੀ ਤਬਾਹੀ ਦੀ ਸ਼ੁਰੂਆਤ ਹੋ ਸਕਦੀ ਹੈ, ਜਿਸ ਦੀ ਗੂੰਜ ਸਦੀਆਂ ਤੱਕ ਸੁਣਾਈ ਦੇਵੇਗੀ।

3 ਅਕਤੂਬਰ 2025 ਨੂੰ ਭਾਰਤ ਦੇ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਇੱਕ ਅਜਿਹੀ ਚੇਤਾਵਨੀ ਦਿੱਤੀ, ਜੋ ਜਿਵੇਂ ਸਰਹੱਦ ਪਾਰ ਗੂੰਜ ਉੱਠੀ। 'ਆਪ੍ਰੇਸ਼ਨ ਸਿੰਦੂਰ 1.0 ਵਰਗਾ ਸਬਰ ਹੁਣ ਨਹੀਂ ਕਰਾਂਗੇ', ਉਨ੍ਹਾਂ ਦੇ ਸ਼ਬਦ ਸੀ। ਇਹ ਸਿਰਫ਼ ਬਿਆਨ ਨਹੀਂ ਸੀ, ਸਗੋਂ ਇੱਕ ਖੁੱਲ੍ਹੀ ਘੋਸ਼ਣਾ ਸੀ ਕਿ ਜੇ ਪਾਕਿਸਤਾਨ ਨੇ ਕੋਈ ਚੁਣੌਤੀ ਪੇਸ਼ ਕੀਤੀ, ਤਾਂ ਭਾਰਤੀ ਫੌਜ ਨਾ ਸਿਰਫ਼ ਸਰਹੱਦ 'ਤੇ, ਸਗੋਂ ਅੰਦਰੂਨੀ ਗਹਿਰਾਈਆਂ ਤੱਕ ਜਾ ਕੇ ਜਵਾਬ ਦੇਵੇਗੀ। ਸਰਹੱਦੀ ਕਮਾਂਡਰਾਂ ਨੂੰ ਪੂਰੀ ਆਜ਼ਾਦੀ ਦੇ ਦਿੱਤੀ ਗਈ ਹੈ- ਕੋਈ ਵੀ ਗੋਲਾਬਾਰੀ ਜਾਂ ਹਮਲੇ ਦਾ ਜਵਾਬ ਤੁਰੰਤ ਤੇ ਪੂਰੀ ਤਾਕਤ ਨਾਲ ਦੇਣ ਦਾ ਹੁਕਮ। ਇਹ ਜਿਵੇਂ ਕਿਸੇ ਸ਼ੇਰ ਨੂੰ ਜੰਜ਼ੀਰਾਂ ਤੋਂ ਖੁੱਲ੍ਹਾ ਛੱਡ ਦੇਣ ਵਾਲੀ ਗੱਲ ਹੋਵੇ।

ਅਗਲੇ ਦਿਨ, ਭਾਰਤੀ ਵਾਯੂਸੈਨਾ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਨੇ ਇੱਕ ਹੋਰ ਤੇਜ਼ ਤੀਰ ਛੱਡਿਆ। ਉਨ੍ਹਾਂ ਦਾਅਵਾ ਕੀਤਾ ਕਿ ਮਈ 2025 ਦੇ ਟਕਰਾਅ ਵਿਚ ਭਾਰਤੀ ਜਹਾਜ਼ਾਂ ਨੇ ਪਾਕਿਸਤਾਨ ਦੇ ਪੰਜ ਲੜਾਕੂ ਜਹਾਜ਼-ਐਫ-16 ਅਤੇ ਜੇਐਫ-17 ਨੂੰ ਨਸ਼ਟ ਕਰ ਦਿੱਤਾ ਸੀ। 'ਸਭ ਤੋਂ ਲੰਬਾ ਨਿਸ਼ਾਨਾ,' ਉਨ੍ਹਾਂ ਨੇ ਇਸ ਨੂੰ ਕਿਹਾ, ਜੋ ਪਾਕਿਸਤਾਨ ਦੇ ਅੰਦਰੂਨੀ ਇਲਾਕਿਆਂ ਤੱਕ ਮਾਰਿਆ ਗਿਆ। ਇਹ ਸ਼ਬਦ ਸਿਰਫ਼ ਜਿੱਤ ਦੀ ਗੱਲ ਨਹੀਂ ਸਨ, ਸਗੋਂ ਇੱਕ ਸੰਦੇਸ਼ ਸਨ- ਕਿ ਭਾਰਤ ਹੁਣ ਰੱਖਿਆ ਦੀ ਬਜਾਏ ਹਮਲੇ ਦੀ ਰਣਨੀਤੀ ਨੂੰ ਅਪਣਾਉਣ ਲਈ ਤਿਆਰ ਹੈ, ਜਿਵੇਂ ਕੋਈ ਤੀਰਅੰਦਾਜ਼ ਨਾ ਸਿਰਫ਼ ਸੁਰੱਖਿਆ, ਸਗੋਂ ਸ਼ਿਕਾਰ ਦੀ ਤਿਆਰੀ ਕਰ ਰਿਹਾ ਹੋਵੇ।

ਇਸ ਦੇ ਜਵਾਬ ਵਿਚ, ਪਾਕਿਸਤਾਨ ਦੀ ਫੌਜ ਦੇ ਮੀਡੀਆ ਵਿਭਾਗ ਆਈ.ਐਸ.ਪੀ.ਆਰ. ਨੇ ਵੀ ਚੁੱਪ ਨਾ ਵਖਾਈ। ਉਨ੍ਹਾਂ ਦੇ ਬਿਆਨ ਨੇ ਸਾਫ਼ ਕਰ ਦਿੱਤਾ ਕਿ ਜੇ ਭਾਰਤ ਨਾਲ ਕੋਈ ਨਵਾਂ ਟਕਰਾਅ ਹੋਇਆ, ਤਾਂ ਉਹ 'ਤਬਾਹੀ ਦੇ ਨਤੀਜੇ' ਲਿਆਏਗਾ। 'ਅਸੀਂ ਪੂਰੀ ਤਾਕਤ ਨਾਲ ਜਵਾਬ ਦੇਵਾਂਗੇ, ਤੇ ਇਹ ਭਰਮ ਤੋੜ ਦੇਵਾਂਗੇ ਕਿ ਭਾਰਤ ਦੇ ਕੁਝ ਇਲਾਕੇ ਜੰਗ ਦੀ ਅੱਗ ਤੋਂ ਬਚ ਜਾਣਗੇ।' ਇਹ ਸ਼ਬਦ ਜਿਵੇਂ ਕਿਸੇ ਤੂਫ਼ਾਨ ਦੀ ਚੀਸ ਸਨ, ਜੋ ਸਭ ਕੁਝ ਉਡਾ ਕੇ ਲੈ ਜਾਣ ਦੀ ਧਮਕੀ ਦੇ ਰਹੇ ਹਨ।

ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜ਼ਾ ਆਸਿਫ ਨੇ ਵੀ ਆਪਣੇ ਸ਼ਬਦਾਂ ਨਾਲ ਅੱਗ ਵਿੱਚ ਘਿਓ ਪਾਇਆ। 'ਭਾਰਤੀ ਫੌਜੀ ਮੁਖੀਆਂ ਦੇ ਬਿਆਨ ਸਿਰਫ਼ ਆਪਣੀ ਗੁਆਚੀ ਇੱਜ਼ਤ ਵਾਪਸ ਪਾਉਣ ਦੀਆਂ ਖੋਖਲੀਆਂ ਕੋਸ਼ਿਸ਼ਾਂ ਹਨ,' ਉਨ੍ਹਾਂ ਨੇ ਤਨਜ ਕੱਸਿਆ। 'ਜੇ ਭਾਰਤ ਨੇ ਹਮਲਾਵਰ ਰੁਖ ਜਾਰੀ ਰੱਖਿਆ, ਤਾਂ ਉਸ ਦੇ ਜਹਾਜ਼ਾਂ ਦੀ ਖੰਡਰਾਂ ਵਿਚ ਕਬਰ ਬਣ ਜਾਵੇਗੀ।' ਇਹ ਸ਼ਬਦ ਜਿਵੇਂ ਪੁਰਾਣੀ ਦੁਸ਼ਮਣੀ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲੇ ਸਨ। ਇਹ ਸਭ ਸਿਰਫ਼ ਸ਼ਬਦੀ ਜੰਗ ਨਹੀਂ ਹੈ। ਇਹ ਉਹ ਖਤਰਨਾਕ ਮੋੜ ਹੈ, ਜਿੱਥੇ ਦੋਵੇਂ ਮੁਲਕ ਆਪਣੀਆਂ 'ਲਾਲ ਰੇਖਾਵਾਂ' ਨੂੰ ਹੋਰ ਅੱਗੇ ਧੱਕ ਰਹੇ ਹਨ। ਭਾਰਤ ਦਾ ਸਬਰ ਛੱਡਣਾ ਤੇ ਸਰਹੱਦੀ ਕਮਾਂਡਰਾਂ ਨੂੰ ਪੂਰੀ ਆਜ਼ਾਦੀ ਦੇਣਾ ਇੱਕ ਹਮਲਾਵਰ ਰਣਨੀਤੀ ਦੀ ਨੀਂਹ ਹੈ, ਜਦਕਿ ਪਾਕਿਸਤਾਨ ਦਾ 'ਬਿਨਾਂ ਸਬਰ ਦੇ ਪੂਰਾ ਜਵਾਬ' ਦੇਣ ਦਾ ਵਾਅਦਾ ਇਹ ਦਰਸਾਉਂਦਾ ਹੈ ਕਿ ਉਹ ਵੀ ਕਿਸੇ ਹਮਲੇ ਨੂੰ ਚੁੱਪ-ਚਾਪ ਸਹਿਣ ਨੂੰ ਤਿਆਰ ਨਹੀਂ। ਇਹ ਜਿਵੇਂ ਦੋ ਜੰਗੀ ਸ਼ੇਰ ਇੱਕ ਦੂਜੇ ਦੇ ਸਾਹਮਣੇ ਗੱਜ ਰਹੇ ਹੋਣ, ਤੇ ਹਰ ਗਰਜ ਵਿਚ ਤਬਾਹੀ ਦਾ ਵਾਅਦਾ ਸਮਾਇਆ ਹੋਵੇ।




ਮਾਹਰ ਦਾ ਕਹਿਣਾ ਹੈ ਕਿ ਇਹ ਸੰਕੇਤ ਬਹੁਤ ਖਤਰਨਾਕ ਹਨ। ਇੱਕ ਛੋਟੀ ਜਿਹੀ ਗੋਲਾਬਾਰੀ, ਇੱਕ ਡਰੋਨ ਹਮਲਾ, ਜਾਂ ਸਰਹੱਦ 'ਤੇ ਕੋਈ ਨਿੱਕੀ ਜਿਹੀ ਹਰਕਤ ਵੀ ਵੱਡੇ ਯੁੱਧ ਦੀ ਚਿੰਗਾਰੀ ਬਣ ਸਕਦੀ ਹੈ। ਮਈ 2025 ਦਾ ਸੰਘਰਸ਼ ਪਹਿਲਾਂ ਹੀ ਦਿਖਾ ਚੁੱਕਾ ਹੈ ਕਿ ਦੋਵੇਂ ਮੁਲਕ ਸੀਮਾਵਾਂ ਨੂੰ ਪਾਰ ਕਰਨ ਤੋਂ ਨਹੀਂ ਝਿਜਕਦੇ। ਹੁਣ ਦੇ ਬਿਆਨਾਂ ਤੋਂ ਲੱਗਦਾ ਹੈ ਕਿ ਅਗਲਾ ਟਕਰਾਅ ਸਿਰਫ਼ ਸਰਹੱਦਾਂ 'ਤੇ ਨਹੀਂ, ਸਗੋਂ ਹਵਾਈ ਹਮਲਿਆਂ, ਲੰਬੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਸਾਈਬਰ ਜੰਗ ਦੇ ਮੈਦਾਨ ਵਿਚ ਵੀ ਲੜਿਆ ਜਾਵੇਗਾ। ਇਹ ਅਜਿਹੀ ਜੰਗ ਹੋਵੇਗੀ, ਜਿਸ ਦੇ ਨੁਕਸਾਨ ਨੂੰ ਨਾਪਣਾ ਵੀ ਮੁਸ਼ਕਲ ਹੋ ਜਾਵੇਗਾ, ਜਿਵੇਂ ਕੋਈ ਸੁਪਨਾ ਜੋ ਸੁਆਹ ਵਿਚ ਬਦਲ ਜਾਵੇ।

ਹੁਣ ਸਭ ਦੀਆਂ ਨਜ਼ਰਾਂ ਡਿਪਲੋਮੇਸੀ 'ਤੇ ਟਿਕੀਆਂ ਹਨ। ਜੇ ਗੱਲਬਾਤ ਦਾ ਰਾਹ ਨਾ ਅਪਣਾਇਆ ਗਿਆ, ਜੇ ਭਰੋਸੇ ਦੀ ਮੁੜ ਉਸਾਰੀ ਨਾ ਹੋਈ, ਤਾਂ ਸਰਹੱਦ ਦਾ ਹਰ ਧਮਾਕਾ, ਹਰ ਡਰੋਨ, ਹਰ ਸੈਨਿਕ ਹਲਚਲ ਇੱਕ ਵੱਡੇ ਜੰਗੀ ਬੋਰਡ ਦਾ ਹਿੱਸਾ ਬਣ ਜਾਵੇਗੀ। ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਇਹ ਕੋਈ ਸਿਆਸੀ ਜਾਂ ਫੌਜੀ ਖੇਡ ਨਹੀਂ- ਇਹ ਉਨ੍ਹਾਂ ਦੇ ਜੀਵਨ ਦਾ ਸਵਾਲ ਹੈ। ਘਰਾਂ ਦੀ ਤਬਾਹੀ, ਬੱਚਿਆਂ ਦੀ ਪੜ੍ਹਾਈ ਦਾ ਰੁਕ ਜਾਣਾ, ਤੇ ਬੇਘਰ ਹੋਣ ਵਾਲੇ ਪਰਿਵਾਰਾਂ ਦੀਆਂ ਅੱਥਰੂ-ਭਰੀਆਂ ਕਹਾਣੀਆਂ- ਇਹ ਹੀ ਇਸ ਸੰਘਰਸ਼ ਦੀ ਅਸਲੀ ਕੀਮਤ ਹੈ। ਇਹ ਕੀਮਤ ਹਥਿਆਰਾਂ ਨਾਲ ਨਹੀਂ, ਸਗੋਂ ਦਿਲਾਂ ਦੀ ਚੀਸ ਨਾਲ ਨਾਪੀ ਜਾਂਦੀ ਹੈ।

ਅਖੀਰ ਵਿਚ, ਇਹ ਸਮਝਣਾ ਜ਼ਰੂਰੀ ਹੈ ਕਿ ਬੇਅੰਤ ਧਮਕੀਆਂ ਤੇ ਹਥਿਆਰਾਂ ਦੀ ਦੌੜ ਨਾਲ ਸਿਰਫ਼ ਤਬਾਹੀ ਹੀ ਹੱਥ ਲੱਗੇਗੀ। ਸ਼ਾਂਤੀ ਦਾ ਰਾਹ ਮੁਸ਼ਕਲ ਹੈ, ਪਰ ਇਹੀ ਇਕੱਲਾ ਵਿਕਲਪ ਹੈ ਜੋ ਜੀਵਨ ਨੂੰ ਬਚਾ ਸਕਦਾ ਹੈ। ਜੇ ਦੋਵੇਂ ਮੁਲਕਾਂ ਨੇ ਜ਼ਿੰਮੇਵਾਰੀ ਨਾਲ ਗੱਲਬਾਤ ਨਾ ਕੀਤੀ, ਜੇ ਭਰੋਸੇ ਦੀ ਨੀਂਹ ਮੁੜ ਨਾ ਬਣਾਈ, ਤਾਂ ਦੱਖਣੀ ਏਸ਼ੀਆ ਇੱਕ ਅਜਿਹੇ ਖਤਰਨਾਕ ਮੋੜ 'ਤੇ ਖੜ੍ਹਾ ਰਹੇਗਾ, ਜਿੱਥੇ ਨਾ ਸਿਰਫ਼ ਦੇਸ਼ਾਂ ਦੀਆਂ ਸਰਹੱਦਾਂ, ਸਗੋਂ ਸੁਪਨਿਆਂ ਦੀਆਂ ਸੀਮਾਵਾਂ ਵੀ ਟੁੱਟ ਜਾਣਗੀਆਂ।

## ਕਾਵਿ -ਕਿਆਰੀ

### ਬੇਦਰਦ ਲੋਕ

ਰਹੇ ਬੀਜਦੇ ਕੰਡੇ ਜੋ ਮੁੱਦਤਾਂ ਤੋਂ ਦੂਜੇ ਲਈ,
ਮੌਤ ਚਿੜੀਆਂ ਦੀ 'ਤੇ ਮਖੌਲਾਂ ਕਰਦੇ ਲੋਕ।

ਜਬਰ-ਜਨਾਹ ਬੱਚੀਆਂ ਦੇ ਤੱਕ ਚੁੱਪ ਬੈਠੇ,
ਖ਼ੌਫ਼ ਨ ਖਾਂਦੇ ਰੱਬ ਦਾ ਨ ਹਾਅ ਭਰਦੇ ਲੋਕ।

ਨਸ਼ਿਆਂ ਦੀ ਭਰਮਾਰ 'ਤੇ ਚੁੱਪ ਹੈ ਸਰਕਾਰ,
ਘਰ ਘਰ ਪੈਂਦੇ ਵੈਣ ਨਹੀਂ ਬੱਸ ਕਰਦੇ ਲੋਕ।

ਖਾਣੇ 'ਚ ਕਰਨ ਮਿਲਾਵਟ ਜੋ ਪੈਸੇ ਖ਼ਾਤਿਰ,
ਸਿਹਤ ਦੇ ਹਨ ਵੈਰੀ, ਹਰਜਾਨਾ ਭਰਦੇ ਲੋਕ।

ਧੀ ਕੁੱਖ ਵਿਚ ਖਪਾ ਕੇ ਮੁੰਡੇ ਮੰਗਦੇ ਜੋ ਲੋਕ,
ਇਹੋ ਜਿਹੇ ਹੀ ਹੁੰਦੇ ਆਖਣ ਨੂੰ ਘਰ ਦੇ ਲੋਕ।

ਕਤਲ ਬੇਦੋਸ਼ਾਂ ਦਾ ਕਰ ਜੋ ਖੁਸ਼ੀ ਮਨਾਉਂਦੇ,
ਹੇਠੀ ਧਰਮ ਦੀ ਹੁੰਦੀ ਦੇਖ ਨਾ ਡਰਦੇ ਲੋਕ।

ਖੋਹ ਕੇ ਹੱਕ ਗਰੀਬ ਦਾ ਸੇਠ ਬਣੇ ਨੇ ਅੱਜ,
ਲੱਖ ਮਹਾਰਾਜੇ ਹੁੰਦੇ ਤੇ ਜ਼ਮੀਰੋਂ ਮਰਦੇ ਲੋਕ।

ਅਕ੍ਰਿਤਘਣ ਹੋਏ ਡੋਗਰੇ ਇਤਿਹਾਸ ਬੋਲਦੈ,
'ਰਣਜੀਤ' ਦੇ ਵਾਰਿਸਾਂ ਲਈ ਬੇਦਰਦੇ ਲੋਕ।

ਤੁਰ ਜਾਂਦੇ ਲੁੱਟ ਕੇ ਰਾਤ ਨੂੰ ਹੁਸਨ ਸੱਸੀ ਦਾ,
ਸਵੇਰੇ ਨਾ ਲੱਭਦੇ ਪੁੰਨੂੰ ਜਿਹੇ ਬੇਪਰਦੇ ਲੋਕ।

ਫਸ ਮੰਝਧਾਰ ਝਨਾਂ 'ਚ ਡੁੱਬ ਗਈ ਸੋਹਣੀ,
ਕੱਚੇ ਘੜੇ 'ਤੇ ਕਿੰਨੇ ਮਹੀਂਵਾਲ ਤਰਦੇ ਲੋਕ।

ਅੰਨ੍ਹਾ ਹੋ ਇਸ਼ਕ 'ਚ ਸਾਹਿਬਾਂ ਲੈ ਉੱਡਿਆ,
ਘੁਮੰਡ 'ਚ ਮਿਰਜ਼ੇ ਵਾਂਗ ਕਦੋਂ ਮਰਦੇ ਲੋਕ।

ਮਗਰ ਇਸ਼ਕ ਜਿਨ੍ਹਾਂ ਦੇ ਹੈ ਹੱਡੀਂ ਰਚਿਆ,
ਤੇ ਪਾਕਿ-ਮੁਹੱਬਤ ਕਿੰਨੇ ਕੁ ਨੇ ਕਰਦੇ ਲੋਕ।

ਕਦਰ ਸ਼ਹੀਦਾਂ ਦੀ ਭੁੱਲਦੇ ਜਾ ਰਹੇ ਬਹੁਤੇ,
ਪੈ ਖ਼ੁਦਗਰਜ਼ੀ ਦੇ ਵੱਸ ਪੁੱਜਦੇ-ਸਰਦੇ ਲੋਕ।

ਚਾਂਦਨੀ ਚੌਕ ਅੱਜ ਭੀ ਭਰਦਾ ਹੈ ਗਵਾਹੀ,
ਕੁਰਬਾਨੀ ਦੂਸਰੇ ਲਈ ਕਿੰਨੇ ਕਰਦੇ ਲੋਕ।

ਤੱਕੀਏ ਜਦੋਂ ਨਸਲਘਾਤ ਗਾਜ਼ਾ ਪੱਟੀ ਦੀ,
ਸ਼ਰਮਸਾਰ ਮਨੁੱਖਤਾ ਹੈ ਕਿੰਨੇ ਮਰਦੇ ਲੋਕ।

ਬੇਸ਼ੁਮਾਰ ਹਥਿਆਰਾਂ ਦੇ ਘਾੜੇ -ਸ਼ਾਹੂਕਾਰ,
ਜੰਗਬਾਜ਼ ਨੇਤਾ, ਕਤਾਰ ਲੰਬੀ ਕਰਦੇ ਲੋਕ।

***-ਸੇਵਾ ਸਿੰਘ 'ਨੂਰਪੁਰੀ'***

---

### ਰਹਿਮਤ

ਮੈਂ ਕਿਸੇ ਦੀ ਰਹਿਮਤ ਦਾ ਮੁਹਤਾਜ ਨਹੀਂ।
ਵਿਕਦਾ ਵਿਚ ਬਜ਼ਾਰਾਂ ਦੇ ਕੋਈ ਸਾਜ਼ ਨਹੀਂ।
ਦਿਨ ਮੈਂ ਕੱਟਦਾ ਰਹਿ ਕੇ ਵਿਚ ਹਲੀਮੀ ਦੇ,
ਮੇਰੇ ਸਿਰ 'ਤੇ ਹਊਮੈ ਦਾ ਕੋਈ ਤਾਜ ਨਹੀਂ।

ਜਿਹੜੇ ਦਰਜਾ ਦਿੰਦੇ ਮੈਨੂੰ ਰੱਬ ਦਾ ਸੀ,
ਅੱਜ-ਕੱਲ੍ਹ ਆਖਣ ਤੇਰੇ ਨਾਲ ਲਿਹਾਜ਼ ਨਹੀਂ।
ਲੋਕਾਂ ਲਈ ਲੱਖ ਐਬ ਹੋਣਗੇ ਮੇਰੇ ਵਿਚ,
ਮੈਨੂੰ ਲੱਗਦਾ ਮੇਰੇ ਵਿਚ ਕੋਈ ਕਾਜ ਨਹੀਂ।

ਖ਼ੂਨ ਰਗਾਂ ਵਿਚ ਜਦ ਤੱਕ ਮੇਰੇ ਦੌੜੇਗਾ,
ਸੱਚ ਲਿਖਣ ਤੋਂ ਆਉਣਾ ਮੈਂ ਵੀ ਬਾਜ਼ ਨਹੀਂ।
ਲੋਕਾਂ ਭਾਣੇ ਬੜੀ ਤਰੱਕੀ ਕਰ ਲਈ ਮੈਂ,
ਮੈਂ ਸੋਚਾਂ ਕਿ ਹਾਲੇ ਹੋਇਆ ਆਗਾਜ਼ ਨਹੀਂ।

ਸਾਧੂ ਉਦ ਤੱਕ ਹੀ ਸਾਧੂ ਅਖਵਾਉਂਦਾ ਏ,
ਜਦ ਤੱਕ ਖੁੱਲ੍ਹਦਾ ਕੁ-ਕਰਮਾਂ ਦਾ ਪਾਜ ਨਹੀਂ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***
***ਯੂਬਾ ਸਿਟੀ, ਕੈਲੀਫੋਰਨੀਆ***
***ਫੋਨ:+13604481989***

---

### ਯਾਦਾਂ ਦੇ ਬਾਸ਼ਕ

ਇਹ ਕੇਹੀ ਹਵਾ ਹੈ! ਇਹ ਕੇਹੀ ਫਿਜ਼ਾ ਹੈ!
ਯਾਦ ਤੇਰੀ ਆਵੇ,ਆ ਜਾਂਦਾ ਨਸ਼ਾ ਹੈ।

ਸੂਹਾ ਉਹ ਸੂਰਜ, ਪਹਾੜਾਂ ਦੇ ਓਹਲੇ।
ਦਰੱਖਤਾਂ 'ਤੇ ਬੈਠੀ ਕੋਇਲ ਕੋਈ ਬੋਲੇ।
ਬਿਰਹਨ ਹੈ ਦੇਂਦੀ, ਜਿਉਂ ਕੋਈ ਸਦਾ ਹੈ।

ਹੱਥਾਂ 'ਚ ਹੱਥ ਲੈ, ਉਹ ਤੇਰੇ ਨਾਲ ਚੱਲਣਾ।
ਮਿਲ ਕੇ ਵਿਛੜਣਾ, ਦਿਹੁੰ ਦਾ ਉਹ ਢਲਣਾ।
ਰੁਕਿਆ ਉਦੋਂ ਵੀ ਨਾ, ਸਮਾਂ ਹੁਣ ਖੜ੍ਹਾ ਹੈ।
ਹੁਣ ਵੀ ਉਹ ਮੇਰੇ, ਨੈਣਾਂ 'ਚ ਵੱਸਦੇ ਨੇ।

ਯਾਦਾਂ ਦੇ ਬਾਸ਼ਕ, ਦਿਨੇ ਰਾਤ ਡੱਸਦੇ ਨੇ।
ਵਿੱਛੜ ਗਿਆਂ ਦਾ, ਦੁੱਖ ਤਾਂ ਬੜਾ ਹੈ।

ਉਹ ਪਲ ਮੈਨੂੰ, ਜਦੋਂ ਯਾਦ ਆਉਂਦੇ ਨੇ।
ਰੁੱਗ ਮੇਰੇ ਅੰਦਰੋਂ, ਇਕ ਭਰ ਲੈ ਜਾਂਦੇ ਨੇ।
ਹੱਥ, ਕੱਲ੍ਹ ਲੰਘਿਆ, ਕਦ ਆਇਆ ਭਲਾ ਹੈ।

ਇਹ ਕੇਹੀ ਹਵਾ ਹੈ! ਇਹ ਕੇਹੀ ਫਿਜ਼ਾ ਹੈ!
ਯਾਦ ਤੇਰੀ ਆਵੇ, ਆ ਜਾਂਦਾ ਨਸ਼ਾ ਹੈ।

***-ਗੁਰਬਖ਼ਸ਼ ਸਿੰਘ 'ਨਾਕਾਮ'***

---

### ਕਾਸ਼ ! ਅੱਜ ਮਾਂ ਹੁੰਦੀ

ਬਹੁਤ ਫ਼ਿਕਰ ਕਰਦੀ ਸੀ ਮਾਂ
ਅਕਸਰ ਹੀ ਜਦੋਂ
ਛੋਟੇ-ਛੋਟੇ ਕੰਮ ਕਰਦਿਆਂ
ਜਾਂ ਯਾਰਾਂ ਬੇਲੀਆਂ ਸੰਗ
ਐਵੇਂ ਹੀ ਗੱਲਾਂ ਕਰਦਿਆਂ
ਸ਼ਹਿਰੋਂ ਲੇਟ ਹੋ ਜਾਈਦਾ ਸੀ
ਘਰ ਦੀਆਂ ਬਰੂਹਾਂ ਤੋਂ
ਹੌਲੀ ਹੌਲੀ ਤੁਰਦੀ ਮਮਤਾ
ਰਾਹ ਤੱਕਦੀ ਤੱਕਦੀ
ਪਿੰਡ ਦੀ ਫਿਰਨੀ
ਫਿਰਨੀ ਤੋਂ ਪਿੰਡ ਦੀ ਜੂਹ
ਤੇ ਫਿਰ ਮੇਨ ਰੋਡ ਤੱਕ ਪਹੁੰਚ ਜਾਂਦੀ ਸੀ ਮਾਂ।

ਸੋਚਾਂ ਦੀਆਂ ਘੁੰਮਣ ਘੇਰੀਆਂ 'ਚ
ਗੁਆਚੀ ਮਮਤਾ
ਧੁੰਦਲੀ ਐਨਕ ਦੇ ਸ਼ੀਸ਼ੇ
ਚੁੰਨੀ ਦੇ ਪੱਲੇ ਨਾਲ
ਬਾਰ ਬਾਰ ਸਾਫ ਕਰਦੀ
ਤੇ ਫਿਰ ਕਿਸੇ ਬੱਤੀ ਨੂੰ
ਪਿੰਡ ਵੱਲ ਮੁੜਦਾ ਤੱਕਦੀ
ਤਾਂ ਸਮਝ ਲੈਂਦੀ
ਕਿ ਉਸ ਦਾ ਪੁੱਤ
ਵਾਪਸ ਪਰਤ ਆਇਆ ਹੈ
ਤੇ ਉਹ ਉਨ੍ਹੀਂ ਪੈਰੀਂ
ਵਾਪਸ ਮੁੜ ਪੈਂਦੀ
ਪਰ ਜਦੋਂ ਉਹ
ਕੋਈ ਹੋਰ ਨਿਕਲਦਾ
ਤਾਂ ਉਸ ਦਾ ਦਿਲ
ਫਿਰ ਚਿੰਤਾ ਵਿੱਚ ਡੁੱਬ ਜਾਂਦਾ
ਬੇਬਸੀ 'ਚ ਹਉਕੇ ਭਰਦੀ
ਆਪੇ ਨਾਲ ਗੱਲਾਂ ਕਰਦੀ।

ਖਵਰੇ ਕਿਉਂ ਦੇਰ ਕੀਤੀ ਏ
ਕਹਿੰਦਾ ਤਾਂ ਸੀ ਕਿ
ਜਲਦੀ ਵਾਪਸ ਆਵਾਂਗਾ
ਫਿਰ ਜਦੋਂ ਮੈਂ
ਪਿੰਡ ਦਾ ਮੋੜ ਮੁੜਦਾ
ਤਾਂ ਮਾਂ ਨੂੰ ਰਾਹ 'ਚ ਖੜੀ
ਉਡੀਕਦੀ ਦੇਖ
ਐਵੇਂ ਹੀ ਉੱਚੀ ਬੋਲ ਉੱਠਦਾ
ਕਿਉਂ ਕਰਦੀ ਏਂ ਮਾਂ ਤੂੰ
ਇਸ ਤਰ੍ਹਾਂ ਚਿੰਤਾ
ਮੇਰੇ ਕੋਲ ਕਿਹੜੇ ਗਹਿਣੇ ਸਨ
ਜੋ ਕਿਸੇ ਨੇ ਖੋ ਲੈਣੇ ਸੀ।

ਤਾਂ ਮਾਂ ਕਹਿੰਦੀ
ਨਾ ਮੇਰਾ ਪੁੱਤ ਇੰਜ ਨਹੀਂ ਕਹੀਦਾ
ਤੂੰ ਤਾਂ ਮੇਰਾ ਕੋਹਿਨੂਰ ਏ
ਤੂੰ ਏ ਤਾਂ ਜਹਾਨ ਏ
ਨਹੀਂ ਤਾਂ ਭਲਾ ਮੇਰਾ ਕੌਣ ਏ
ਤੇ ਫਿਰ ਘਰ ਪਹੁੰਚਦਿਆਂ ਹੀ
ਮਾਂ ਗੂੜ੍ਹੀ ਨੀਂਦੇ ਸੌਂ ਜਾਂਦੀ
ਜਿਵੇਂ ਕੋਈ ਘੋੜੇ ਵੇਚ ਕੇ
ਸੌਂ ਜਾਂਦਾ ਹੈ।

ਹੁਣ ਜਦੋਂ ਮਾਂ ਨਹੀਂ ਹੈ
ਤਾਂ ਅਕਸਰ ਹੀ
ਪਿੰਡ ਦਾ ਮੋੜ ਮੁੜਦਿਆਂ
ਭੁਚੱਕਾ ਜਿਹਾ ਲੱਗਦਾ ਹੈ
ਤੇ ਦੂਰੋਂ ਕਾਹੀ ਦਾ ਬੂਟਾ ਵੀ ਇਉਂ ਲੱਗਦਾ
ਜਿਵੇਂ ਮਾਂ ਖੜੀ ਉਡੀਕ ਰਹੀ ਹੋਵੇ।

ਹੁਣ ਤਾਂ ਮੈਂ ਵੀ
ਵੇਲੇ ਸਿਰ ਹੀ ਘਰ ਪਰਤ ਆਉਂਦਾ ਹਾਂ
ਤੇ ਸੋਚਦਾ ਹਾਂ
ਕਾਸ਼! ਅੱਜ ਮਾਂ ਹੁੰਦੀ
ਤਾਂ ਉਸ ਦੀ ਗੋਦ ਵਿਚ
ਸਿਰ ਰੱਖ ਕੇ ਆਖਦਾ
ਕਿ ਮਾਂ
ਹੁਣ ਮੈਂ ਕਦੇ ਵੀ ਲੇਟ ਨਹੀਂ ਆਵਾਂਗਾ
ਕਾਸ਼! ਅੱਜ ਮਾਂ ਹੁੰਦੀ...।

***-ਗੁਰਭਜਨ ਸਿੰਘ 'ਲਾਸਾਨੀ'***
***ਫੋਨ: 98724-39278***

## ਫ਼ਿਲਮ ਲੋਕ

# ਜ਼ਿੰਦਗੀ ਦੀ ਬਾਜ਼ੀ ਹਾਰ ਗਿਆ – ਰਾਜਵੀਰ ਜਵੰਦਾ

ਪਹਿਲਾਂ ਦੀਪ ਸਿੱਧੂ, ਫਿਰ ਸਿੱਧੂ ਮੂਸੇਵਾਲਾ ਤੇ ਹੁਣ ਰਾਜਵੀਰ ਜਵੰਦਾ ਵਰਗੇ ਸੋਹਣੇ ਸੁਨੱਖੇ ਮੁੰਡੇ ਜਿਸ ਤਰੀਕੇ ਨਾਲ ਆਵਦੇ ਪਰਿਵਾਰ ਤੇ ਹੋਰ ਲੱਖਾਂ ਚਾਹੁਣ ਵਾਲਿਆਂ ਨੂੰ ਛੱਡ ਕੇ ਗਏ ਆ, ਇਹੀ ਲੱਗਦਾ ਕਿ ਸ਼ਾਇਦ ਰੱਬ ਨੂੰ ਧਰਤੀ ਨਾਲੋਂ ਇਨ੍ਹਾਂ ਦੀ ਆਵਦੇ ਕੋਲ ਜ਼ਿਆਦਾ ਲੋੜ ਸੀ।

**ਸੰਧੂ ਹਨਦੀਪ ਸਿੰਘ**

ਦਰਸ਼ਨੀ ਚੋਬਰ ਜਿਨ੍ਹਾਂ ਨੂੰ ਦੇਖਦਾ ਬੰਦਾ ਇੱਕ ਟੱਕ ਹੀ ਖੜ੍ਹਾ ਦੇਖਦਾ ਰਹਿ'ਜੇ, ਆਵਦੇ ਦਰਬਾਰ ਦੀ ਸ਼ਾਨ ਵਧਾਉਣ ਲਈ ਸ਼ਾਇਦ ਆਵਦੇ ਸੱਜੇ ਖੱਬੇ ਰੱਖੇ ਹੋਣੇ ਆ। ਦੇਖੋ ਬਾਈ ਪਹਿਲੇ ਦਿਨ ਮੈਂ ਵੀ ਰਾਜਵੀਰ ਦੇ ਹੋਏ ਨੁਕਸਾਨ ਲਈ ਮੋਟਰਸਾਈਕਲ ਦੀ ਸਵਾਰੀ ਨੂੰ ਜ਼ਿੰਮੇਵਾਰ ਠਹਿਰਾ ਦਿੱਤਾ ਸੀ। ਹੁਣ ਫਿਰ ਆਪਾ-ਵਿਰੋਧੀ ਗੱਲ ਕਰਨ ਜਾ ਰਿਹਾਂ ਕਿ ਉਹਦੀ ਵਿਚਾਰੇ ਦੀ ਘਟ'ਗੀ। ਰੱਬ ਕੋਲੋਂ ਉਹ ਲੇਖਾਂ 'ਚ ਲਿਖਵਾ ਕੇ ਹੀ ਐਨੀ ਆਇਆ ਸੀ। ਸੋ ਜਦ ਇਸ ਧਰਤੀ 'ਤੇ ਮਿਲੇ ਹੋਏ ਸਾਹ ਪੂਰੇ ਹੋਗੇ ਤਾਂ ਜਿਸ ਪਰਮਾਤਮਾ ਨੇ ਰਾਜਵੀਰ ਦਿੱਤਾ ਸੀ, ਉਹੀ ਵਾਪਸ ਆਵਦੇ ਕੋਲ ਲੈ ਗਿਆ। ਇਸ ਕਰਕੇ ਜਿਹੜੀ ਹੁਣ ਚਰਚਾ ਚੱਲਦੀ ਆ ਕਿ ਇੱਥੇ ਨਹੀਂ ਉੱਥੇ ਜਾਣਾ ਸੀ, ਉੱਥੇ ਨਹੀਂ ਇੱਥੇ ਜਾਣਾ ਸੀ। ਹੋਮਿਓਪੈਥੀ ਰਾਹੀਂ ਇਲਾਜ ਕਰਨਾ ਸੀ, ਆਯੁਰਵੇਦ ਤੋਂ ਸੇਧ ਲੈ ਕੇ ਇਲਾਜ ਕਰਨਾ ਸੀ, ਮਾਡਰਨ ਮੈਡੀਕਲ ਸਾਇੰਸ ਦੇ ਕਿਸੇ ਹੋਰ ਤਕੜੇ ਅਦਾਰੇ ਜਾਂ ਡਾਕਟਰ ਕੋਲੇ ਜਾਣਾ ਸੀ-ਇਨ੍ਹਾਂ ਗੱਲਾਂ ਦੀ ਕੋਈ ਤੁਕ ਨਹੀਂ ਰਹਿ ਜਾਂਦੀ।

ਮੁਸਲਿਮ ਜਗਤ ਦੀਆਂ ਕਹਾਣੀਆਂ 'ਚ ਇੱਕ ਬੜਾ ਤਕੜਾ ਵੈਦ ਹੋਇਆ ਅਰਬੀ ਰੇਗਿਸਤਾਨ 'ਚ, ਜਿਸਦਾ ਨਾਮ ਸੀ 'ਹਕੀਮ ਲੁਕਮਾਨ'। ਜਦੋਂ ਉਹਦਾ ਆਖਰੀ ਸਮਾਂ ਆਇਆ ਤਾਂ ਉਸਨੂੰ ਆਵਦੇ ਨਾਲ ਲਿਜਾਣ ਲਈ ਕਾਲ ਨੇ ਇੱਕ ਵਿਧ ਬਣਾਈ, ਜਿਸ ਕਰਕੇ ਉਸਨੂੰ loose motions ਲੱਗੇ ਤੇ dehydrate ਹੋ ਕੇ ਉਹ ਬਹੁਤ ਕਮਜ਼ੋਰ ਅਵਸਥਾ 'ਚ ਮੌਤ ਦੀ ਦਹਿਲੀਜ਼ ਤੇ ਖੜ੍ਹਾ ਕਰ'ਤਾ। ਉਹਦੇ ਚੇਲੇ ਵੱਖੋ-ਵੱਖਰੀਆਂ ਸਲਾਹਾਂ, ਜੜ੍ਹੀ ਬੂਟੀਆਂ ਤੇ ਵੈਦਾਂ ਬਾਰੇ ਗੱਲ ਕਰ ਰਹੇ ਸੀ। ਜਦ ਲੁਕਮਾਨ ਨੇ ਉਨ੍ਹਾਂ ਚੇਲਿਆਂ ਨੂੰ ਪੁੜੀ 'ਚ ਬੰਨ੍ਹ ਕੇ ਇੱਕ ਭਸਮ ਦਿੱਤੀ ਤੇ ਕਿਹਾ ਜਿਸ ਜਗ੍ਹਾ ਦਰਿਆ ਇੱਕ ਵੱਡੇ ਝਰਨੇ ਦੇ ਰੂਪ ਚ ਸੈਂਕੜੇ ਮੀਟਰ ਥੱਲੇ ਡਿੱਗਦਾ, ਉੱਥੇ ਜਾ ਕੇ ਇਹ ਪੁੜੀ ਖੋਲ੍ਹ ਕੇ ਭਸਮ ਦਰਿਆ 'ਚ ਸਿੱਟ ਦਿਉ। ਚੇਲਿਆਂ ਨੇ ਉਵੇਂ ਹੀ ਕੀਤਾ ਤੇ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ, ਜਦ ਪਲਕ ਝਪਕਦੇ ਹੀ ਚੁਟਕੀ ਭਰ ਭਸਮ ਨਾਲ ਠਾਠਾਂ ਮਾਰਦਾ ਦਰਿਆ ਸ਼ਾਂਤ ਚਿੱਤ ਹੋ ਕੇ ਬਰਫ ਦੇ ਰੂਪ ਵਿਚ ਉੱਥੇ ਹੀ ਖੜ੍ਹ ਗਿਆ। ਫਿਰ ਚੇਲਿਆਂ ਨੂੰ ਆਵਦੇ ਉਸਤਾਦ ਦੀ ਗੱਲ ਸਮਝ ਆਈ ਕਿ ਮੱਥੇ 'ਤੇ ਲਿਖੇ ਲੇਖ ਕਦੇ ਵੀ ਬਦਲੇ ਨਹੀਂ ਜਾ ਸਕਦੇ। ਜਿਸਨੇ ਜਿਸ ਸਮੇਂ, ਜਿਸ ਜਗ੍ਹਾ, ਜਿਸ ਨਾਲ, ਜਿਸ ਕਰਕੇ ਚਲੇ ਜਾਣਾ ਉਹਨੂੰ ਕਦੇ ਵੀ ਰੋਕਿਆ ਨਹੀਂ ਜਾ ਸਕਦਾ।






---

ਇੱਕ ਸ਼ਾਨਦਾਰ ਨੌਜਵਾਨ ਦੀ ਬੇਵਕਤੀ ਮੌਤ ਦਾ ਕਿਸ ਨੂੰ ਦੁੱਖ ਨਹੀਂ! ਉਸਦਾ ਮੁਸਕਰਾਉਂਦਾ ਚਿਹਰਾ ਵੇਖ ਕੇ ਹੀ ਕਲੇਜੇ ਨੂੰ ਧੂਹ ਪੈਂਦੀ ਹੈ। ਪਰ ਕੀ ਤੁਹਾਡਾ ਸਾਰਾ ਗੁੱਸਾ ਪਸ਼ੂਆਂ 'ਤੇ ਕੱਢਣਾ ਜਾਇਜ਼ ਹੈ? 'ਅਵਾਰਾ ਪਸ਼ੂ' ਇਹ ਕਹਿ ਕੇ ਤੁਹਾਡਾ ਕਥਾਰਸਿਜ਼ ਹੁੰਦਾ ਹੈ, ਪਰ ਇਹ ਵੀ ਤਾਂ ਸੋਚੋ, ਉਨ੍ਹਾਂ ਨੂੰ ਅਵਾਰਾ ਬਣਾਇਆ ਕਿਸੇ ਨੇ? ਅਸੀਂ ਇਨਸਾਨਾਂ ਨੇ। ਸਾਨੂੰ ਗੁੱਸਾ ਹੈ ਕਿ ਉਹ ਸਾਡੀਆਂ ਸੜਕਾਂ 'ਤੇ ਆਣ ਚੜ੍ਹਦੇ ਨੇ। ਪਰ ਇਹ ਵੀ ਨਾ ਭੁੱਲੋ ਕਿ ਅਸੀਂ ਸੜਕਾਂ ਕੱਢੀਆਂ ਹੀ ਉਨ੍ਹਾਂ ਦੇ ਘਰਾਂ ਵਿਚ ਦੀ ਨੇ। ਜਦੋਂ ਅਸੀਂ ਕਲੋਨੀਆਂ ਕੱਟ-ਕੱਟ ਜੰਗਲ-ਬੇਲੇ ਹੀ ਮੁਕਾ ਛੱਡੇ, ਉਹ ਜਾਣਗੇ ਵੀ ਕਿੱਥੇ? ਸੜਕਾਂ 'ਤੇ ਹੀ ਆਉਣਗੇ। ਤੁਸੀਂ ਉਨ੍ਹਾਂ ਨੂੰ ਘਰ ਦੇ ਦਿਓ, ਉਹ ਨਹੀਂ ਆਉਂਦੇ ਤੁਹਾਡੀਆਂ ਸੜਕਾਂ 'ਤੇ!

ਕਿੰਨਾ ਪਖੰਡ ਹੈ ਇਹ! ਅਸੀਂ ਉਨ੍ਹਾਂ ਪਸ਼ੂਆਂ ਨੂੰ ਪਾਲਦੇ ਹਾਂ, ਜੋ ਸਾਡੇ ਕੰਮ ਦੇ ਨੇ। ਜੋ ਸਾਡੇ ਕੰਮ ਦੇ ਨਹੀਂ, ਉਹ ਸਾਡੇ ਲਈ ਅਵਾਰਾ ਨੇ। ਇਹ ਅਸੀਂ ਹੀ ਤਾਂ ਹਾਂ ਜੋ ਇਨ੍ਹਾਂ ਗਊਆਂ ਨੂੰ ਉਦੋਂ ਸੜਕਾਂ 'ਤੇ ਛੱਡ ਦਿੰਦੇ ਹਾਂ, ਜਦੋਂ ਉਹ ਫੰਡਰ ਹੋ ਜਾਂਦੀਆਂ ਹਨ। ਕੀ ਤੁਹਾਨੂੰ ਇਹ ਸੋਚ ਜਾਇਜ਼ ਲੱਗਦੀ ਹੈ?

**ਕੀ ਤੁਹਾਨੂੰ ਪਤਾ ਹੈ, ਪਿਛਲੇ ਸਾਲਾਂ ਵਿਚ ਕਿੰਨੇ ਜੰਗਲ ਸਰਕਾਰਾਂ ਨੇ ਅਦਾਨੀ-ਅੰਬਾਨੀਆਂ ਨੂੰ ਦਿੱਤੇ ਨੇ ਤਾਂ ਕਿ ਉਹ ਓਥੇ ਫੈਕਟਰੀਆਂ ਲਾ ਸਕਣ! ਕੀ ਤੁਸੀਂ ਉਦੋਂ ਇਹ ਸਵਾਲ ਕੀਤਾ ਸੀ, ਉੱਥੇ ਰਹਿਣ ਵਾਲੇ ਹਜ਼ਾਰਾਂ ਜਾਨਵਰ ਕਿੱਥੇ ਜਾਣਗੇ! ਜਦੋਂ ਤੁਸੀਂ ਵੱਡੇ-ਵੱਡੇ ਹਾਈਵੇ ਵੇਖ ਖੁਸ਼ ਹੁੰਦੇ ਹੋ, ਕਦੇ ਨਹੀਂ ਸੋਚਦੇ ਕਿ ਇਨ੍ਹਾਂ 'ਤੇ ਆ ਸਕਣ ਵਾਲੇ ਜਾਨਵਰ ਵੀ ਹੁਣ ਸ਼ਹਿਰਾਂ 'ਤੇ ਪਿੰਡਾਂ ਦੀਆਂ ਸੜਕਾਂ 'ਤੇ ਆ ਜਾਣਗੇ। ਹਿੰਦੂ ਸੰਗਠਨਾਂ ਦੀ ਨਿੰਦਾ ਕਰ ਕੇ ਵੀ ਕੁੱਝ ਨਹੀਂ ਹੋਣਾ। ਸਗੋਂ ਸ਼ੁਕਰ ਕਰੋ ਕਿ ਉਨ੍ਹਾਂ ਨੇ ਧਰਮ ਜਾਂ ਪੁੰਨ ਦੇ ਨਾਂ 'ਤੇ ਗਊਸ਼ਾਲਾਵਾਂ ਬਣਾ ਕੇ ਘੱਟੋ-ਘੱਟ ਇੱਕ ਜੀਵ-ਪ੍ਰਜਾਤੀ ਤਾਂ ਥੋੜ੍ਹੀ ਬਹੁਤ ਸਾਂਭ ਲਈ। ਬਾਕੀ ਤੁਸੀਂ ਸਾਂਭ ਲਵੋ। ਕਿੰਨੇ ਕੁੱਤੇ ਵੀ ਨੱਸੇ ਫਿਰਦੇ ਨੇ ਸੜਕਾਂ 'ਤੇ। ਉਨ੍ਹਾਂ ਕਰਕੇ ਵੀ ਬਥੇਰੇ ਹਾਦਸੇ ਹੁੰਦੇ ਨੇ। ਪਰ ਵੇਖੀ ਹੈ ਕਦੇ ਕਿਸੇ ਨੇ ਕੋਈ ਕੁੱਤ-ਸ਼ਾਲਾ!**

**ਪਾਲੀ ਭੁਪਿੰਦਰ ਸਿੰਘ**

ਬਹੁਤ ਇਨਸਾਨ ਵੀ ਸੜਕਾਂ 'ਤੇ ਅਵਾਰਾ ਪਸ਼ੂਆਂ ਵਾਂਗ ਹੀ ਨੱਸੇ ਫਿਰਦੇ ਨੇ ਜਨਾਬ! ਪੁੱਠੇ-ਸਿੱਧੇ ਕੱਟ ਮਾਰਦੇ 'ਤੇ ਗਲਤ ਮੋੜ ਮੁੜਦੇ ਨੇ। ਸ਼ਰਾਬ ਪੀ ਕੇ ਗੱਡੀਆਂ ਚਲਾਉਂਦੇ 'ਤੇ ਰੇਸਾਂ ਲਾਉਂਦੇ ਨੇ। ਉਨ੍ਹਾਂ ਕਰਕੇ ਵੀ ਬਹੁਤ ਹਾਦਸੇ ਹੁੰਦੇ ਨੇ। ਕਿਸਮਤ ਹੀ ਹੁੰਦੀ ਹੈ ਕਿ ਉਸ ਸਮੇਂ ਅਸੀਂ ਉਸ ਥਾਂ 'ਤੇ ਨਹੀਂ ਹੁੰਦੇ। ਰਾਜਬੀਰ ਵਿਚਾਰੇ ਦੀ ਇਹ ਬਦਕਿਸਮਤੀ ਸੀ ਕਿ ਇੱਕ ਅਜਿਹੇ ਸਮੇਂ ਅਜਿਹੀ ਥਾਂ ਤੋਂ ਲੰਘ ਰਿਹਾ ਸੀ।

ਹਾਂ, ਸੜਕੀ ਅੱਤਵਾਦ ਬਹੁਤ ਭਿਆਨਕ ਹੈ ਪਰ ਇਸਨੂੰ ਰੋਕਣਾ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ। ਸਰਕਾਰਾਂ ਰੋਡ-ਟੈਕਸ ਲੈ ਕੇ 'ਰੋਡ' ਬਣਾ ਦੇਣ, ਇੰਨਾ ਹੀ ਕਾਫੀ ਹੈ। ਪਰ ਕਰੋੜਾਂ ਜਾਨਵਰਾਂ ਨੂੰ ਸੜਕਾਂ 'ਤੇ ਆ ਜਾਣ ਤੋਂ ਰੋਕ ਲੈਣਾ, ਇਹ ਸ਼ਾਇਦ ਤਾਂ ਹੀ ਸੰਭਵ ਹੈ ਕਿ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ ਤੇ ਅਸੀਂ ਸਾਰੀ ਧਰਤੀ ਦੇ ਇਕੱਲੇ ਮਾਲਕ ਹੋ ਜਾਈਏ। ਜਾਂ ਇਹ ਇੱਕ ਚੋਣ ਹੈ ਕਿ ਅਸੀਂ ਆਪਣੇ ਪਸਾਰ ਉੱਤੇ ਕੰਟਰੋਲ ਕਰ ਲਈਏ ਤੇ ਉਨ੍ਹਾਂ ਲਈ ਵੀ ਕੁੱਝ ਜੰਗਲ-ਬੇਲੇ ਛੱਡ ਦੇਈਏ।

ਪਰ ਪਤਾ ਇਹ ਤੁਹਾਨੂੰ ਵੀ ਹੈ 'ਤੇ ਮੈਨੂੰ ਵੀ, ਸਾਡੀ ਚੋਣ ਸ਼ਰਤੀਆ ਪਹਿਲੀ ਹੋਵੇਗੀ। ਕਿਹਾ ਨਾ, ਇਨਸਾਨ ਕੁਦਰਤ ਦੀ ਸਭ ਤੋਂ ਕਮੀਨੀ ਔਲਾਦ ਹੈ।



---

ਜਦੋਂ ਸਰਵਾਈਕਲ ਜਾਂ ਥੋਰੇਸਿਕ ਸਪਾਈਨ ਟੁੱਟਦੀ ਜਾਂ ਡਿਸਲੋਕੇਸ਼ਨ ਹੁੰਦੀ ਆ, ਉਦੋਂ ਬਾਡੀ ਦੇ ਵਿਚ ਕੀ-ਕੀ ਬਦਲਾਅ ਆਉਂਦੇ ਨੇ। ਖਾਸ ਕਰ ਜਦੋਂ ਸਰਵਾਈਕਲ ਸਪਾਈਨ ਟੁੱਟਦੀ ਆ। ਮੇਰੇ ਪਿਛਲੇ 20 ਸਾਲਾਂ ਦੇ ਤਜਰਬੇ ਵਿਚ, ਮੈਂ ਬੇਸ਼ੁਮਾਰ ਮਰੀਜ਼ ਵੇਖੇ ਨੇ, ਜਿਨ੍ਹਾਂ ਦੀਆਂ ਸਰਵਾਈਕਲ (Cervical Spine) ਜਾਂ ਥੋਰੇਸਿਕ (Thoracic Spine) ਹੱਡੀਆਂ ਟੁੱਟ ਗਈਆਂ, ਟੁੱਟਣ ਵਾਲਾ ਹਾਦਸਾ ਤਾਂ ਬਹੁਤ ਵੱਡਾ ਹੁੰਦਾ। ਜੇ ਸਰਵਾਈਕਲ ਸਪਾਈਨ ਹਿੱਲ-ਜੁੱਲ

**ਡਾ. ਕਮਲਜੀਤ ਸਿੰਘ**

ਵੀ ਹੋ ਜਾਵੇ ਨਾ, ਬਹੁਤ ਪ੍ਰੋਬਲਮ ਕ੍ਰੀਏਟ ਕਰ ਦਿੰਦਾ।

ਹਾਂ ਜਿਨ੍ਹਾਂ ਨੂੰ ਸਰਵਾਈਕਲ ਕਰਕੇ ਚੱਕਰ 'ਤੇ ਸਿਰ ਦਰਦ ਰਹਿੰਦਾ, ਉਨ੍ਹਾਂ ਨੂੰ ਪੁੱਛ ਕੇ ਦੇਖ ਲਿਓ। ਸਿਰਫ 1% ਡਿਸਲੋਕੇਸ਼ਨ ਹੋਈ ਹੁੰਦੀ ਸਰਵਾਈਕਲ ਦੇ ਵਿਚ, ਔਰ ਜਵੰਦੇ ਦੀਆਂ ਹੱਡੀਆਂ ਟੁੱਟੀਆਂ ਸੀ ਸਰਵਾਈਕਲ ਦੀਆਂ, ਜੋ ਅਜੇ ਦੱਸਿਆ ਨਹੀਂ ਗਿਆ।

ਇਹ ਰੀੜ੍ਹ ਦੀਆਂ ਹੱਡੀਆਂ ਸਾਡੇ ਸਰੀਰ ਦਾ ਮੁੱਖ ਸਹਾਰਾ ਨੇ। ਜੇ ਇਨ੍ਹਾਂ ਵਿਚ ਜਰਾ ਜਿਹਾ ਵੀ ਫ੍ਰੈਕਚਰ ਜਾਂ ਡਿਸਲੋਕੇਸ਼ਨ ਹੋ ਜਾਵੇ ਤਾਂ ਸਰੀਰ ਦੇ ਬਹੁਤ ਸਾਰੇ ਹਿੱਸੇ ਫੰਕਸ਼ਨ ਕਰਨਾ ਬੰਦ ਕਰ ਦਿੰਦੇ ਹਨ। ਸਾਡੇ ਕੋਲੇ ਮੌਜੂਦਾ ਸਮੇਂ 'ਚ ਵੀ ਦੋ ਕੇਸ ਚੱਲ ਰਹੇ ਨੇ, ਜਿਨ੍ਹਾਂ ਦੇ ਸਿਰਫ ਕੁਝ ਐਮ.ਐਮ ਵਰਟੀਵਰਾ (ਮਣਕੇ) ਸਰਵਾਈਕਲ ਦੇ ਹਿੱਲ-ਜੁਲ ਹੋਏ ਨੇ। ਦੋਨਾਂ ਨੂੰ ਗੱਡੀ ਤੋਂ ਮੇਰੇ ਬੈੱਡ ਤੱਕ ਪੰਜ ਮਿੰਟ ਲੱਗ ਜਾਂਦੇ ਨੇ ਆਉਣ ਨੂੰ ਫੜ ਕੇ ਲਿਆਉਣਾ ਪੈਂਦਾ। ਨਾ ਹੱਥਾਂ 'ਚ ਪ੍ਰੋਪਰ ਜਾਨ ਆ, ਨਾ ਪੈਰਾਂ 'ਚ।

ਖ਼ਾਸ ਤੌਰ 'ਤੇ ਸਰਵਾਈਕਲ ਸਪਾਈਨ, ਜਿਸ ਵਿਚੋਂ ਰੀੜ੍ਹ ਦੀ ਹੱਡੀ ਦੇ ਨਾਲ-ਨਾਲ ਆਕਸੀਜਨ ਅਤੇ ਖ਼ੂਨ ਦਾ ਸਰਕੂਲੇਸ਼ਨ ਦਿਮਾਗ ਵੱਲ ਜਾਂਦਾ ਹੈ। ਉਦਾਹਰਨ ਦੇ ਤੋਰ 'ਤੇ- ਜਦੋਂ ਕਿਸੇ ਵਿਅਕਤੀ ਨੂੰ ਫਾਂਸੀ ਦਿੱਤੀ ਜਾਂਦੀ ਹੈ, ਤਾਂ ਉਸਦੀ ਮੌਤ ਗਲਾ ਘੁੱਟਣ ਨਾਲ ਨਹੀਂ ਹੁੰਦੀ। ਫਾਂਸੀ ਦੇ ਸਮੇਂ ਜਦੋਂ ਰੱਸੀ ਦਾ ਝਟਕਾ ਗਰਦਨ 'ਤੇ ਪੈਂਦਾ ਤਾਂ ਸਰਵਾਈਕਲ ਸਪਾਈਨ (ਰੀੜ੍ਹ ਦੀ ਉੱਪਰੀ ਹੱਡੀ) ਦਾ ਪੁਆਇੰਟ ਟੁੱਟ ਜਾਂਦਾ ਆ। ਇਸ ਨਾਲ ਸਪਾਈਨਲ ਕੋਰਡ ਕੱਟ ਜਾਂਦੀ ਆ ਤੇ ਦਿਮਾਗ ਨੂੰ ਆਕਸੀਜਨ ਜਾਣੀ ਤੁਰੰਤ ਰੁਕ ਜਾਂਦੀ ਆ। ਨਾ ਸਾਹ ਆਉਂਦਾ, ਨਾ ਹਿਲ-ਜੁੱਲ ਰਹਿੰਦੀ ਤੇ ਬੰਦਾ ਕੁੱਝ ਸਕਿੰਟਾਂ ਵਿਚ ਬੇਹੋਸ਼ ਹੋ ਕੇ ਮਰ ਜਾਂਦਾ। ਇਸ ਲਈ ਫਾਂਸੀ ਦੀ ਮੌਤ ਗਲਾ ਘੁੱਟਣ ਨਾਲ ਨਹੀਂ, ਸਰਵਾਈਕਲ ਸਪਾਈਨ ਟੁੱਟਣ ਨਾਲ ਹੁੰਦੀ ਹੈ, ਜੋ ਜਵੰਦੇ ਦੇ ਕੇਸ ਵਿਚ ਹੋਇਆ। ਜੇ Cervical Spine ਦੀ ਥਾਂ ਟੁੱਟ ਜਾਂਦੀ ਜਾਂ ਦਬਾਅ ਆ ਜਾਂਦਾ ਤਾਂ ਬ੍ਰੇਨ ਨੂੰ ਆਕਸੀਜਨ ਪਹੁੰਚਣੀ ਰੁਕ ਜਾਂਦੀ।

ਇਸ ਕਰਕੇ ਕੁੱਝ ਸੈਕਿੰਡਾਂ ਵਿਚ ਹੀ ਹੱਥਾਂ-ਪੈਰਾਂ ਦੀ ਮੂਵਮੈਂਟ ਰੁਕ ਜਾਂਦੀ ਆ। ਬੰਦਾ ਬੋਲਣਾ, ਹਿਲਣਾ-ਡੁੱਲਣਾ ਜਾਂ ਸਾਹ ਲੈਣਾ ਤੱਕ ਬੰਦ ਕਰ ਦਿੰਦਾ। ਜਵੰਦੇ ਦੇ ਕੇਸ ਵਿਚ ਵੀ ਇਹੀ ਓ ਹੋਇਆ, ਜੋ ਕਿ ਬਹੁਤ ਕ੍ਰਿਟੀਕਲ ਕੰਡੀਸ਼ਨ ਵਿਚ ਸੀ। ਮੇਰੇ ਕਈ ਮਰੀਜ਼ਾਂ ਦੇ ਜਦੋਂ ਸਰਵਾਈਕਲ ਪੁਆਇੰਟ 'ਤੇ ਡਿਸਲੋਕੇਸ਼ਨ ਜਾਂ ਟੁੱਟ ਜਾਂਦੀ ਆ ਤਾਂ ਉਨ੍ਹਾਂ ਦੇ ਹੱਥ-ਪੈਰ ਸਖ਼ਤ ਹੋ ਗਏ, ਨਰਵ ਬਲਾਕ ਹੋ ਗਏ ਤੇ ਸਰੀਰ ਦਾ ਹਿੱਸਾ ਕੰਮ ਕਰਨਾ ਬੰਦ ਕਰ ਗਿਆ।

ਐਸੀ ਸਥਿਤੀ ਵਿਚ ਬਚਣ ਦੇ ਚਾਂਸ ਸਿਰਫ਼ 1% ਰਹਿ ਜਾਂਦੇ ਨੇ, ਕਿਉਂਕਿ ਬ੍ਰੇਨ ਨੂੰ ਆਕਸੀਜਨ ਨਹੀਂ ਮਿਲਦੀ, ਅਤੇ ਰੀੜ੍ਹ ਦੀ ਹੱਡੀ ਦੇ ਕੱਟਣ ਨਾਲ ਸਰੀਰ ਦਾ ਸਿਸਟਮ ਫੇਲ੍ਹ ਹੋ ਜਾਂਦਾ ਹੈ। ਰਾਜਵੀਰ ਜਵੰਦਾ ਦੇ ਕੇਸ ਵਿਚ ਵੀ ਇਹੀ ਹੋਇਆ। ਉਨ੍ਹਾਂ ਦੀ ਸਰਵਾਈਕਲ ਤੇ ਥੋਰੇਸਿਕ ਸਪਾਈਨ ਦੇ ਖੇਤਰ ਵਿਚ ਗੰਭੀਰ ਚੋਟ ਆਈ। ਜਿਸ ਕਰਕੇ ਉਨ੍ਹਾਂ ਦੇ ਸਰੀਰ ਦਾ ਕੰਟਰੋਲ ਰੁਕ ਗਿਆ ਤੇ ਆਕਸੀਜਨ ਦਾ ਸਰਕੂਲੇਸ਼ਨ ਦਿਮਾਗ ਤੱਕ ਨਹੀਂ ਪਹੁੰਚ ਸਕਿਆ। ਜੋ ਜਵੰਦੇ ਦੀ ਮੌਤ ਦਾ ਕਾਰਨ ਬਣਿਆ।

ਰਾਜਵੀਰ ਜਵੰਦਾ, ਇੱਕ ਨਾਮ ਜੋ ਸਿਰਫ਼ ਸੰਗੀਤ ਤੱਕ ਸੀਮਤ ਨਹੀਂ ਸੀ। ਇੱਕ ਭਾਵਨਾ, ਇੱਕ ਪ੍ਰੇਰਣਾ, ਤੇ ਪੰਜਾਬੀ ਮਾਣ ਦਾ ਪ੍ਰਤੀਕ ਸੀ। ਮੁੰਡਾ ਗਾਉਣ ਦੇ ਨਾਲ-ਨਾਲ ਸੁਨੱਖਾ ਵੀ ਸੀ। ਗਾਣਿਆਂ ਵਿਚ ਸੁਰ ਵੀ ਸੀਗਾ, ਸੁਰੀਲਾ ਸੀਗਾ। 27 ਸਤੰਬਰ, 2025 ਨੂੰ ਬੱਦੀ (ਹਿਮਾਚਲ ਪ੍ਰਦੇਸ਼) ਵਿਚ ਉਨ੍ਹਾਂ ਦਾ ਹਾਦਸਾ ਹੋਇਆ ਤੇ 8 ਅਕਤੂਬਰ 2025 ਦੀ ਸਵੇਰੇ, ਉਹ ਕੁਦਰਤ ਦੇ ਦਰ 'ਤੇ ਚਲੇ ਗਏ। ਉਨ੍ਹਾਂ ਦੀ ਹੱਸਦੀ ਸ਼ਕਲ, ਮਿੱਠੀ ਬੋਲੀ ਤੇ ਆਵਾਜ਼ ਸਦਾ ਸਾਡੇ ਦਿਲਾਂ ਵਿਚ ਵੱਸਦੀ ਰਹੇਗੀ। ਉਨ੍ਹਾਂ ਦੇ ਗਾਣੇ ਸਿਰਫ਼ ਧੁਨ ਨਹੀਂ, ਇਹ ਸਾਡੇ ਜਜ਼ਬਾਤ, ਸਾਡਾ ਮਾਣ, ਸਾਡਾ ਪੰਜਾਬ ਨੇ। ਹਰ ਗੀਤ ਵਿਚ ਰਾਜਵੀਰ ਦੀ ਆਤਮਾ ਬੋਲਦੀ ਆ ਤੇ ਹਮੇਸ਼ਾ ਬੋਲਦੀ ਰਹੂਗੀ। ਕਦੇ ਮਾਂ ਦੀ ਮਮਤਾ ਵਾਂਗ, ਕਦੇ ਪ੍ਰੇਮ ਦੀ ਸਾਦਗੀ ਵਾਂਗ, ਕਦੇ ਮਾਣ ਦੀ ਗੂੰਜ ਵਾਂਗ।

ਇੱਕ ਡਾਕਟਰ ਹੋਣ ਦੇ ਨਾਤੇ, ਮੈਂ ਜਾਣਦਾ ਹਾਂ ਕਿ ਕਿੰਨਾ ਦਰਦ ਹੁੰਦਾ ਹੈ, ਜਦੋਂ ਸਰੀਰ ਦੀਆਂ ਰੀੜ੍ਹ ਦੀਆਂ ਹੱਡੀਆਂ ਟੁੱਟਣ ਲੱਗਦੀਆਂ ਨੇ। ਪਰ ਤੁਸੀਂ ਤਾਂ ਉਹ ਸੁਰ ਸੀ ਜੋ ਕਦੇ ਖ਼ਾਮੋਸ਼ ਨਹੀਂ ਹੋ ਸਕਦਾ। ਤੁਹਾਡਾ ਸਰੀਰ ਸ਼ਾਂਤ ਹੋ ਗਿਆ, ਪਰ ਤੁਹਾਡੀ ਆਵਾਜ਼, ਤੁਹਾਡਾ ਸੰਗੀਤ ਤੇ ਤੁਹਾਡੀ ਸੋਹਣੀ ਹਾਸੀ ਸਦਾ ਲਈ ਜਿਉਂਦੀ ਰਹੇਗੀ। 'ਸੁਰ ਤਾਂ ਰੁਕ ਸਕਦੇ ਨੇ, ਪਰ ਸੁਰਾਂ ਦੀਆਂ ਲਹਿਰਾਂ ਕਦੇ ਨਹੀਂ ਮਰਦੀਆਂ।'

ਰੱਬ ਤੁਹਾਡੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ, ਤੇ ਸਾਡੇ ਦਿਲਾਂ ਵਿਚ ਤੁਹਾਡਾ ਨਾਮ ਸਦਾ ਜਗਦਾ ਰਹੇ।




# ਆਪ ਜੀ ਅਤੇ ਆਪ ਦੇ ਪਰਿਵਾਰ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ

# ਲੱਖ ਲੱਖ ਵਧਾਈਆਂ

ਜਦੋਂ ਅਸੀਂ ਆਪਣੇ ਅੰਦਰ ਦੀ ਰੌਸ਼ਨੀ ਜਗਾਉਂਦੇ ਹਾਂ ਤੇ ਹੋਰਾਂ ਦੀ ਜ਼ਿੰਦਗੀ ਵਿਚ ਵੀ ਚਾਨਣ ਕਰਦੇ ਹਾਂ, ਤਦ ਅਸੀਂ ਸੱਚੇ ਅਰਥਾਂ ਵਿਚ ਦੀਵਾਲੀ ਮਨਾਉਂਦੇ ਹਾਂ। ਆਓ! ਸਾਰੇ ਰਲ਼ ਕੇ ਇਹ ਪ੍ਰਣ ਕਰੀਏ ਕਿ ਇਹ ਦੀਵਾਲੀ ਸਿਰਫ਼ ਘਰਾਂ ਦੀ ਨਹੀਂ, ਸਗੋਂ ਦਿਲਾਂ ਦੀ ਰੌਸ਼ਨੀ ਹੋਵੇ, ਤੇ ਹਰ ਬੰਦੀ ਛੋੜ ਦਿਵਸ ਸਾਨੂੰ ਮਨੁੱਖਤਾ ਦੀ ਆਜ਼ਾਦੀ ਦੀ ਯਾਦ ਦਿਵਾਵੇ।



## ਵੱਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਧਾਲੀਵਾਲ ਪਰਿਵਾਰ